ਸ਼ੁੱਕਰਵਾਰ, 12 ਸਤੰਬਰ, 2025
28 ਭਾਦੋਂ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 102

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • FRIDAY, 12 SEPTEMBER, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਸੀ ਪੀ ਆਈ ਦੀ 25ਵੀਂ ਕਾਂਗਰਸ ਪੰਜਾਬ ਤੇ ਦੇਸ਼ ਦੇ ਲੋਕਾਂ ਨੂੰ ਨਵੀਂ ਸੇਧ ਦੇਵੇਗੀ

## 21 ਨੂੰ ਮੁਹਾਲੀ 'ਚ ਵੱਡੀ ਰੈਲੀ, 22 ਤੋਂ 25 ਤੱਕ ਚੰਡੀਗੜ੍ਹ 'ਚ ਮਹਾਂ-ਸੰਮੇਲਨ

**ਚੰਡੀਗੜ੍ਹ (ਰੈਕਟਰ ਕਥੂਰੀਆ)**

ਭਾਰਤੀ ਕਮਿਊਨਿਸਟ ਪਾਰਟੀ (ਸੀ ਪੀ ਆਈ) ਆਪਣੀ 25ਵੀਂ ਪਾਰਟੀ ਕਾਂਗਰਸ ਚੰਡੀਗੜ੍ਹ ਵਿੱਚ ਜੋਸ਼ੋ-ਖਰੋਸ਼ ਨਾਲ ਕਰ ਰਹੀ ਹੈ। ਹੜ੍ਹਾਂ ਮਾਰੇ ਪੰਜਾਬ ਦੇ ਲੋਕਾਂ ਨੇ ਸਾਰੀਆਂ ਦਿੱਕਤਾਂ ਅਤੇ ਔਕੜਾਂ ਦੇ ਬਾਵਜੂਦ ਇਸ ਕਨਵੈਨਸ਼ਨ ਦੀ ਤਿਆਰੀ ਦੇ ਜੋਸ਼ ਨੂੰ ਮੱਠਾ ਨਹੀਂ ਪੈਣ ਦਿੱਤਾ। ਚਿਰਾਂ ਤੋਂ ਉਡੀਕਿਆ ਜਾ ਰਿਹਾ ਇਹ ਸਮਾਗਮ 21 ਸਤੰਬਰ ਦੀ ਸਵੇਰ ਮੁਹਾਲੀ ਵਿੱਚ ਇੱਕ ਵੱਡੀ ਰੈਲੀ ਨਾਲ ਸ਼ੁਰੂ ਹੋਵੇਗਾ। ਉਸੇ ਸ਼ਾਮ ਸਮਾਗਮ ਦਾ ਸਥਾਨ ਚੰਡੀਗੜ੍ਹ ਦੇ ਕਿਸਾਨ ਭਵਨ ਵੱਲ ਤਬਦੀਲ ਹੋਵੇਗਾ ਅਤੇ 25 ਸਤੰਬਰ ਤੱਕ ਜਾਰੀ ਰਹੇਗਾ। ਇਸ ਸਮਾਗਮ ਨੇ ਆਉਂਦੇ ਸਮੇਂ ਲਈ ਪੰਜਾਬ ਅਤੇ ਦੇਸ਼ ਦੇ ਲੋਕਾਂ ਨੂੰ ਇੱਕ ਨਵੀਂ ਸੇਧ ਦੇਣੀ ਹੈ। ਇਸ ਇਤਿਹਾਸਕ ਸਮਾਗਮ ਦਾ ਉਦਘਾਟਨੀ ਸੈਸ਼ਨ 22 ਸਤੰਬਰ ਨੂੰ ਕਿਸਾਨ ਭਵਨ, ਚੰਡੀਗੜ੍ਹ ਵਿੱਚ ਹੋਵੇਗਾ। ਸਾਰੇ ਪ੍ਰੈੱਸ ਮੀਡੀਆ ਦੇ ਮੈਂਬਰਾਂ ਨੂੰ ਇੱਥੇ ਸਤਿਕਾਰ ਸਹਿਤ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ ਹੈ।




ਇਹ ਐਲਾਨ ਚੰਡੀਗੜ੍ਹ ਪ੍ਰੈੱਸ ਕਲੱਬ ਵਿੱਚ ਹੋਈ ਪ੍ਰੈੱਸ ਕਾਨਫਰੰਸ ਦੌਰਾਨ ਕੀਤਾ ਗਿਆ। ਕਾਨਫਰੰਸ ਨੂੰ ਸੀ ਪੀ ਆਈ ਦੀ ਕੌਮੀ ਸਕੱਤਰ ਅਮਰਜੀਤ ਕੌਰ, ਰਿਸੈਪਸ਼ਨ ਕਮੇਟੀ ਦੇ ਜਨਰਲ ਸਕੱਤਰ ਤੇ ਸੀ ਪੀ ਆਈ ਪੰਜਾਬ ਦੇ ਸਕੱਤਰ ਬੰਤ ਸਿੰਘ ਬਰਾੜ ਅਤੇ ਰਿਸੈਪਸ਼ਨ ਕਮੇਟੀ ਦੇ ਚੇਅਰਮੈਨ ਡਾ. ਸਵਰਾਜਬੀਰ ਨੇ ਸੰਬੋਧਨ ਕੀਤਾ। ਇਸ ਮੌਕੇ ਉਨ੍ਹਾ ਨਾਲ ਏਟਕ ਪੰਜਾਬ ਦੇ ਜਨਰਲ ਸਕੱਤਰ ਨਿਰਮਲ ਸਿੰਘ ਧਾਲੀਵਾਲ ਅਤੇ ਹੋਰ ਨੇਤਾ ਵੀ ਮੌਜੂਦ ਸਨ।ਉਹਨਾਂ ਦੱਸਿਆ ਕਿ 25ਵੀਂ ਪਾਰਟੀ ਕਾਂਗਰਸ ਦੇਸ਼ ਅਤੇ ਦੁਨੀਆ ਦੇ ਗੰਭੀਰ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਕਰੇਗੀ।

25ਵੀਂ ਕਾਂਗਰਸ ਵਿਚ ਦੇਸ਼ ਤੇ ਦੁਨੀਆ ਦੇ ਜ਼ਰੂਰੀ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਹੋਵੇਗਾ। ਇਨ੍ਹਾਂ ਵਿਚ ਭਾਰਤ ਦੀ ਲੋਕਤੰਤਰਿਕ ਬੁਨਿਆਦ ਨੂੰ ਖਤਰੇ ਵਿਚ ਪਾਉਣ ਵਾਲੀ ਤਾਨਾਸ਼ਾਹੀ ਰਾਜਨੀਤੀ ਦਾ ਉਭਾਰ, ਬੇਰੁਜ਼ਗਾਰੀ ਤੇ ਕਿਸਾਨੀ ਸੰਕਟ ਦੀ ਗੰਭੀਰਤਾ, ਮਜ਼ਦੂਰ ਹੱਕਾਂ ਦਾ ਖ਼ਾਤਮਾ, ਸਿਹਤ ਤੇ ਸਿੱਖਿਆ ਦਾ ਕਾਰੋਬਾਰੀਕਰਨ ਵਰਗੇ ਮੁੱਦੇ ਸ਼ਾਮਲ ਹੋਣਗੇ। ਦੇਸ਼ ਭਰ ਤੋਂ ਆਏ 800 ਤੋਂ ਵੱਧ ਡੈਲੀਗੇਟਾਂ ਵੱਲੋਂ ਕੇਂਦਰ ਅਤੇ ਰਾਜਾਂ ਦੇ ਅਧਿਕਾਰਾਂ ਦੀ ਕਮਜ਼ੋਰੀ, ਸੰਵਿਧਾਨਕ ਸੰਸਥਾਵਾਂ ਦੀ ਘਾਟ, ਕਾਲੇ ਸਨਅਤੀ ਕਾਨੂੰਨ, ਨਵ-ਉਦਾਰਵਾਦੀ ਨੀਤੀਆਂ ਤੋਂ ਉਠਦੀਆਂ ਵਿਸ਼ਵ ਪੱਧਰੀ ਚੁਣੌਤੀਆਂ, ਹਮਲਾਵਰ ਜੰਗਾਂ, ਕੁਦਰਤੀ ਸਰੋਤਾਂ ਦੀ ਲੁੱਟ, ਗੁਆਂਢੀ ਦੇਸ਼ਾਂ ਨਾਲ ਅਮਨ ਦੀ ਲੋੜ, ਰਾਸ਼ਟਰੀ ਸੁਰੱਖਿਆ ਵਿਚ ਜ਼ਿੰਮੇਵਾਰੀ ਅਤੇ ਪੰਜਾਬ ਤੇ ਉੱਤਰੀ ਭਾਰਤ ਵਿਚ ਹਾਲੀਆ ਹੜ੍ਹਾਂ ਨਾਲ ਸਾਹਮਣੇ • ਬਾਕੀ ਸਫ਼ਾ 2 'ਤੇ

# ਅੰਤਰਮ ਸਰਕਾਰ ਦੀ ਅਗਵਾਈ ਨੂੰ ਲੈ ਕੇ ਨੇਪਾਲ ਦੇ ਅੰਦੋਲਨਕਾਰੀ ਦੋ-ਫਾੜ

## ਮੌਤਾਂ ਦੀ ਗਿਣਤੀ 31 ਹੋਈ, ਜੇਲ੍ਹਾਂ 'ਚੋਂ 15000 ਤੋਂ ਵੱਧ ਕੈਦੀ ਫਰਾਰ, ਝੜਪਾਂ 'ਚ 8 ਕੈਦੀਆਂ ਦੀ ਮੌਤ

**ਕਾਠਮੰਡੂ** : ਨੇਪਾਲ ਵਿੱਚ ਅੰਤਰਿਮ ਸਰਕਾਰ ਦੀ ਅਗਵਾਈ ਨੂੰ ਲੈ ਕੇ ਗੱਲਬਾਤ ਸਿਰੇ ਨਹੀਂ ਚੜ੍ਹੀ। ਸਾਬਕਾ ਚੀਫ ਜਸਟਿਸ ਸੁਸ਼ੀਲਾ ਕਾਰਕੀ ਤੇ ਕਾਠਮੰਡੂ ਦੇ ਮੇਅਰ ਬਾਲੇਂਦਰਾ ਸ਼ਾਹ ਵਿੱਚੋਂ ਕੌਣ ਅੰਤਰਿਮ ਸਰਕਾਰ ਦੀ ਅਗਵਾਈ ਕਰੇਗਾ, ਬਾਰੇ ਸਹਿਮਤੀ ਨਹੀਂ ਬਣ ਸਕੀ ਤੇ ਅੰਦੋਲਨਕਾਰੀ ਦੋ ਫਾੜ ਹੋ ਗਏ। ਫੌਜ ਦੇ ਇੱਕ ਬੁਲਾਰੇ ਨੇ ਗੱਲਬਾਤ ਦੀ ਪੁਸ਼ਟੀ ਕਰਦਿਆਂ ਹੋਰ ਕੋਈ ਵੇਰਵਾ ਨਹੀਂ ਦਿੱਤਾ।

ਕਾਠਮੰਡੂ ਘਾਟੀ ਵਿੱਚ ਚੱਲ ਰਹੇ ਜਨਰਲ ਜ਼ੈੱਡ ਦੇ ਪ੍ਰਦਰਸ਼ਨਾਂ ਵਿੱਚ ਮਰਨ ਵਾਲਿਆਂ ਦੀ ਗਿਣਤੀ 31 ਹੋ ਗਈ ਹੈ। ਇਹ ਜਾਣਕਾਰੀ ਤ੍ਰਿਭਵਨ ਯੂਨੀਵਰਸਿਟੀ ਟੀਚਿੰਗ ਹਸਪਤਾਲ ਦੇ ਫੋਰੈਂਸਿਕ ਮੈਡੀਸਨ ਵਿਭਾਗ ਦੇ ਅਧਿਕਾਰੀਆਂ ਨੇ ਦਿੱਤੀ ਹੈ, ਜਿੱਥੇ ਪੋਸਟਮਾਰਟਮ ਲਈ ਲਾਸ਼ਾਂ ਲਿਆਂਦੀਆਂ ਗਈਆਂ ਹਨ। 'ਦ ਕਾਠਮੰਡੂ ਪੋਸਟ' ਦੀ ਬੁੱਧਵਾਰ ਦੀ ਰਿਪੋਰਟ ਅਨੁਸਾਰ ਹੁਣ ਤੱਕ 25 ਮ੍ਰਿਤਕਾਂ ਦੀ ਪਛਾਣ ਦੀ ਮੁੱਢਲੀ ਪੁਸ਼ਟੀ ਹੋ ਚੁੱਕੀ ਹੈ। ਬਾਕੀ 6 ਵਿਅਕਤੀਆਂ, ਜਿਨ੍ਹਾਂ ਵਿੱਚ ਪੰਜ ਪੁਰਸ਼ ਅਤੇ ਇੱਕ ਔਰਤ ਸ਼ਾਮਲ ਹਨ, ਦੀ ਅਜੇ ਤੱਕ ਪਛਾਣ ਨਹੀਂ ਹੋ ਸਕੀ। ਇਸ ਦੌਰਾਨ ਦ ਕਾਠਮੰਡੂ ਪੋਸਟ ਦੀ ਰਿਪੋਰਟ ਅਨੁਸਾਰ ਸਾਬਕਾ ਨੇਪਾਲੀ ਪ੍ਰਧਾਨ ਮੰਤਰੀ ਖਨਾਲ ਦੀ ਪਤਨੀ ਦੀ ਹਾਲਤ ਇਸ ਸਮੇਂ ਗੰਭੀਰ ਹੈ। ਹਿੰਸਕ ਪ੍ਰਦਰਸ਼ਨਾਂ ਦੌਰਾਨ ਹੋਏ ਇੱਕ ਅਗਜ਼ਨੀ ਹਮਲੇ ਵਿੱਚ ਉਹ ਗੰਭੀਰ ਜ਼ਖਮੀ ਹੋ ਗਈ ਸੀ।

ਹਿੰਸਕ ਪ੍ਰਦਰਸ਼ਨਾਂ ਦੌਰਾਨ ਨੇਪਾਲ ਦੀਆਂ ਦੋ ਦਰਜਨ ਤੋਂ ਵੱਧ ਜੇਲ੍ਹਾਂ ਵਿੱਚੋਂ 15,000 ਤੋਂ ਵੱਧ ਕੈਦੀ ਫਰਾਰ ਹੋ ਗਏ ਹਨ। ਇਸ ਦੌਰਾਨ ਸੁਰੱਖਿਆ ਬਲਾਂ ਨਾਲ ਝੜਪਾਂ ਵਿੱਚ ਮਰਨ ਵਾਲੇ ਕੈਦੀਆਂ ਦੀ ਗਿਣਤੀ ਅੱਠ ਹੋ ਗਈ ਹੈ। ਇਸ ਹਿੰਸਕ ਅੰਦੋਲਨ ਨੇ ਪ੍ਰਧਾਨ ਮੰਤਰੀ ਕੇ ਪੀ ਸ਼ਰਮਾ ਓਲੀ ਨੂੰ ਮੰਗਲਵਾਰ ਨੂੰ ਅਸਤੀਫਾ ਦੇਣ ਲਈ ਮਜਬੂਰ ਕੀਤਾ ਸੀ, ਜਿਸ ਤੋਂ ਬਾਅਦ ਨੇਪਾਲੀ ਫੌਜ ਨੇ ਦੇਸ਼ ਭਰ ਵਿੱਚ ਗੰਭੀਰ ਕਾਨੂੰਨ ਵਿਵਸਥਾ ਦੀ ਸਥਿਤੀ ਕਾਰਨ ਪਾਬੰਦੀਆਂ ਲਾਗੂ ਕਰ ਦਿੱਤੀਆਂ ਹਨ। ਪੁਲਸ ਦੇ ਹਵਾਲੇ ਨਾਲ ਕਿਹਾ ਗਿਆ ਹੈ—ਜੇਲ੍ਹ ਤੋੜਨ ਦੀਆਂ ਘਟਨਾਵਾਂ ਉਦੋਂ ਸ਼ੁਰੂ ਹੋਈਆਂ, ਜਦੋਂ ਨੌਜਵਾਨ ਪ੍ਰਦਰਸ਼ਨਕਾਰੀਆਂ ਨੇ ਕਈ ਜੇਲ੍ਹਾਂ 'ਤੇ ਹਮਲਾ ਕੀਤਾ, ਪ੍ਰਸ਼ਾਸਨਿਕ ਇਮਾਰਤਾਂ ਨੂੰ ਅੱਗ ਲਗਾ ਦਿੱਤੀ ਅਤੇ ਜੇਲ੍ਹ ਦੇ ਦਰਵਾਜ਼ੇ ਖੋਲ੍ਹਣ ਲਈ ਮਜਬੂਰ ਕੀਤਾ। ਬੁੱਧਵਾਰ ਸ਼ਾਮ ਤੱਕ ਮੁੱਢਲੀਆਂ ਰਿਪੋਰਟਾਂ ਨੇ ਪੁਸ਼ਟੀ ਕੀਤੀ ਕਿ 25 ਤੋਂ ਵੱਧ ਜੇਲ੍ਹਾਂ ਵਿੱਚੋਂ 15,000 ਤੋਂ ਵੱਧ ਕੈਦੀ ਫਰਾਰ ਹੋ ਗਏ ਸਨ, ਜਿਨ੍ਹਾਂ ਵਿੱਚੋਂ ਬਹੁਤ ਘੱਟ ਗਿਣਤੀ ਵਿੱਚ ਖੁਦ ਵਾਪਸ ਆਏ ਜਾਂ ਦੁਬਾਰਾ ਫੜੇ ਗਏ ਹਨ। ਨੇਪਾਲ ਵਿੱਚ ਤਣਾਅ ਵਧਣ ਕਾਰਨ ਭਾਰਤੀ • ਬਾਕੀ ਸਫ਼ਾ 2 'ਤੇ

### ਮੰਤਰੀ ਤੇ ਅਧਿਕਾਰੀ ਹੈਲੀਕਾਪਟਰ ਦੀਆਂ ਰੱਸੀਆਂ ਫੜ ਕੇ ਭੱਜੇ



ਇਸੇ ਦੌਰਾਨ ਨੇਪਾਲ ਵਿਚ ਹੈਰਾਨ ਕਰਨ ਵਾਲੀਆਂ ਤਸਵੀਰਾਂ ਸਾਹਮਣੇ ਆਈਆਂ ਹਨ, ਜਿਨ੍ਹਾਂ ਵਿਚ ਮੰਤਰੀਆਂ, ਸਿਖਰਲੇ ਸਰਕਾਰੀ ਅਧਿਕਾਰੀਆਂ ਤੇ ਉਨ੍ਹਾਂ ਦੇ ਪਰਵਾਰਾਂ ਨੂੰ ਛੱਤਾਂ ਤੋਂ ਫੌਜੀ ਹੈਲੀਕਾਪਟਰ ਜ਼ਰੀਏ ਏਅਰਲਿਫਟ ਕਰਦਿਆਂ ਦੇਖਿਆ ਗਿਆ ਹੈ। ਇੱਕ ਵੀਡੀਓ ਵਿੱਚ ਉੱਚ ਅਧਿਕਾਰੀ ਹੈਲੀਕਾਪਟਰ ਨਾਲ ਰੱਸੀਆਂ ਨਾਲ ਲਟਕਦੇ ਦਿਖਾਈ ਦੇ ਰਹੇ ਹਨ, ਜਦੋਂ ਕਿ ਹੇਠਾਂ ਸ਼ਹਿਰ ਵਿੱਚ ਧੂੰਆਂ ਅਤੇ ਹਿੰਸਕ ਭੀੜ ਦੇਖੀ ਜਾ ਸਕਦੀ ਹੈ।

### ਸਾਬਕਾ ਪ੍ਰਧਾਨ ਮੰਤਰੀ ਦੇ ਘਰ 'ਚੋਂ ਨੋਟਾਂ ਨਾਲ ਭਰੀ ਸੁਰੰਗ ਮਿਲੀ

**ਕਾਠਮੰਡੂ** : ਨੇਪਾਲ ਦੇ ਸਾਬਕਾ ਪ੍ਰਧਾਨ ਮੰਤਰੀ ਸ਼ੇਰ ਬਹਾਦਰ ਦੇਉਬਾ ਦੇ ਕਾਠਮੰਡੂ ਸਥਿਤ ਨਿਵਾਸ ਸਥਾਨ ਵਿੱਚ ਬਣੀ ਇੱਕ ਗੁਪਤ ਸੁਰੰਗ ਵਿੱਚੋਂ ਬੋਰੀਆਂ ਵਿੱਚ ਭਰੀ ਨਕਦੀ ਅਤੇ ਸੋਨਾ ਬਰਾਮਦ ਹੋਣ ਦੀ ਖਬਰ ਹੈ। ਸੂਤਰਾਂ ਅਨੁਸਾਰ ਘਰ ਦੇ ਹੇਠਾਂ ਇੱਕ ਸੁਰੰਗ ਵਰਗੀ ਕੋਠੜੀ ਬਣਾਈ ਗਈ ਸੀ। ਅੰਦੋਲਨਕਾਰੀ ਇਸ ਸੁਰੰਗ ਤੱਕ ਨਹੀਂ ਪਹੁੰਚ ਸਕੇ। ਅੰਦੋਲਨਕਾਰੀਆਂ ਦੇ ਹਮਲੇ ਵਿੱਚ ਦੇਉਬਾ ਅਤੇ ਉਨ੍ਹਾ ਦੀ ਪਤਨੀ ਜ਼ਖਮੀ ਹੋ ਗਏ ਸਨ। ਦਿਉਬਾ ਨੇ ਆਪਣੇ ਘਰ ਨੂੰ ਅੱਗ ਲਗਾ ਦਿੱਤੀ ਸੀ, ਜਿਸ ਤੋਂ ਬਾਅਦ ਚਾਰ ਕਮਰਿਆਂ ਵਿੱਚ ਰੱਖੇ ਨੋਟ ਸਾੜ ਦਿੱਤੇ ਸਨ। ਇਸ ਘਟਨਾ ਤੋਂ ਬਾਅਦ ਜਦੋਂ ਤਲਾਸ਼ੀ ਲਈ ਗਈ ਤਾਂ ਸੁਰੰਗ ਵਿਚੋਂ ਭਾਰੀ ਮਾਤਰਾ ਵਿਚ ਨਕਦੀ ਅਤੇ ਸੋਨਾ ਮਿਲਿਆ।

# ਹਸਪਤਾਲੋਂ ਛੁੱਟੀ ਮਿਲਦਿਆਂ ਹੀ ਮੁੱਖ ਮੰਤਰੀ ਐਕਸ਼ਨ 'ਚ

**ਚੰਡੀਗੜ੍ਹ** : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਵੀਰਵਾਰ ਸ਼ਾਮ ਮੁਹਾਲੀ ਦੇ ਫੋਰਟਿਸ ਹਸਪਤਾਲ ਤੋਂ ਛੁੱਟੀ ਮਿਲ ਗਈ ਅਤੇ ਹਸਪਤਾਲ ਤੋਂ ਘਰ ਪਰਤਦਿਆਂ ਹੀ ਉਹ ਪੂਰੇ ਐਕਸ਼ਨ ਵਿੱਚ ਆ ਗਏ। ਉਨ੍ਹਾ ਹੜ੍ਹ ਦੀ ਸਥਿਤੀ ਅਤੇ ਰਾਹਤ ਕਾਰਜਾਂ ਦੀ ਸਮੀਖਿਆ ਲਈ ਸ਼ੁੱਕਰਵਾਰ ਉੱਚ ਪੱਧਰੀ ਮੀਟਿੰਗ ਬੁਲਾਈ ਹੈ। ਇਹ ਮੀਟਿੰਗ ਉਨ੍ਹਾ ਦੀ ਸਰਕਾਰੀ ਰਿਹਾਇਸ਼ 'ਤੇ ਹੋਵੇਗੀ। ਇਸ ਵਿੱਚ ਸਾਰੇ ਵਿਭਾਗਾਂ ਦੇ ਸਕੱਤਰ ਹਾਜ਼ਰ ਰਹਿਣਗੇ। ਇਸ ਤੋਂ ਇਲਾਵਾ ਸਾਰੇ ਜ਼ਿਲ੍ਹਿਆਂ ਦੇ ਡੀ ਸੀ ਵੀਡੀਓ ਕਾਨਫਰੰਸਿੰਗ ਰਾਹੀਂ ਮੀਟਿੰਗ ਦਾ ਹਿੱਸਾ ਬਣਨਗੇ। ਮੁੱਖ ਮੰਤਰੀ ਪਾਣੀ ਉਤਰਨ ਤੋਂ ਬਾਅਦ ਸਫ਼ਾਈ ਅਤੇ ਮੁੜ-ਵਸੇਬੇ ਦੀ ਯੋਜਨਾ ਦਾ ਵੀ ਜਾਇਜ਼ਾ ਲੈਣਗੇ। ਮੁੱਖ ਮੰਤਰੀ 5 ਸਤੰਬਰ ਤੋਂ ਹਸਪਤਾਲ ਵਿੱਚ ਦਾਖਲ ਸਨ ਅਤੇ ਉਨ੍ਹਾ ਦੀ



ਸਿਹਤ ਹੁਣ ਸਥਿਰ ਹੈ। ਹਸਪਤਾਲ ਵਿੱਚ ਰਹਿੰਦਿਆਂ ਵੀ ਉਨ੍ਹਾ ਵੀਡੀਓ ਕਾਨਫਰੰਸਿੰਗ ਰਾਹੀਂ ਕੈਬਨਿਟ ਮੀਟਿੰਗ ਦੀ ਪ੍ਰਧਾਨਗੀ ਕੀਤੀ ਸੀ।

### ਸਮਾਜ ਸੇਵੀਆਂ ਦਾ ਧੰਨਵਾਦ

ਚੰਡੀਗੜ੍ਹ (ਕ੍ਰਿਸ਼ਨ ਗਰਗ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੂਬੇ ਦੇ ਹੜ੍ਹ ਪ੍ਰਭਾਵਤ ਲੋਕਾਂ ਦੀ ਮਦਦ ਕਰਨ ਲਈ ਪ੍ਰਸਿੱਧ ਪੰਜਾਬੀ ਗਾਇਕ ਮਨਕੀਰਤ ਔਲਖ ਅਤੇ ਉੱਘੇ ਉਦਯੋਗਪਤੀ ਪ੍ਰਿਤਪਾਲ ਸਿੰਘ ਦਾ ਤਹਿ ਦਿਲੋਂ ਧੰਨਵਾਦ ਕੀਤਾ ਹੈ। ਮੁੱਖ ਮੰਤਰੀ ਨੇ ਸਮਾਜ ਸੇਵੀ ਲੋਕਾਂ ਨਾਲ ਟੈਲੀਫੋਨ 'ਤੇ ਗੱਲਬਾਤ ਦੌਰਾਨ ਹੜ੍ਹ ਪ੍ਰਭਾਵਤ ਲੋਕਾਂ ਨੂੰ ਸੰਕਟ ਵਿੱਚੋਂ ਬਾਹਰ ਕੱਢਣ ਲਈ ਸੂਬਾ ਸਰਕਾਰ ਦੀ ਦ੍ਰਿੜ੍ਹ ਵਚਨਬੱਧਤਾ ਨੂੰ ਦੁਹਰਾਇਆ। ਮਾਨ ਨੇ ਕਿਹਾ ਕਿ ਸੰਕਟ ਦੀ ਇਸ ਘੜੀ ਵਿੱਚ ਦੋਵਾਂ ਸਮਾਜ ਸੇਵੀਆਂ ਵੱਲੋਂ ਕੀਤਾ ਗਿਆ ਮਿਸਾਲੀ ਕੰਮ ਸੱਚਮੁੱਚ ਸ਼ਲਾਘਾਯੋਗ ਹੈ, ਕਿਉਂਕਿ ਦੋਵੇਂ ਹੀ ਮਿਸ਼ਨਰੀ ਭਾਵਨਾ ਨਾਲ ਹੜ੍ਹ ਪੀੜਤਾਂ ਦੀ ਸੇਵਾ ਕਰ ਰਹੇ ਹਨ।

### ਜਾਖੜ ਦਾ ਵੀ ਪੰਜਾਬ ਵਿਰੋਧੀ ਚਿਹਰਾ ਬੇਨਕਾਬ : ਮੁੰਡੀਆਂ

**ਚੰਡੀਗੜ੍ਹ** : ਪੰਜਾਬ ਦੇ ਮਾਲ, ਮੁੜ-ਵਸੇਬਾ ਅਤੇ ਆਫ਼ਤ ਪ੍ਰਬੰਧਨ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਵੱਲੋਂ ਭਾਸ਼ਾ ਦੀ ਮਰਿਆਦਾ ਦੀ ਉਲੰਘਣਾ ਕਰਨ ਅਤੇ ਲੋਕਾਂ ਦੇ ਚੁਣੇ ਨੁਮਾਇੰਦਿਆਂ ਪ੍ਰਤੀ ਅਣਜਾਣਤਾ ਪ੍ਰਗਟਾਉਣ ਦਾ ਜਵਾਬ ਦਿੰਦਿਆਂ ਵੀਰਵਾਰ ਕਿਹਾ, 'ਮੈਂ ਸੁਨੀਲ ਜਾਖੜ ਨੂੰ ਬਹੁਤ ਸਿਆਣਾ ਬੰਦਾ ਸਮਝਦਾ ਸੀ, ਪਰ ਅਜਿਹਾ ਵਤੀਰਾ ਕਰਕੇ ਉਨ੍ਹਾ ਆਪਣੀ ਜਗੀਰੂ ਮਾਨਸਿਕਤਾ ਦਾ • ਬਾਕੀ ਸਫ਼ਾ 2 'ਤੇ



### ਬਿੱਲਾਂ ਨੂੰ ਮਨਜ਼ੂਰੀ ਦੇ ਮਾਮਲੇ 'ਚ ਸਮਾਂ-ਸੀਮਾ ਤੈਅ ਕਰਨ ਬਾਰੇ ਸੁਪਰੀਮ ਕੋਰਟ ਵੱਲੋਂ ਫੈਸਲਾ ਰਾਖਵਾਂ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਰਾਸ਼ਟਰਪਤੀ ਦੇ ਹਵਾਲੇ (ਪ੍ਰੈਜ਼ੀਡੈਂਸ਼ੀਅਲ ਰੈਫਰੈਂਸ) ਬਾਰੇ ਦਸ ਦਿਨਾਂ ਤੱਕ ਦਲੀਲਾਂ ਸੁਣਨ ਮਗਰੋਂ ਵੀਰਵਾਰ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ। ਰਾਸ਼ਟਰਪਤੀ ਦੇ ਹਵਾਲੇ ਬਾਰੇ ਪੁੱਛਿਆ ਗਿਆ ਸੀ ਕਿ ਕੀ ਇਕ ਸੰਵਿਧਾਨਕ ਕੋਰਟ ਸੂਬਾਈ ਵਿਧਾਨ ਸਭਾਵਾਂ ਵੱਲੋਂ ਪਾਸ ਕਾਨੂੰਨਾਂ ਨੂੰ ਮਨਜ਼ੂਰੀ ਦੇਣ ਲਈ ਰਾਜਪਾਲਾਂ ਤੇ ਰਾਸ਼ਟਰਪਤੀ ਲਈ ਕੋਈ ਸਮਾਂ-ਸੀਮਾ ਨਿਰਧਾਰਿਤ ਕਰ ਸਕਦੀ ਹੈ।

### ਗੰਨੇ ਦੀ ਅਦਾਇਗੀ ਲਈ 679.37 ਕਰੋੜ ਰੁਪਏ ਜਾਰੀ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਵੀਰਵਾਰ ਐਲਾਨ ਕੀਤਾ ਕਿ ਸੂਬਾ ਸਰਕਾਰ, ਜਿਸ ਨੇ ਦੇਸ਼ ਭਰ ਵਿੱਚ ਸਭ ਤੋਂ ਵੱਧ 401 ਰੁਪਏ ਪ੍ਰਤੀ ਕੁਇੰਟਲ ਗੰਨੇ ਦੀ ਖਰੀਦ ਦਰ ਦੀ ਪੇਸ਼ਕਸ਼ ਕੀਤੀ, ਵੱਲੋਂ ਸਾਲ 2024-25 ਦੇ ਪਿੜਾਈ ਸੀਜ਼ਨ ਲਈ ਗੰਨੇ ਦੀ ਅਦਾਇਗੀ ਲਈ 679.37 ਕਰੋੜ ਰੁਪਏ ਜਾਰੀ ਕੀਤੇ ਜਾ ਚੁੱਕੇ ਹਨ।ਚੀਮਾ ਨੇ ਕਿਹਾ ਕਿ ਸੂਬੇ ਦੀਆਂ 9 ਸਹਿਕਾਰੀ ਮਿੱਲਾਂ ਨੂੰ ਗੰਨਾ ਮਿੱਲਾਂ, ਜਿਨ੍ਹਾਂ ਵੱਲੋਂ ਸੀਜ਼ਨ ਦੌਰਾਨ ਕੁੱਲ 194.66 ਲੱਖ ਕੁਇੰਟਲ ਗੰਨੇ ਦੀ ਪੀੜਾਈ ਕੀਤੀ ਕੀਤੀ ਗਈ, ਨੂੰ ਗੰਨਾ ਸਪਲਾਈ ਕਰਨ ਵਾਲੇ ਰਾਜ ਭਰ ਦੇ 18,771 ਕਿਸਾਨਾਂ ਨੂੰ ਇਸ ਅਦਾਇਗੀ ਦਾ ਲਾਭ ਪਹੁੰਚਿਆ ਹੈ। ਉਨ੍ਹਾ ਕਿਹਾ ਕਿ 401 ਰੁਪਏ ਪ੍ਰਤੀ ਕੁਇੰਟਲ ਦੀ ਅਦਾਇਗੀ ਦਰ ਦੇ ਹਿਸਾਬ ਨਾਲ ਕਿਸਾਨਾਂ ਦਾ ਕੁੱਲ ਬਕਾਇਆ 779.86 ਕਰੋੜ ਰੁਪਏ ਸੀ ਅਤੇ ਬਾਕੀ ਰਹਿੰਦੇ 100.49 ਕਰੋੜ ਰੁਪਏ ਦੀ ਅਦਾਇਗੀ ਵੀ ਇਸ ਸੰਬੰਧੀ ਕੇਂਦਰੀ ਸਹਾਇਤਾ ਪ੍ਰਾਪਤ ਹੋਣ 'ਤੇ ਜਲਦੀ ਹੀ ਕਰ ਦਿੱਤੀ ਜਾਵੇਗੀ।

### ਕੰਗਨਾ ਦੀ ਅਰਜ਼ੀ 'ਤੇ ਸੁਣਵਾਈ ਕੱਲ੍ਹ

**ਨਵੀਂ ਦਿੱਲੀ** : ਤਿੰਨ ਖੇਤੀ ਕਾਨੂੰਨਾਂ ਨੂੰ ਲੈ ਕੇ ਦਿੱਲੀ ਦੀਆਂ ਬਰੂਹਾਂ 'ਤੇ ਚੱਲੇ ਅੰਦੋਲਨ ਦੌਰਾਨ ਕੰਗਨਾ ਰਣੌਤ ਵੱਲੋਂ ਇੱਕ ਬਿਰਧ ਮਾਈ 'ਤੇ ਕੀਤੀ ਟਿੱਪਣੀ ਨਾਲ ਸੰਬੰਧਤ ਮਾਣਹਾਨੀ ਕੇਸ ਨੂੰ ਰੱਦ ਕਰਨ ਲਈ ਰਣੌਤ ਦੀ ਅਰਜ਼ੀ 'ਤੇ ਸੁਪਰੀਮ ਕੋਰਟ ਸ਼ਨੀਵਾਰ ਸੁਣਵਾਈ ਕਰੇਗੀ। ਇਸ ਤੋਂ ਪਹਿਲਾਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਕੰਗਨਾ ਦੀ ਪਟੀਸ਼ਨ ਨੂੰ ਰੱਦ ਕਰ ਦਿੱਤਾ ਸੀ। ਜਿਸ ਤੋਂ ਬਾਅਦ ਹੁਣ ਕੰਗਨਾ ਨੇ ਉਸ ਫੈਸਲੇ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਹੈ।

# ਚੀਮਾ ਦੀ ਭਾਜਪਾ ਨੂੰ ਚੁਣੌਤੀ, ਐੱਸ ਡੀ ਆਰ ਐੱਫ ਫੰਡ 'ਚ ਕੇਂਦਰ ਦੇ ਯੋਗਦਾਨ ਨੂੰ ਕਰੇ ਜਨਤਕ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਵੀਰਵਾਰ ਸੂਬਾ ਆਫ਼ਤ ਰਾਹਤ ਫੰਡ (ਐੱਸ ਡੀ ਆਰ ਐੱਫ) ਨੂੰ ਲੈ ਕੇ ਭਾਜਪਾ ਆਗੂਆਂ ਵੱਲੋਂ ਫੈਲਾਏ ਜਾ ਰਹੇ ਝੂਠੇ ਪ੍ਰਚਾਰ ਦਾ ਜ਼ੋਰਦਾਰ ਖੰਡਨ ਕੀਤਾ ਅਤੇ ਪੰਜਾਬ ਦੇ ਲੋਕਾਂ ਸਾਹਮਣੇ ਅਸਲ ਅਧਿਕਾਰਤ ਅੰਕੜੇ ਜਾਰੀ ਕੀਤੇ। ਪੰਜਾਬ ਦੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਆਫ਼ਤ ਰਾਹਤ ਫੰਡ 'ਤੇ ਜਾਣਬੁੱਝ ਕੇ ਜਨਤਾ ਨੂੰ ਗੁੰਮਰਾਹ ਕਰਨ ਲਈ ਭਾਜਪਾ ਦੀ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਭਾਜਪਾ ਆਗੂ ਆਪ ਸਰਕਾਰ ਨੂੰ ਬਦਨਾਮ ਕਰਨ ਲਈ ਬੇਸ਼ਰਮੀ ਨਾਲ ਝੂਠ ਫੈਲਾਅ ਰਹੇ ਹਨ। ਸਚਾਈ ਹੁਣ ਲੋਕਾਂ ਦੇ ਸਾਹਮਣੇ ਹੈ ਅਤੇ ਐੱਸ ਡੀ ਆਰ ਐੱਫ ਤੋਂ ਪ੍ਰਾਪਤ ਅਤੇ ਖਰਚ ਕੀਤਾ ਗਿਆ ਹਰ ਇੱਕ ਰੁਪਿਆ ਜਨਤਕ ਡੋਮੇਨ ਵਿੱਚ ਹੈ। ਭਾਜਪਾ




ਦੇ ਉਲਟ, ਜੋ ਧੋਖੇ ਅਤੇ ਧਿਆਨ ਭਟਕਾਉਣ 'ਤੇ ਵਧਦੀ-ਫੁੱਲਦੀ ਹੈ, ਅਸੀਂ ਪਾਰਦਰਸ਼ਤਾ ਅਤੇ ਜਵਾਬਦੇਹੀ ਵਿੱਚ ਵਿਸ਼ਵਾਸ ਕਰਦੇ ਹਾਂ।ਚੀਮਾ ਨੇ 1 ਅਪ੍ਰੈਲ, 2022 ਤੋਂ ਪੰਜਾਬ ਸਰਕਾਰ ਦੁਆਰਾ ਭਾਰਤ ਸਰਕਾਰ ਤੋਂ ਐੱਸ ਡੀ ਆਰ ਐੱਫ ਦੇ ਤਹਿਤ ਪ੍ਰਾਪਤ ਧਨ ਅਤੇ ਸੂਬੇ ਦੁਆਰਾ ਖਰਚ ਕੀਤੀ ਗਈ ਰਾਸ਼ੀ ਦਾ ਪੂਰਾ ਬਿਓਰਾ ਪੇਸ਼ ਕੀਤਾ। 2022-23: 208 ਕਰੋੜ ਪ੍ਰਾਪਤ ਹੋਏ, 61 ਕਰੋੜ ਖਰਚ ਹੋਏ 2023-24 : 645 ਕਰੋੜ ਪ੍ਰਾਪਤ ਹੋਏ, 420 ਕਰੋੜ ਖਰਚ ਹੋਏ 2024-25 : 488 ਕਰੋੜ ਪ੍ਰਾਪਤ ਹੋਏ, 27 ਕਰੋੜ ਖਰਚ ਹੋਏ 2025-26 : ?241 ਕਰੋੜ ਪ੍ਰਾਪਤ ਹੋਏ, 140 ਕਰੋੜ ਖਰਚ ਹੋਏ 1 ਅਪ੍ਰੈਲ, 2022 ਤੋਂ 10 ਸਤੰਬਰ, 2025 ਤੱਕ, ਪੰਜਾਬ ਸਰਕਾਰ ਨੂੰ ਭਾਰਤ ਸਰਕਾਰ ਤੋਂ ਐੱਸ ਡੀ ਆਰ ਐੱਫ ਦੇ ਤਹਿਤ ਕੁੱਲ 1582 ਕਰੋੜ ਪ੍ਰਾਪਤ ਹੋਏ। ਇਸ ਵਿੱਚੋਂ 649 ਕਰੋੜ ਪੂਰੇ ਸੂਬੇ ਵਿੱਚ ਵੱਖ-ਵੱਖ ਰਾਹਤ ਅਤੇ ਮੁੜ ਵਸੇਬਾ ਕਾਰਜਾਂ 'ਤੇ ਪਹਿਲਾਂ ਹੀ ਖਰਚ ਕੀਤੇ ਜਾ ਚੁੱਕੇ ਹਨ, ਜਦੋਂ ਕਿ ਬਾਕੀ ?933 ਕਰੋੜ ਦੀ ਵਰਤੋਂ ਹੜ੍ਹ ਪ੍ਰਭਾਵਤ ਲੋਕਾਂ ਨੂੰ ਸਮੇਂ ਸਿਰ ਸਹਾਇਤਾ ਯਕੀਨੀ ਬਣਾਉਣ ਲਈ ਚੱਲ ਰਹੇ ਅਤੇ ਆਉਣ ਵਾਲੇ ਰਾਹਤ ਕਾਰਜਾਂ ਲਈ ਕੀਤੀ ਜਾ ਰਹੀ ਹੈ।ਚੀਮਾ ਨੇ ਭਾਜਪਾ ਆਗੂਆਂ 'ਤੇ • ਬਾਕੀ ਸਫ਼ਾ 2 'ਤੇ

### ਫਰਾਂਸ 'ਚ ਪੁਲਸ ਨਾਲ ਝੜਪਾਂ, ਮੈਕਰੋਂ ਦੇ ਅਸਤੀਫ਼ੇ ਦੀ ਮੰਗ

**ਪੈਰਿਸ** : ਨੇਪਾਲ ਮਗਰੋਂ ਹੁਣ ਫਰਾਂਸ ਸਰਕਾਰ ਖਿਲਾਫ਼ ਵਿਰੋਧ ਪ੍ਰਦਰਸ਼ਨ ਸ਼ੁਰੂ ਹੋ ਗਿਆ ਹੈ। ਪ੍ਰਧਾਨ ਮੰਤਰੀ ਫਰਾਂਸਵਾ ਬਾਇਰੂ ਦੀ ਸਰਕਾਰ ਡਿੱਗਣ ਤੋਂ ਇੱਕ ਦਿਨ ਮਗਰੋਂ ਪ੍ਰਦਰਸ਼ਨਕਾਰੀਆਂ ਨੇ ਰਾਜਧਾਨੀ ਪੈਰਿਸ ਅਤੇ ਹੋਰ ਥਾਵਾਂ 'ਤੇ ਸੜਕਾਂ ਜਾਮ ਕਰ ਦਿੱਤੀਆਂ, ਵਾਹਨਾਂ ਨੂੰ ਅੱਗ ਲਾ ਦਿੱਤੀ। ਪੁਲਸ ਨੇ ਉਨ੍ਹਾਂ 'ਤੇ ਅੱਥਰੂ ਗੈਸ ਦੇ ਗੋਲੇ ਵੀ ਦਾਗੇ। ਪ੍ਰਦਰਸ਼ਨਕਾਰੀ ਬਜਟ ਵਿੱਚ ਕਟੌਤੀ ਦਾ ਵਿਰੋਧ ਅਤੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਦੇ ਅਸਤੀਫ਼ੇ ਦੀ ਮੰਗ ਕਰ ਰਹੇ ਹਨ। ਗ੍ਰਹਿ ਮੰਤਰੀ ਨੇ ਦੇਸ਼ ਪੱਧਰੀ ਵਿਰੋਧ ਪ੍ਰਦਰਸ਼ਨਾਂ ਦੇ ਸ਼ੁਰੂਆਤੀ ਘੰਟਿਆਂ ਦੌਰਾਨ ਲਗਪਗ 250 ਪ੍ਰਦਰਸ਼ਨਕਾਰੀਆਂ ਨੂੰ ਗ੍ਰਿਫ਼ਤਾਰ ਕਰਨ ਦਾ ਐਲਾਨ ਕੀਤਾ ਹੈ। ਫਰਾਂਸ ਦੇ ਪ੍ਰਧਾਨ ਮੰਤਰੀ ਬਾਇਰੂ ਨੇ ਬਜਟ ਵਿੱਚ 44 ਅਰਬ ਯੂਰੋ ਬਚਾਉਣ ਦੀ ਯੋਜਨਾ ਪੇਸ਼ ਕੀਤੀ ਸੀ, ਜਿਸ ਕਾਰਨ ਉਸ ਨੂੰ ਕਾਫ਼ੀ ਆਲੋਚਨਾ ਦਾ ਸਾਹਮਣਾ ਕਰਨਾ ਪਿਆ ਅਤੇ ਸੱਤਾ ਵੀ ਹੱਥੋਂ ਚਲੀ ਗਈ। ਰਾਸ਼ਟਰਪਤੀ ਮੈਕਰੋਂ ਨੇ ਮੰਗਲਵਾਰ ਦੇਰ ਰਾਤ ਰੱਖਿਆ ਮੰਤਰੀ ਸਿਬੈਸਟੀਅਨ ਲੇਕੋਰਨੂ ਨੂੰ ਦੇਸ਼ ਦਾ ਨਵਾਂ ਪ੍ਰਧਾਨ ਮੰਤਰੀ ਨਿਯੁਕਤ ਕਰ ਦਿੱਤਾ। ਦੇਸ਼ ਨੂੰ ਲਗਭਗ ਇੱਕ ਸਾਲ ਵਿੱਚ ਚੌਥੀ ਵਾਰ ਨਵਾਂ ਪ੍ਰਧਾਨ ਮੰਤਰੀ ਮਿਲਿਆ ਹੈ। ਹੁਣ • ਬਾਕੀ ਸਫ਼ਾ 2 'ਤੇ

### ਗੰਨ ਕਲਚਰ ਦਾ ਹਾਮੀ ਟਰੰਪ ਦਾ ਆੜੀ ਗੋਲੀ ਦਾ ਸ਼ਿਕਾਰ

**ਓਰੇਮ** : ਕੰਜ਼ਰਵੇਟਿਵ ਕਾਰਕੁਨ, ਰਾਸ਼ਟਰਪਤੀ ਡੋਨਾਲਡ ਟਰੰਪ ਦੇ ਨਜ਼ਦੀਕੀ ਸਹਿਯੋਗੀ ਅਤੇ ਗੰਨ ਕਲਚਰ ਦੇ ਹਾਮੀ ਚਾਰਲੀ ਕਿਰਕ (31) ਨੂੰ ਬੁੱਧਵਾਰ ਨੂੰ ਯੂਟਾ ਕਾਲਜ ਦੇ ਇੱਕ ਸਮਾਗਮ ਵਿੱਚ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ। ਇਸ ਕਤਲ ਨੂੰ ਰਾਜ ਦੇ ਗਵਰਨਰ ਨੇ ' ਸਿਆਸੀ ਕਤਲ' ਕਿਹਾ ਹੈ। ਯੂਟਾ ਦੇ ਗਵਰਨਰ ਸਪੈਨਸਰ ਕੌਕਸ ਨੇ ਕਿਹਾ ਕਿ ਬੁੱਧਵਾਰ ਸ਼ਾਮ ਨੂੰ ਇੱਕ ਸ਼ੱਕੀ ਵਿਅਕਤੀ ਨੂੰ ਹਿਰਾਸਤ ਵਿੱਚ ਲਿਆ ਗਿਆ, ਹਾਲਾਂ ਕਿ ਤੁਰੰਤ ਕੋਈ ਦੋਸ਼ ਐਲਾਨ ਨਹੀਂ ਕੀਤੇ ਗਏ। ਕੌਕਸ ਨੇ ਕਿਹਾ, 'ਇਹ ਸਾਡੇ ਰਾਜ ਲਈ ਇੱਕ ਕਾਲਾ ਦਿਨ ਹੈ, ਅਸੀਂ ਹਰ ਉਸ ਵਿਅਕਤੀ ਦੀ ਸਰਗਰਮੀ ਨਾਲ ਭਾਲ ਕਰ ਰਹੇ ਹਾਂ ਜਿਸ ਕੋਲ ਗੋਲੀਬਾਰੀ ਨਾਲ ਸੰਬੰਧਤ ਕੋਈ ਵੀ ਜਾਣਕਾਰੀ ਹੈ।' ਯੂਟਾ ਦੇ ਅਧਿਕਾਰੀਆਂ ਨੇ ਕਿਹਾ ਕਿ ਹਮਲਾਵਰ ਨੇ ਕਾਲੇ ਰੰਗ ਦੇ ਕੱਪੜੇ ਪਾਏ ਹੋਏ ਸਨ ਅਤੇ ਕੈਂਪਸ ਵਿੱਚ ਕੁਝ ਦੂਰੀ 'ਤੇ ਇੱਕ ਛੱਤ ਤੋਂ ਗੋਲੀ ਚਲਾਈ। ਟਰੰਪ ਨੇ ਸੋਸ਼ਲ ਮੀਡੀਆ 'ਤੇ ਕਿਰਕ ਦੀ ਮੌਤ ਦਾ ਐਲਾਨ ਕਰਦਿਆਂ ਉਸ ਨੂੰ ਮਹਾਨ ਕਹਿ ਕੇ ਪ੍ਰਸੰਸਾ ਕੀਤੀ। • ਬਾਕੀ ਸਫ਼ਾ 2 'ਤੇ

# ਹੜ੍ਹ ਪੀੜਤ ਦੀਆਂ ਮੰਗਾਂ ਨੂੰ ਲੈ ਕੇ ਪੇਂਡੂ ਤੇ ਖੇਤ ਮਜ਼ਦੂਰ ਉਤਰੇ ਸੜਕਾਂ 'ਤੇ

## ਮ੍ਰਿਤਕਾਂ ਦੇ ਵਾਰਸਾਂ ਨੂੰ 25 ਲੱਖ ਰੁਪਏ ਮੁਆਵਜ਼ਾ ਦੇਣ ਦੀ ਮੰਗ




ਸ੍ਰੀ ਮੁਕਤਸਰ ਸਾਹਿਬ 'ਚ ਡੀ ਸੀ ਦਫਤਰ ਤੇ ਸ਼ਾਹਕੋਟ 'ਚ ਐੱਸ ਡੀ ਐੱਮ ਦੇ ਦਫਤਰ ਦੇ ਬਾਹਰ ਧਰਨਾ ਦਿੰਦੇ ਮਜ਼ਦੂਰ।

**ਸ਼ਾਹਕੋਟ (ਗਿਆਨ ਸੈਦਪੁਰੀ)**

ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੇ ਸੱਦੇ 'ਤੇ ਵੀਰਵਾਰ ਵੱਡੀ ਗਿਣਤੀ ਮਜ਼ਦੂਰ ਮਰਦ-ਔਰਤਾਂ ਵੱਲੋਂ ਵੱਖ ਵੱਖ ਥਾਈਂ ਡਿਪਟੀ ਕਮਿਸ਼ਨਰ ਤੇ ਐੱਸ ਡੀ ਐਮ ਦਫ਼ਤਰਾਂ ਅੱਗੇ ਹੜ੍ਹ ਪੀੜਤਾਂ ਦੀਆਂ ਮੰਗਾਂ ਨੂੰ ਲੈ ਰੋਹ ਭਰਪੂਰ ਧਰਨੇ ਦਿੱਤੇ ਗਏ। ਇਹ ਜਾਣਕਾਰੀ ਸਾਂਝੇ ਮਜ਼ਦੂਰ ਮੋਰਚੇ ਦੇ ਆਗੂ ਤੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ ਵੱਲੋਂ ਜਾਰੀ ਕੀਤੇ ਬਿਆਨ ਰਾਹੀਂ ਦਿੰਦਿਆਂ ਦੱਸਿਆ ਕਿ ਬਠਿੰਡਾ, ਫਰੀਦਕੋਟ, ਸ੍ਰੀ ਮੁਕਤਸਰ ਸਾਹਿਬ ਤੇ ਜਲੰਧਰ ਦੇ ਡੀ ਸੀ ਦਫ਼ਤਰਾਂ ਤੋਂ ਇਲਾਵਾ ਸ਼ਾਹਕੋਟ, ਫਿਲੌਰ , ਤਰਨ ਤਾਰਨ, ਬਾਬਾ ਬਕਾਲਾ, ਭਿੱਖੀਵਿੰਡ ਤੇ ਟਾਂਡਾ ਦੇ ਐਸ ਡੀ ਐੱਮ ਦਫ਼ਤਰਾਂ ਅੱਗੇ ਧਰਨੇ ਦਿੱਤੇ ਗਏ ਅਤੇ ਬਾਕੀ ਥਾਵਾਂ ਤੇ ਕੱਲ੍ਹ ਨੂੰ ਧਰਨੇ ਦਿੱਤੇ ਜਾਣਗੇ। ਉਹਨਾ ਦੱਸਿਆ ਕਿ ਧਰਨਿਆਂ ਨੂੰ ਦਿਹਾਤੀ ਮਜ਼ਦੂਰ ਸਭਾ ਦੇ ਪ੍ਰਧਾਨ ਦਰਸ਼ਨ ਨਾਹਰ, ਪੇਂਡੂ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਤਰਸੇਮ ਪੀਟਰ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਹਰਮੇਸ਼ ਮਾਲੜੀ, ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਰਾਮ ਸਿੰਘ ਨੂਰਪੁਰੀ ਅਤੇ ਪੰਜਾਬ ਖੇਤ ਮਜ਼ਦੂਰ ਸਭਾ ਦੇ ਸੀਨੀਅਰ ਆਗੂ ਗਿਆਨ ਸੈਦਪੁਰੀ ਆਦਿ ਆਗੂਆਂ ਨੇ ਸੰਬੋਧਨ ਕੀਤਾ। ਬੁਲਾਰਿਆਂ ਆਖਿਆ ਕਿ ਹੜ੍ਹਾਂ ਵਰਗੀ ਭਿਆਨਕ ਤ੍ਰਾਸਦੀ ਸਮੇਂ ਵੀ ਜਿਥੇ ਸਰਕਾਰਾਂ ਵੱਲੋਂ ਮੁਆਵਜ਼ੇ ਦੇ ਐਲਾਨਾਂ 'ਚ ਮਜ਼ਦੂਰ ਵਰਗ ਪ੍ਰਤੀ ਵਿਤਕਰੇ ਭਰੀ ਨੀਤੀ ਅਪਣਾਈ ਗਈ, ਉਥੇ ਹੜ੍ਹ ਪੀੜਤਾਂ ਦੀ ਮਦਦ ਕਰਨ ਪਹੁੰਚੇ ਕੁਝ ਜਾਤ ਹੰਕਾਰੀ ਵਿਅਕਤੀਆਂ ਵੱਲੋਂ ਵੀ ਮਜ਼ਦੂਰ/ਦਲਿਤ ਸਮਾਜ ਪ੍ਰਤੀ ਘੋਰ ਅਪਮਾਨਜਨਕ ਟਿੱਪਣੀਆਂ ਕੀਤੀਆਂ ਗਈਆਂ। ਉਹਨਾਂ ਕੇਂਦਰ ਤੇ ਪੰਜਾਬ ਸਰਕਾਰ ਵੱਲੋਂ ਕੀਤੇ ਨਿਗੂਣੇ ਰਾਹਤ ਐਲਾਨਾਂ ਨੂੰ ਪੀੜਤ ਲੋਕਾਂ ਨਾਲ ਕੋਝਾ ਮਜ਼ਾਕ ਕਰਾਰ ਦਿੱਤਾ। ਵੱਖ-ਵੱਖ ਥਾਵਾਂ 'ਤੇ ਧਰਨਿਆਂ ਦੌਰਾਨ ਮਜ਼ਦੂਰ ਜਥੇਬੰਦੀਆਂ ਵੱਲੋਂ ਪ੍ਰਧਾਨ ਮੰਤਰੀ ਤੇ ਮੁੱਖ ਮੰਤਰੀ ਪੰਜਾਬ ਦੇ ਨਾਂਅ ਅਧਿਕਾਰੀਆਂ ਨੂੰ ਮੰਗ ਪੱਤਰ ਸੌਂਪ ਕੇ ਮੰਗ ਕੀਤੀ ਗਈ ਕਿ ਹੜ੍ਹਾਂ ਤੇ ਬਾਰਸ਼ਾਂ ਕਾਰਨ ਜਾਨਾਂ ਗੁਆਉਣ ਵਾਲੇ ਮਜ਼ਦੂਰਾਂ ਤੇ ਹੋਰਨਾਂ ਲੋਕਾਂ ਦੇ ਵਾਰਸਾਂ ਨੂੰ 25 ਲੱਖ ਰੁਪਏ ਮੁਆਵਜ਼ਾ ਦਿੱਤਾ ਜਾਵੇ, ਮਜ਼ਦੂਰਾਂ ਦੇ ਤਬਾਹ ਹੋਏ ਘਰਾਂ ਦੀ ਮੁੜ ਉਸਾਰੀ ਲਈ 15 ਲੱਖ ਰੁਪਏ ਦੀ ਗ੍ਰਾਂਟ ਦਿੱਤੀ ਜਾਵੇ, ਟੁੱਟੀਆਂ ਕੰਮ ਦਿਹਾੜੀਆਂ ਦੀ ਭਰਪਾਈ ਲਈ ਪ੍ਰਤੀ ਮਜ਼ਦੂਰ ਪਰਵਾਰ ਪੰਜਾਹ ਹਜ਼ਾਰ ਰੁਪਏ ਦਾ ਮੁਆਵਜ਼ਾ ਦਿੱਤਾ ਜਾਵੇ ਅਤੇ ਮੌਸਮ ਵਿਭਾਗ ਦੀਆਂ ਚਿਤਾਵਨੀਆਂ ਦੇ ਬਾਵਜੂਦ ਪੁਖਤਾ ਪ੍ਰਬੰਧ ਕਰਨ 'ਚ ਲਾਪ੍ਰਵਾਹੀ ਵਰਤਣ ਵਾਲੇ ਸਿਆਸੀ ਲੀਡਰਾਂ ਤੇ ਅਧਿਕਾਰੀਆਂ ਖਿਲਾਫ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇ। ਮਜ਼ਦੂਰ ਆਗੂਆਂ ਆਖਿਆ ਕਿ ਪੰਜਾਹ ਦੇ ਕਰੀਬ ਮਨੁੱਖੀ ਜਾਨਾਂ ਜਾਣ ਤੋਂ ਇਲਾਵਾ ਘਰਾਂ, ਪਸ਼ੂਆਂ ਤੇ ਫਸਲਾਂ ਆਦਿ ਦੇ • ਬਾਕੀ ਸਫ਼ਾ 2 'ਤੇ

### ਅੱਜ-ਨਾਮਾ

ਕਹਿ'ਤੀ ਕੋਰਟ ਸੁਪਰੀਮ ਆ ਗੱਲ ਵੱਡੀ,
ਕਿਸੇ ਨੂੰ ਜਾਂਚ ਤੋਂ ਕੋਈ ਨਹੀਂ ਛੋਟ ਬੇਲੀ।
ਅਫਰਾ-ਤਫਰੀ ਸਮਾਜ ਵਿੱਚ ਚਹੁੰ ਤਰਫੀ,
ਅੰਦਰੋਂ ਹੋ ਸਕਦਾ ਕਿਤੇ ਕੋਈ ਖੋਟ ਬੇਲੀ।
ਓਹਲਾ ਕਿਸੇ ਦਾ ਰੱਖੀਏ ਕਦੀ ਕੋਈ ਨਾ,
ਬਰਾਬਰ ਸਾਰਿਆਂ 'ਤੇ ਕਰੀਏ ਚੋਟ ਬੇਲੀ।
ਰਿਹਾ ਨਹੀਂ ਕਿਸੇ ਦਾ ਕੱਖ ਵਸਾਹ ਲੱਗਦਾ,
ਮਾਇਆ ਦਾ ਖਿੱਚ ਪਾਊ ਹੁੰਦਾ ਨੋਟ ਬੇਲੀ।
ਜਾਂਦੇ ਕਰਨ ਕਈ ਜਾਂਚ ਹਨ ਦਫਤਰਾਂ ਤੋਂ,
ਕਰਦੇ ਲਾਲਚ ਫਿਰ ਜਾਂਦੇ ਈ ਫੜੇ ਬੇਲੀ।
ਬਚਿਆ ਤਾਂ ਹੀ ਸਮਾਜ ਆ ਰਹਿ ਸਕਦਾ,
ਨਿਯਮ ਸਾਰਿਆਂ ਲਈ ਹੋਵਣ ਕੜੇ ਬੇਲੀ।

-ਤੀਸ ਮਾਰ ਖਾਂ

# ਸਰਕਾਰ ਹੜ੍ਹ ਪੀੜਤਾਂ ਦੇ ਘਰਾਂ ਦੀ ਜਲਦੀ ਸਾਰ ਲਵੇ : ਸੋਹਲ, ਨਸੀਬ ਕੌਰ

## ਪੰਜਾਬ ਇਸਤਰੀ ਸਭਾ ਨੇ ਹੜ੍ਹ ਪੀੜਤਾਂ ਨੂੰ ਰਾਹਤ ਸਮੱਗਰੀ ਵੰਡੀ

**ਫਿਰੋਜ਼ਪੁਰ** : ਪੰਜਾਬ ਇਸਤਰੀ ਸਭਾ ਜ਼ਿਲ੍ਹਾ ਫਿਰੋਜ਼ਪੁਰ ਦੀ ਟੀਮ ਸੂਬਾ ਸਕੱਤਰ ਨਰਿੰਦਰ ਸੋਹਲ ਤੇ ਜ਼ਿਲ੍ਹਾ ਸਕੱਤਰ ਨਸੀਬ ਕੌਰ ਦੀ ਅਗਵਾਈ ਵਿੱਚ ਜ਼ਿਲੇ ਦੇ ਹੜ ਪ੍ਰਭਾਵਤ ਪਿੰਡਾਂ ਫੱਤੇਵਾਲਾ ਤੇ ਆਲੇਆਲਾ ਵਿੱਚ ਪਾਣੀ ਉਤਰਨ ਤੋਂ ਬਾਅਦ ਹੜ੍ਹਾਂ ਨਾਲ ਪ੍ਰਭਾਵਤ ਹੋਏ ਘਰਾਂ ਦਾ ਜਾਇਜ਼ਾ ਲੈਣ ਪਹੁੰਚੀ। ਪੀੜਤਾਂ ਨੇ ਕਿਹਾ ਕਿ ਵੱਖ-ਵੱਖ ਸੰਸਥਾਵਾਂ ਨੇ ਰਾਸ਼ਨ ਦੀ ਕੋਈ ਕਮੀ ਨਹੀਂ ਆਉਣ ਦਿੱਤੀ। ਹਰ ਤਰ੍ਹਾਂ ਦਾ ਲੰਗਰ ਤੇ ਸੁੱਕਾ ਰਾਸ਼ਨ ਹੁਣ ਤੱਕ ਵੀ ਵਾਧੂ ਮਿਲ ਰਿਹਾ ਹੈ, ਪਰ ਕਈ ਘਰਾਂ ਵਿੱਚ ਜ਼ਿਆਦਾ ਪਾਣੀ ਵੜ ਜਾਣ ਕਾਰਨ ਹਰ ਲੋੜੀਂਦੀ ਚੀਜ਼ ਖਰਾਬ ਹੋ ਗਈ ਹੈ, ਇਥੋਂ ਤੱਕ ਕਿ ਕੋਈ ਕੱਪੜਾ ਤੇ ਪੈਰੀਂ ਪਾਉਣ ਨੂੰ ਚੱਪਲਾਂ ਤੱਕ ਨਹੀਂ ਬਚੀਆਂ। ਬਹੁਤ ਕੁਝ ਰੁੜ੍ਹ ਗਿਆ ਜਾਂ ਗੰਦੇ ਪਾਣੀ ਨਾਲ ਖਰਾਬ ਹੋ ਗਿਆ। ਕਈ ਪਰਵਾਰਾਂ ਨੇ ਆਪਣੇ ਘਰਾਂ ਦੀ ਮਾੜੀ ਹਾਲਤ ਦਿਖਾਉਂਦਿਆਂ ਕਿਹਾ ਕਿ ਸਾਨੂੰ ਹੋਰ ਕੁਝ ਨਹੀਂ ਚਾਹੀਦਾ, ਬਸ ਸਾਡੇ ਘਰਾਂ ਨੂੰ ਰਹਿਣ ਯੋਗ ਬਣਾ ਦਿੱਤਾ ਜਾਵੇ। ਆਗੂਆਂ ਵੇਖਿਆ ਕਿ ਸੱਚਮੁੱਚ ਘਰਾਂ ਦਾ ਬਹੁਤ ਭਾਰੀ ਨੁਕਸਾਨ ਹੋਇਆ ਹੈ। ਨੀਹਾਂ ਵਿੱਚ ਪਾਣੀ ਪੈਣ ਕਾਰਨ ਕੰਧਾਂ ਤੇ ਫਰਸ਼ਾਂ ਬੈਠ ਗਈਆਂ ਹਨ। ਕਈ ਤਾਂ ਛੱਤਾਂ ਵੀ ਡਿੱਗਣ ਕਿਨਾਰੇ ਹਨ। ਪੰਜਾਬ ਇਸਤਰੀ ਸਭਾ ਦੀ ਟੀਮ ਨੇ ਵਿਸ਼ਵਾਸ ਦਿਵਾਇਆ ਕਿ ਮੰਗਾਂ ਸਰਕਾਰ ਤੱਕ ਜ਼ਰੂਰ ਪਹੁੰਚਾਈਆਂ ਜਾਣਗੀਆਂ, ਕਿਉਂਕਿ ਇਹ ਕੰਮ ਕਰਨਾ ਸਰਕਾਰਾਂ ਦੀ ਜ਼ਿੰਮੇਵਾਰੀ ਹੈ। ਜਾਇਜ਼ਾ ਲੈਣ ਤੋਂ ਬਾਅਦ ਟੀਮ ਵੱਲੋਂ ਲੋੜਵੰਦਾਂ ਨੂੰ ਲੋੜੀਂਦਾ ਸਮਾਨ ਦਿੱਤਾ ਗਿਆ, ਜਿਸ 'ਚ ਚਾਦਰਾਂ, ਕੰਬਲ, ਤੌਲੀਏ, ਚੱਪਲਾਂ, ਸੈਨਟਰੀ ਪੈਡ, ਅੰਡਰ ਗਾਰਮੈਂਟਸ, ਸਾਬਣ, ਪੇਸਟ, ਬੁਰੱਸ਼, ਓਡੋਮੋਸ ਅਤੇ ਪੁਰਾਣੇ ਚੰਗੀ ਹਾਲਤ ਵਾਲੇ ਸੂਟ ਤੇ ਬੱਚਿਆਂ ਦੇ ਕੱਪੜੇ ਸ਼ਾਮਲ ਸਨ।



ਪਾਣੀ ਦੇ ਖੜੇ ਰਹਿਣ ਕਾਰਨ ਤੇ ਫਸਲਾਂ ਦੇ ਖਰਾਬ ਹੋ ਜਾਣ ਕਾਰਨ ਹਰ ਪਾਸੇ ਬਦਬੂ ਫੈਲੀ ਹੋਈ ਹੈ। ਅਜਿਹੇ ਹਾਲਾਤ ਵਿੱਚ ਰਹਿਣਾ ਮਜਬੂਰੀ ਹੈ, ਕਿਉਂਕਿ ਘਰ ਛੱਡਣੇ ਸੌਖੇ ਨਹੀਂ, ਪਰ ਬਿਮਾਰੀਆਂ ਫੈਲਣ ਦਾ ਖਤਰਾ ਬਰਕਰਾਰ ਹੈ। ਇਸ ਪਾਸੇ ਵੀ ਧਿਆਨ ਦੇਣ ਦੀ ਲੋੜ ਹੈ। ਡਾਕਟਰੀ ਟੀਮਾਂ ਦਾ ਪਿੰਡਾਂ ਵਿੱਚ ਪਹੁੰਚਣਾ ਜ਼ਰੂਰੀ ਹੈ। ਇਸ ਮੌਕੇ ਦਰਸ਼ਨ ਜ਼ੀਰਵੀ, ਬੇਅੰਤ ਕੌਰ, ਸਿਮਰਨ, ਕੁਸਮ, ਸ਼ਵਿੰਦਰ ਕੌਰ ਅਤੇ ਬਲਵੀਰ ਕੌਰ ਵੀ ਨਾਲ ਸਨ। ਮਲਕੀਤ ਸਿੰਘ ਵੱਲੋਂ ਭੈਣਾਂ ਨੂੰ ਪਿੰਡਾਂ ਵਿੱਚ ਪਹੁੰਚਾਉਣ ਦੀ ਜ਼ਿੰਮੇਵਾਰੀ ਨਿਭਾਈ ਗਈ।

# ਸਿਹਤ ਮੰਤਰੀ ਦਾ ਨਿੱਜੀ ਹੰਭਲਾ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**

ਸਿਹਤ ਤੇ ਪਰਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਵੀਰਵਾਰ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਦੇ ਨਾਲ ਜ਼ਿਲ੍ਹਾ ਗੁਰਦਾਸਪੁਰ ਦੇ ਹੜ੍ਹ ਪ੍ਰਭਾਵਤ ਪਿੰਡ ਡੇਹਰੀਵਾਲ ਕਿਰਨ, ਰਣਸੀਕੇ ਤਿੱਲਾ, ਖੁਸ਼ਹਾਲਪੁਰ, ਰੱਤਾ ਅਤੇ ਸ਼ਾਹਪੁਰ ਜਾਜਨ ਦਾ ਦੌਰਾ ਕੀਤਾ ਗਿਆ। ਉਨ੍ਹਾ ਆਪਣੀ ਨੇਕ ਕਮਾਈ ਵਿੱਚੋਂ ਅਤੇ ਆਪਣੇ ਸਾਥੀਆਂ ਦੇ ਸਹਿਯੋਗ ਨਾਲ ਹੜ੍ਹ ਪ੍ਰਭਾਵਤ ਪਰਵਾਰਾਂ ਨੂੰ 50-50 ਹਜ਼ਾਰ ਰੁਪਏ ਦੀ ਆਰਥਕ ਸਹਾਇਤਾ ਦੇ ਚੈੱਕ ਦਿੱਤੇ। ਸਿਹਤ ਮੰਤਰੀ ਦੇ ਨਾਲ ਉਨ੍ਹਾਂ ਦੀ ਧਰਮ ਪਤਨੀ ਰੁਪਿੰਦਰਜੀਤ ਸੈਣੀ, ਵਧੀਕ ਡਿਪਟੀ ਕਮਿਸ਼ਨਰ (ਜਨਰਲ) ਡਾ. ਹਰਜਿੰਦਰ ਸਿੰਘ ਬੇਦੀ, ਐੱਸ ਡੀ ਐੱਮ ਕਲਾਨੌਰ ਮੈਡਮ ਜਯੋਤਸਨਾ ਸਿੰਘ, ਐੱਸ ਡੀ ਐੱਮ ਡੇਰਾ ਬਾਬਾ ਨਾਨਕ ਡਾ. ਆਦਿਤਯ ਸ਼ਰਮਾ, ਐੱਸ ਡੀ ਐੱਮ ਫਤਿਹਗੜ੍ਹ ਚੂੜੀਆਂ ਗੁਰਮੰਦਰ ਸਿੰਘ, ਸਿਵਲ ਸਰਜਨ ਡਾ. ਜਸਵਿੰਦਰ ਸਿੰਘ ਤੋਂ ਇਲਾਵਾ ਹੋਰ ਅਧਿਕਾਰੀ ਵੀ ਹਾਜ਼ਰ ਸਨ।

ਡਾ. ਬਲਬੀਰ ਸਿੰਘ ਨੇ ਕਿਹਾ ਕਿ ਜਿੱਥੇ ਪੰਜਾਬ ਸਰਕਾਰ ਵੱਲੋਂ ਹੜ੍ਹ • ਬਾਕੀ ਸਫ਼ਾ 2 'ਤੇ

## ਪ੍ਰਧਾਨ ਮੰਤਰੀ ਨੇ ਹਾਸੋਹੀਣਾ ਪੈਕੇਜ ਐਲਾਨ ਕਰਕੇ ਪੰਜਾਬ ਦਾ ਮਜ਼ਾਕ ਉਡਾਇਆ : ਕੋਹਲੀ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਪ੍ਰਧਾਨ ਮੰਤਰੀ 'ਤੇ ਤੰਜ ਕਸਦਿਆਂ ਆਖਿਆ ਕਿ ਪਿਛਲੇ 15 ਦਿਨਾਂ ਤੋਂ ਸਾਰਾ ਪੰਜਾਬ ਹੜ੍ਹ ਵਿਚ ਰੁੜਿਆ ਪਿਆ ਹੈ ਤੇ ਪੰਜਾਬ ਨੂੰ ਪ੍ਰਧਾਨ ਮੰਤਰੀ ਉਪਰ ਵੱਡੀਆਂ ਆਸਾਂ ਸਨ, ਪਰ ਜੋ ਐਲਾਨ ਪ੍ਰਧਾਨ ਮੰਤਰੀ ਨੇ ਕੀਤਾ ਹੈ, ਉਸ ਪੈਕੇਜ ਤੋਂ ਸਪੱਸ਼ਟ ਹੈ ਕਿ ਇਹ ਪੰਜਾਬੀਆਂ ਦਾ ਮਜ਼ਾਕ ਉੱਡਿਆ ਹੈ।ਅਜੀਤਪਾਲ ਕੋਹਲੀ ਨੇ ਆਖਿਆ ਕਿ ਸਮੁੱਚੀ ਪੰਜਾਬ ਸਰਕਾਰ, ਸਾਰਾ ਪੰਜਾਬ ਪ੍ਰਧਾਨ ਮੰਤਰੀ ਨੂੰ ਇਕੱਲੇ ਹੜ੍ਹ ਪੀੜਤਾਂ ਲਈ 20 ਹਜ਼ਾਰ ਕਰੋੜ ਦਾ ਪੈਕੇਜ ਮੰਗ ਰਿਹਾ ਸੀ, ਪਰ ਐਲਾਨ ਸਿਰਫ਼ 1600 ਕਰੋੜ ਦਾ ਹੋਇਆ ਹੈ, ਜਦੋਂ ਕਿ ਇਹ ਵੀ ਸਪਸ਼ਟ ਹੈ ਕਿ ਪੰਜਾਬ ਦਾ ਨੁਕਸਾਨ ਬਹੁਤ ਵੱਡਾ ਹੋਇਆ ਹੈ, ਜਿਹੜਾ 20 ਹਜ਼ਾਰ ਕਰੋੜ ਵਿਚ ਵੀ ਪੂਰਾ ਨਹੀਂ ਹੋਵੇਗਾ।ਉਨ੍ਹਾਂ ਆਖਿਆ ਕਿ ਇਕ ਵਾਰ ਫਿਰ ਸਿੱਧ ਹੋ ਗਿਆ ਹੈ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਹੀ ਲੋਕਾਂ ਦੀ ਅਸਲ ਵਾਰਿਸ ਹੈ।ਉਨ੍ਹਾਂ ਆਖਿਆ ਕਿ ਸੂਬਾ ਸਰਕਾਰ ਨੇ ਪਹਿਲਾਂ ਹੀ ਕਿਸਾਨਾਂ ਨੂੰ 20 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਹੈ, ਇਸ ਦੇ ਨਾਲ ਹੀ ਜਿਹਦਾ ਖੇਤ ਉਸ ਦੀ ਰੇਤ ਨੀਤੀ ਨੂੰ ਮਨਜ਼ੂਰੀ ਦਿੱਤੀ ਹੈ ਤੇ ਇਹ ਵੀ ਸਪਸ਼ਟ ਕੀਤਾ ਹੈ ਕਿ 31 ਦਸੰਬਰ ਤੱਕ ਬਿਨਾ ਪਰਮਿਟ ਤੋਂ ਕਿਸਾਨ ਆਪਣੀ ਜ਼ਮੀਨ ਤੋਂ ਰੇਤਾ ਚੁੱਕਣ ਦੀ ਇਜਾਜ਼ਤ ਹੋਵੇਗੀ।ਵਿਧਾਇਕ ਕੋਹਲੀ ਨੇ ਪ੍ਰਨੀਤ ਕੌਰ ਤੇ ਬੀਬਾ ਜੈ ਇੰਦਰ ਕੌਰ 'ਤੇ ਤਨਜ਼ ਕਸਦਿਆਂ ਆਖਿਆ ਕਿ ਬੜੀ ਹੈਰਾਨੀ ਦੀ ਗੱਲ ਹੈ ਕਿ ਜਦੋਂ ਇਨ੍ਹਾਂ ਦੀਆਂ ਆਪਣੀਆਂ ਸਰਕਾਰਾਂ ਰਹੀਆਂ ਅਤੇ 25 ਸਾਲ ਇਨ੍ਹਾਂ ਨੇ ਸੂਬੇ ਤੇ ਦਿੱਲੀ ਦੀ ਰਾਜ ਸੱਤਾ ਦਾ ਆਨੰਦ ਮਾਣਿਆ, ਉਸ ਵੇਲੇ ਇਨ੍ਹਾਂ ਪੰਜ ਸਾਲ ਘੱਗਰ ਦਾ ਕੁੱਝ ਵੀ ਨਹੀਂ ਕੀਤਾ।ਹੁਣ ਇਹ ਕਹਿ ਰਹੇ ਹਨ ਕਿ ਅਸੀਂ ਪ੍ਰਧਾਨ ਮੰਤਰੀ ਨੂੰ ਪੱਤਰ ਲਿਖਿਆ ਹੈ ਕਿ ਘੱਗਰ ਨੂੰ ਪੱਕਾ ਕਰੋ ਤਾਂ ਜੁ ਕਿਸਾਨਾਂ ਦਾ ਨੁਕਸਾਨ ਨਾ ਹੋਵੇ।

## ਦਾਣਾ ਮੰਡੀ 'ਚ ਬਾਸਮਤੀ ਦੀ ਖਰੀਦ ਸ਼ੁਰੂ ਕਰਾਈ

**ਧੂਰੀ (ਮਨੋਹਰ ਸਿੰਘ ਸੱਗੂ, ਮੋਹਿਤ ਗਰਗ)**-ਝੋਨੇ ਦੇ ਚਾਲੂ ਸੀਜ਼ਨ ਦੌਰਾਨ ਨਵੀਂ ਅਨਾਜ ਮੰਡੀ 'ਚ ਬਾਸਮਤੀ ਝੋਨੇ ਦੀ ਆਈ ਪਹਿਲੀ ਢੇਰੀ ਦੀ ਖ਼ਰੀਦ ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਜਤਿੰਦਰ ਸਿੰਘ ਸੋਨੀ ਮੰਡੇਰ ਵੱਲੋਂ ਕਰਾਈ ਗਈ।ਜਤਿੰਦਰ ਸਿੰਘ ਸੋਨੀ ਮੰਡੇਰ ਨੇ ਦੱਸਿਆ ਕਿ ਪਿੰਡ ਮੂਲੋਵਾਲ ਦੇ ਕਿਸਾਨ ਜਗਰਾਜ ਸਿੰਘ ਵੱਲੋਂ ਲਿਆਂਦੇ ਬਾਸਮਤੀ 1509 ਕਿਸਮ ਦੇ ਝੋਨੇ ਦੀ ਖਰੀਦ ਏਸ਼ੀਆ ਦੇ ਪ੍ਰਸਿੱਧ ਚਾਵਲ ਉਦਯੋਗ ਕੇ.ਆਰ.ਬੀ.ਐਲ ਭਸੌੜ ਵੱਲੋਂ 3195 ਰੁਪਏ ਕੁਇੰਟਲ ਦੇ ਹਿਸਾਬ ਨਾਲ ਖਰੀਦ ਕੀਤੀ ਗਈ।

ਉਨ੍ਹਾਂ ਅਗਾਮੀ ਝੋਨੇ ਦੇ ਸੀਜ਼ਨ ਦੇ ਮੱਦੇਨਜ਼ਰ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਸੀਜ਼ਨ ਨੂੰ ਸਹੀ ਤਰੀਕੇ ਨਾਲ ਨੇਪਰੇ ਚਾੜ੍ਹਨ ਲਈ ਕਿਸਾਨ ਅਨਾਜ ਮੰਡੀਆਂ ਵਿੱਚ ਸੁੱਕਾ ਤੇ ਸਾਫ਼ ਸੁਥਰਾ ਝੋਨਾ ਲਿਆਉਣ ਤਾਂ ਜੁ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਦੀ ਇੰਨ-ਬਿੰਨ ਪਾਲਣਾ ਕਰਦਿਆਂ ਨਿਰਧਾਰਤ ਸਮੇਂ ਦੇ ਅੰਦਰ ਝੋਨੇ ਦੀ ਸਰਕਾਰੀ ਖਰੀਦ ਕਰਾ ਕੇ ਅਦਾਇਗੀ ਪ੍ਰਕਿਰਿਆ ਅਮਲ ਵਿੱਚ ਲਿਆਂਦੀ ਜਾ ਸਕੇ।

## 'ਆਪ' ਆਗੂ ਲਛਮਣ ਸਿੰਘ ਗਰੇਵਾਲ ਸਾਥੀਆਂ ਸਮੇਤ ਕਾਂਗਰਸ 'ਚ ਸ਼ਾਮਲ



**ਖੰਨਾ (ਸੁਖਵਿੰਦਰ ਸਿੰਘ ਭਾਦਲਾ)**

ਪੰਜਾਬ ਕੈਬਨਿਟ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਦੇ ਕਵਰਿੰਗ ਉਮੀਦਵਾਰ ਰਹੇ ਸੀਨੀਅਰ 'ਆਪ' ਆਗੂ ਲਛਮਣ ਸਿੰਘ ਗਰੇਵਾਲ ਨੇ ਸਾਥੀਆਂ ਸਮੇਤ ਕਾਂਗਰਸ 'ਚ ਸ਼ਾਮਲ ਹੋਣ ਤੋਂ ਬਾਅਦ 'ਆਪ' ਸਰਕਾਰ ਵੱਲੋਂ ਖੰਨਾ 'ਚ ਭ੍ਰਿਸ਼ਟਾਚਾਰ ਕਰਨ ਦੇ ਦੋਸ਼ ਲਾਏ ਹਨ।ਉਨ੍ਹਾਂ ਵੱਲੋਂ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਤੇ ਦੂਜੀਆਂ ਪਾਰਟੀਆਂ 'ਚ 'ਆਪ' 'ਚ ਸ਼ਾਮਲ ਹੋਣ ਵਾਲਿਆਂ ਵੱਲੋਂ 'ਆਪ' ਦੇ ਟਕਸਾਲੀ ਵਲੰਟੀਅਰਾਂ ਕੀਤੇ ਗਏ ਮਾੜੇ ਵਿਹਾਰ ਦਾ ਪਰਦਾਫ਼ਾਸ ਕੀਤਾ।

ਇਸ ਮੌਕੇ ਸਾਬਕਾ ਵਿਧਾਇਕ 'ਆਪ+ ਜੈਤੋ ਮਾ. ਬਲਦੇਵ ਸਿੰਘ ਨੇ ਕਿਹਾ ਕਿ ਮੰਤਰੀ ਸੌਂਦ ਵੱਲੋਂ ਚਾਰ ਬਲਾਕ ਪ੍ਰਧਾਨਾਂ ਖ਼ਿਲਾਫ਼ ਪਰਚਾ ਦਰਜ ਕਰਾਇਆ ਗਿਆ ਸੀ।ਕਾਂਗਰਸ ਪਾਰਟੀ ਸਾਰੇ ਧਰਮਾਂ ਤੇ ਜਾਤਾਂ ਦਾ ਸਤਿਕਾਰ ਕਰਦੀ ਹੈ।ਇਹ ਸਭ ਤੋਂ ਵਧੀਆ ਪਾਰਟੀ ਹੈ।ਆਮ ਆਦਮੀ ਪਾਰਟੀ ਦੇ ਮੰਤਰੀ ਤੇ ਐਮ ਐਲ ਏ ਵੱਲੋਂ ਪਾਰਟੀ ਦੇ ਪੁਰਾਣੇ ਵਰੰਟੀਅਰ ਨੂੰ ਰੱਜ ਕੇ ਜ਼ਲੀਲ ਕੀਤਾ, ਸਭ ਦੇ ਸਾਹਮਣੇ ਹੈ। ਜਿਹੜੀਆਂ ਗੱਲਾਂ ਸੁਖਪਾਲ ਸਿੰਘ ਖਹਿਰਾ ਤੇ ਉਨ੍ਹਾਂ ਵੱਲੋਂ ਕੀਤੀਆਂ ਗਈਆਂ ਹਨ ਕਿ 'ਆਪ' ਦੀ ਸੋਚ ਪੰਜਾਬ ਵਿਰੋਧੀ ਹੈ, ਉਹ ਸਭ ਸੱਚ ਹੋ ਗਈਆਂ ਹਨ। ਲਛਮਣ ਸਿੰਘ ਗਰੇਵਾਲ ਨੇ ਕਿਹਾ ਕਿ ਮੰਤਰੀ ਸੌਂਦ ਬਾਂਹ ਕੱਢ ਕੇ ਖੜੀ ਕਰਕੇ ਕਹਿਣ ਕਿ ਖੰਨਾ 'ਚ ਇੱਕ ਵੀ ਰਜਿਸਟਰੀ ਬਿਨਾਂ ਪੈਸੇ ਤੋਂ ਹੁੰਦੀ ਹੈ।ਇਕ ਵੀ ਐੱਨਓਸੀ ਬਗ਼ੈਰ ਪੈਸੇ ਤੋਂ ਹੁੰਦੀ ਹੈ।ਇਸ ਤੋਂ ਇਲਾਵਾ ਦਫ਼ਤਰਾਂ 'ਚ ਦਲਾਲ ਬਿਠਾਏ ਹੋਏ ਹਨ।ਜਿਸ ਕਰਕੇ ਕੁਰੱਪਸ਼ਨ ਦਾ ਬੋਲਬਾਲਾ ਹੈ।

ਜਦੋਂ ਬਲਾਕ ਪ੍ਰਧਾਨਾਂ 'ਤੇ ਪਰਚੇ ਦਰਜ ਕਰਾਏ, ਉਦੋਂ ਕਹਿੰਦੇ ਸੀ ਕਿ ਆਪ ਭ੍ਰਿਸ਼ਟਾਚਾਰ ਦੇ ਮਾਮਲੇ 'ਚ ਜ਼ੀਰੋ ਟਾਲਰੈਂਸ ਨੀਤੀ 'ਤੇ ਹੈ।ਅੱਜ ਜੀਰੋ ਟੋਲਰੈਂਸ ਕਿੱਥੇ ਹੈ।ਰੇਹੜੀ-ਫੜ੍ਹੀ ਵਾਲਿਆਂ ਤੋਂ ਵੀ ਪੈਸੇ ਇੱਕਠੇ ਕੀਤੇ ਜਾਂਦੇ ਹਨ।ਉਨ੍ਹਾਂ ਕਿਹਾ ਕਿ ਬਲਾਕ ਪ੍ਰਧਾਨਾਂ ਨੇ ਜੂਏ ਦੇ ਅੱਡੇ ਬੰਦ ਕਰਾਏ, ਸਰਕਾਰੀ ਬੱਸਾਂ 'ਚ ਤੇਲ ਚੋਰੀ ਹੁੰਦਾ ਫੜਿਆ ਤੇ ਨਜਾਇਜ਼ ਉਸਾਰੀਆਂ ਕਰਕੇ ਸਰਕਾਰ ਨੂੰ ਚੂਨਾ ਲਾਉਣ ਵਾਲੇ ਫੜੇ।

ਸਾਬਕਾ ਮੰਤਰੀ ਗੁਰਕੀਰਤ ਸਿੰਘ ਕੋਟਲੀ ਨੇ ਕਿਹਾ ਕਿ ਲਛਮਣ ਸਿੰਘ ਗਰੇਵਾਲ ਤੇ ਸਾਥੀ ਪੰਜਾਬ ਦੇ ਭਲੇ ਲਈ ਵਲੰਟੀਅਰ 'ਆਪ' ਨਾਲ ਜੁੜੇ ਸਨ, ਪਰ 'ਆਪ' ਦੀਆਂ ਭ੍ਰਿਸ਼ਟਾਚਾਰ ਤੇ ਲੋਕ ਉਮੀਦਾਂ 'ਤੇ ਪੂਰੀ ਨਾ ਉਤਰਨ, ਟਕਸਾਲੀ ਵਲੰਟੀਅਰਾਂ ਨੂੰ ਨਜ਼ਰਅੰਦਾਜ਼ ਕਰਨ ਤੋਂ ਦੁਖੀ ਹੋ ਕੇ ਕਾਂਗਰਸ 'ਚ ਸ਼ਾਮਲ ਹੋਏ ਹਨ।

## ਸ਼ਹੀਦ ਮਲਕੀਤ ਸਿੰਘ ਹਡਾਣਾ ਦੀ 25ਵੀਂ ਸਲਾਨਾ ਬਰਸੀ ਭਲਕੇ ਮਨਾਈ ਜਾਵੇਗੀ : ਢਿੱਲੋਂ



**ਸਨੌਰ/ਪਟਿਆਲਾ (ਰਾਜਿੰਦਰ ਸਿੰਘ)**-ਸਨੌਰ ਦੇ ਪਿੰਡ ਹਡਾਣਾ ਵਿੱਚ ਸ਼ਹੀਦ ਮਲਕੀਤ ਸਿੰਘ ਹਡਾਣਾ ਦੀ 25ਵੀਂ ਸਲਾਨਾ ਬਰਸੀ 13 ਸਤੰਬਰ ਨੂੰ ਸਤਿਕਾਰ ਅਤੇ ਸਮਾਜਿਕ ਸੇਵਾ ਦੇ ਕਾਰਜਾਂ ਨਾਲ ਮਨਾਈ ਜਾਵੇਗੀ।ਇਸ ਸਬੰਧੀ ਜਾਣਕਾਰੀ ਦਿੰਦਿਆਂ ਅਮਰਜੀਤ ਸਿੰਘ ਜਾਗਦੇ ਰਹੋ ਨੇ ਦੱਸਿਆ ਕਿ ਬਰਸੀ ਮੌਕੇ ਖ਼ੂਨਦਾਨ ਕੈਂਪ, ਮੈਡੀਕਲ ਕੈਂਪ ਅਤੇ ਮੁਫ਼ਤ ਅੱਖਾਂ ਦੀ ਜਾਂਚ ਦਾ ਕੈਂਪ ਲਗਾਇਆ ਜਾਵੇਗਾ।ਸੰਗਤ ਲਈ ਲੰਗਰ ਦਾ ਅਟੁੱਟ ਪ੍ਰਬੰਧ ਵੀ ਕੀਤਾ ਗਿਆ ਹੈ।ਇਸ ਮੌਕੇ ਪਟਿਆਲਾ ਲੋਕ ਸਭਾ ਦੇ ਇੰਚਾਰਜ ਤੇ ਚੇਅਰਮੈਨ ਬਲਜਿੰਦਰ ਸਿੰਘ ਢਿੱਲੋਂ ਨੇ ਕਿਹਾ ਕਿ ਸ਼ਹੀਦ ਮਲਕੀਤ ਸਿੰਘ ਦੀ ਕੁਰਬਾਨੀ ਸਿਰਫ ਪਿੰਡ ਹੀ ਨਹੀਂ, ਪੂਰੇ ਇਲਾਕੇ ਲਈ ਮਾਣ ਦੀ ਗੱਲ ਹੈ। ਉਹਨਾਂ ਕਿਹਾ ਕਿ ਹਰ ਸਾਲ ਇਸ ਬਰਸੀ 'ਤੇ ਸਮਾਜਿਕ ਕਾਰਜ ਕਰਵਾ ਕੇ ਨਵੀਂ ਪੀੜ੍ਹੀ ਨੂੰ ਸ਼ਹੀਦਾਂ ਦੇ ਬਲਿਦਾਨ ਦੀ ਮਹੱਤਤਾ ਦੱਸਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।ਉਹਨਾਂ ਕਿਹਾ ਕਿ ਸ਼ਹੀਦ ਮਲਕੀਤ ਸਿੰਘ ਵਰਗੇ ਜਵਾਨਾਂ ਦੀ ਕੁਰਬਾਨੀ ਕਰਕੇ ਹੀ ਅਸੀਂ ਅੱਜ ਖੁੱਲ੍ਹੀ ਹਵਾ ਵਿੱਚ ਸਾਹ ਲੈ ਰਹੇ ਹਾਂ।ਢਿੱਲੋਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਬਰਸੀ ਸਮਾਗਮ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਸ਼ਮੂਲੀਅਤ ਕਰਕੇ ਸ਼ਹੀਦ ਪ੍ਰਤੀ ਸਤਿਕਾਰ ਪ੍ਰਗਟ ਕਰਨ ।ਇਸ ਮੌਕੇ ਚੇਅਰਮੈਨ ਬਲਜਿੰਦਰ ਸਿੰਘ ਢਿੱਲੋਂ, ਰਾਜ ਕੁਮਾਰ ਮਿਠਾਰੀਆ, ਜਸਵੰਤ ਰਾਏ, ਲਖਵਿੰਦਰ ਸਿੰਘ ਢਿੱਲੋਂ, ਗੱਜਣ ਸਿੰਘ, ਰਜਿੰਦਰ ਸਿੰਘ ਮੋਹਲ, ਮਨਦੀਪ ਜੋਲਾ, ਛੀਨਾ ਸੰਧੂ ਫਾਰਮ ਅਤੇ ਪ੍ਰਧਾਨ ਅਮਰਜੀਤ ਸਿੰਘ ਜਾਗਦੇ ਰਹੋ ਹਾਜ਼ਰ ਸੀ।

## ਹੜ੍ਹ ਪੀੜਤਾਂ ਦੀ ਸੁੱਖ ਸੇਵਾ ਸਿਮਰਨ ਟਰੱਸਟ ਵੱਲੋਂ ਸੇਵਾ ਰਹੇਗੀ ਜਾਰੀ : ਦਾਦੂਵਾਲ



**ਲੁਧਿਆਣਾ (ਰਾਜ ਸਿੰਗਲਾ)**-ਸੁਖ ਸੇਵਾ ਸਿਮਰਨ ਟਰੱਸਟ ਵੀ ਆਪਣੇ ਤੌਰ 'ਤੇ ਬਹੁਤ ਵੱਡੀ ਸੇਵਾ ਪੰਜਾਬ ਵਿਚ ਹੜ੍ਹ ਪੀੜਤ ਇਲਾਕਿਆਂ ਵਿੱਚ ਨਿਭਾ ਰਿਹਾ ਹੈ।ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਚੇਅਰਮੈਨ ਸੁਖ ਸੇਵਾ ਸਿਮਰਨ ਸੋਸਾਇਟੀ ਅਤੇ ਧਰਮ ਪ੍ਰਚਾਰ ਹਰਿਆਣਾ ਗੁਰਦੁਆਰਾ ਕਮੇਟੀ ਨੇ ਪੰਜਾਬ ਵਿੱਚ ਵਿਖੇ ਹੜ੍ਹ ਪੀੜਤ ਪਿੰਡਾਂ ਦਾ ਦੌਰਾ ਕਰਦਿਆਂ ਮੀਡੀਆ ਨਾਲ ਗੱਲਬਾਤ ਦੌਰਾਨ ਕੀਤਾ। ਜਥੇਦਾਰ ਦਾਦੂਵਾਲ ਨੇ ਆਖਿਆ ਕਿ ਜਿੱਥੇ ਖਾਣ ਪੀਣ ਪਹਿਨਣ ਦੀਆਂ ਵਸਤਾਂ ਪਸ਼ੂਆਂ ਦੇ ਚਾਰੇ ਦੀ ਸਹਾਇਤਾ ਉੱਥੇ ਗੁਰੂ ਘਰਾਂ ਦੀ ਕਾਰ ਸੇਵਾ ਤੇ ਟੁੱਟੇ ਧੁੱਸੀ ਬੰਨ੍ਹਾਂ ਨੂੰ ਮੁੜ ਬੰਨ੍ਹਣ ਦੀ ਕਾਰ ਸੇਵਾ ਕਰ ਰਹੇ ਟਰੈਕਟਰਾਂ ਨੂੰ ਡੀਜ਼ਲ ਦੀ ਸੇਵਾ 'ਚ ਵੀ ਆਪਣਾ ਬਣਦਾ ਯੋਗਦਾਨ ਪਾ ਰਹੇ ਹਨ। ਜਥੇਦਾਰ ਦਾਦੂਵਾਲ ਨੇ ਆਪਣੇ ਸੁੱਖ ਸੇਵਾ ਸਿਮਰਨ ਟਰੱਸਟ ਵੱਲੋਂ ਰਾਵੀ ਪਾਰ ਪਿੰਡ ਤੂਰਬਾਨੀ ਦੇ ਗੁਰਦੁਆਰਾ ਸਾਹਿਬ ਦੀ ਕਾਰ ਸੇਵਾ ਲਈ 1 ਲੱਖ ਰੁਪਏ, ਪਿੰਡ ਆਦੀ ਡੀਜ਼ਲ ਲਈ 50ਹਜ਼ਾਰ, ਸਦਦੁਲਗੜ੍ਹ 50 ਹਜ਼ਾਰ, ਰਮਦਾਸ ਘੋਨੇਵਾਲ ਬੰਨ੍ਹ ਤੇ ਬਾਬਾ ਸਤਨਾਮ ਸਿੰਘ ਕਾਰ ਸੇਵਾ ਗੁਰੂ ਕੇ ਬਾਗ ਵਾਲਿਆਂ ਨੂੰ 50 ਹਜ਼ਾਰ, ਕਰਤਾਰਪੁਰ ਕੋਰੀਡੋਰ ਨੇੜੇ ਬੰਨ੍ਹ ਦੀ ਸੇਵਾ ਕਰ ਰਹੇ ਬਾਬਾ ਸੁਖਵਿੰਦਰ ਸਿੰਘ ਗੁਰਦੁਆਰਾ ਯਾਦਗਾਰ ਸ਼ਹੀਦਾਂ ਅਗਵਾਣ ਨੂੰ 50 ਹਜ਼ਾਰ ਰੁਪਏ ਡੀਜ਼ਲ ਵਾਸਤੇ ਭੇਟ ਕੀਤੇ। ਜਥੇਦਾਰ ਦਾਦੂਵਾਲ ਦੇ ਨਾਲ ਹਰਿਆਣਾ ਸਿੰਘ ਗੁਰਦੁਆਰਾ ਪ੍ਰਬੰਧਕ ਕਮੇਟੀ ਹਲਕਾ ਕਾਲਕਾ ਤੋਂ ਮੈਂਬਰ ਗੁਰਮੀਤ ਸਿੰਘ ਰਾਮਸਰ ਸੀਨੀਅਰ ਮੀਤ ਪ੍ਰਧਾਨ, ਹਲਕਾ ਪੰਚਕੂਲਾ ਤੋਂ ਮੈਂਬਰ ਸਵਰਨ ਸਿੰਘ ਬੁੰਗਾ ਟਿੱਬੀ, ਹਲਕਾ ਬਰਾੜਾ ਅੰਬਾਲਾ ਤੋਂ ਮੈਂਬਰ ਰਜਿੰਦਰ ਸਿੰਘ ਕੋਕੀ, ਮੇਅਰ ਭੁਪਿੰਦਰ ਸਿੰਘ ਪਾਣੀਪਤ ਮੈਂਬਰ, ਜਥੇਦਾਰ ਸੁਖਵਿੰਦਰ ਸਿੰਘ ਮੰਡੇਬਰ ਸਕੱਤਰ ਜਨਰਲ ਸ਼੍ਰੋਮਣੀ ਅਕਾਲੀ ਦਲ ਆਜ਼ਾਦ ਵੱਡੀ ਮਾਤਰਾ ਵਿੱਚ ਪਾਣੀਪਤ, ਕਾਲਕਾ, ਪਿੰਜੌਰ, ਪੰਚਕੂਲਾਂ ਤੋਂ ਰਸਦਾਂ ਬਸਤਾਂ ਲੈ ਕੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਹੱਥੀਂ ਸੇਵਾ ਕਰ ਰਹੇ ਹਨ। ਜਥੇਦਾਰ ਦਾਦੂਵਾਲ ਨੇ ਕਿਹਾ ਕੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਆਮ ਵਰਗੇ ਹਾਲਾਤ ਹੋਣ ਤੱਕ ਸੇਵਾ ਲਗਾਤਾਰ ਜਾਰੀ ਰਹੇਗੀ।

## ਵਜ਼ੀਰ ਸਿੰਘ ਦੇ ਭੋਗ ਮੌਕੇ ਪਰਵਾਰ ਨੂੰ ਸਰਕਾਰ ਵੱਲੋਂ ਚਾਰ ਲੱਖ ਰੁਪਏ ਭੇਟ

### *ਗੁਰਪ੍ਰੀਤ ਸਿੰਘ ਜੀ.ਪੀ ਨੇ ਦਿੱਤਾ ਇੱਕ ਲੱਖ ਰੁਪਿਆ*

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**-ਮੁੱਖ ਮੰਤਰੀ ਭਗਵੰਤ ਸਿੰਘ ਦੀ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਇਸ ਕੁਦਰਤੀ ਆਫ਼ਤ ਦਾ ਸਾਹਮਣਾ ਕਰਨ ਲਈ ਸੂਬੇ ਦੇ ਹੜ੍ਹ ਪ੍ਰਭਾਵਤ ਪਿੰਡਾਂ ਦੇ ਲੋਕਾਂ ਦੇ ਨਾਲ ਖੜੀ ਹੈ ਤੇ ਇਸੇ ਤਹਿਤ ਹੀ ਜਿੱਥੇ ਇਨ੍ਹਾਂ ਲੋਕਾਂ ਨੂੰ ਹਰ ਪ੍ਰਕਾਰ ਦੀ ਰਾਹਤ ਸਮੱਗਰੀ ਪਹੁੰਚਾਈ ਜਾ ਰਹੀ ਹੈ, ਉੱਥੇ ਪੰਜਾਬ ਸਰਕਾਰ ਵੱਲੋਂ ਫ਼ਾਜ਼ਿਲਕਾ ਦੇ ਗੇਤੇ ਵਾਲੀ ਭੈਣੀ ਦੇ ਮ੍ਰਿਤਕ ਵਜ਼ੀਰ ਸਿੰਘ ਦੇ ਪਰਿਵਾਰਕ ਮੈਂਬਰਾਂ ਨੂੰ 4 ਲੱਖ ਦੀ ਸਹਾਇਤਾ ਰਾਸ਼ੀ ਭੇਟ ਕੀਤੀ ਗਈ। ਇਹ ਜਾਣਕਾਰੀ ਦਿੰਦਿਆਂ ਵਿਧਾਇਕ ਸ੍ਰੀ. ਨਰਿੰਦਰਪਾਲ ਸਿੰਘ ਸਵਨਾ ਨੇ ਕਿਹਾ ਕਿ ਪਿਛਲੇ ਦਿਨੀਂ ਵਜ਼ੀਰ ਸਿੰਘ ਦੀ ਸੱਪ ਦੇ ਕੱਟਣ ਨਾਲ ਮੌਤ ਹੋ ਗਈ ਸੀ। ਅੱਜ ਵਜ਼ੀਰ ਸਿੰਘ ਦੀ ਆਤਮਾ ਦੀ ਸ਼ਾਂਤੀ ਲਈ ਅੰਤਮ ਅਰਦਾਸ ਵਿਚ ਪਹੁੰਚ ਕੇ ਪੰਜਾਬ ਸਰਕਾਰ ਵੱਲੋਂ ਆਈ 4 ਲੱਖ ਦੀ ਸਹਾਇਤਾ ਰਾਸ਼ੀ ਭੇਟ ਕੀਤੀ।ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਮੌਤ ਦੀ ਖਬਰ ਸੁਣਦੇ ਸਾਰ ਸਾਡੇ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਤੇ ਐੱਸ.ਸੀ ਵਿੰਗ ਪੰਜਾਬ ਆਮ ਆਦਮੀ ਪਾਰਟੀ ਪ੍ਰਧਾਨ ਗੁਰਪ੍ਰੀਤ ਸਿੰਘ ਜੀਪੀ ਨੇ ਵੀ ਪਰਵਾਰ ਨਾਲ ਦੁੱਖ ਸਾਂਝਾ ਕੀਤਾ। ਉਨ੍ਹਾਂ ਅੱਗੇ ਕਿਹਾ ਕਿ ਉਨ੍ਹਾਂ ਨੂੰ ਬਹੁਤ ਦੁੱਖ ਹੈ ਕਿ ਵਜ਼ੀਰ ਸਿੰਘ ਦੀ ਪਤਨੀ ਦਾ ਪਹਿਲਾਂ ਹੀ ਦੇਹਾਂਤ ਹੋ ਗਿਆ ਸੀ ਤੇ ਹੁਣ ਵਜ਼ੀਰ ਸਿੰਘ ਦੀ ਮੌਤ ਤੋਂ ਬਾਅਦ ਇਨ੍ਹਾਂ ਦੇ 4 ਬੱਚੇ ਰਹਿ ਗਏ ਹਨ। ਉਨ੍ਹਾਂ ਕਿਹਾ ਕਿ ਵਜ਼ੀਰ ਸਿੰਘ ਦਾ ਘਰ ਪਾਣੀ ਨਾਲ ਘਿਰਿਆ ਹੋਇਆ ਹੈ ਤੇ ਪਾਣੀ ਘਟਮ ਹੋਣ 'ਤੇ ਜੇਕਰ ਘਰ ਦਾ ਵੀ ਕੋਈ ਖਰਾਬਾ ਹੁੰਦਾ ਹੈ ਤਾਂ ਉਹ ਠੀਕ ਕਰ ਕੇ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਉਹ ਪਰਿਵਾਰ ਦੀ ਹਰ ਸੰਭਵ ਮਦਦ ਕਰਨਗੇ।ਉਨ੍ਹਾਂ ਪੰਜਾਬ ਸਰਕਾਰ ਵੱਲੋਂ ਭੇਜੀ ਸਹਾਇਤਾ ਰਾਸ਼ੀ ਲਈ ਪੰਜਾਬ ਸਰਕਾਰ ਦਾ ਵੀ ਧੰਨਵਾਦ। ਅੰਤਿਮ ਅਰਦਾਸ ਵਿੱਚ ਆਮ ਆਦਮੀ ਪਾਰਟੀ ਐੱਸ.ਸੀ ਵਿੰਗ ਪੰਜਾਬ ਪ੍ਰਧਾਨ ਗੁਰਪ੍ਰੀਤ ਸਿੰਘ ਜੀਪੀ ਸ਼ਾਮਲ ਹੋਏ ਤੇ ਪਰਵਾਰ ਨੂੰ 1 ਲੱਖ ਦੀ ਸਹਾਇਤਾ ਰਾਸ਼ੀ ਭੇਟ ਕੀਤੀ।ਗੁਰਪ੍ਰੀਤ ਸਿੰਘ ਜੀਪੀ ਨੇ ਪਰਿਵਾਰ ਨੂੰ ਕਿਹਾ ਕਿ ਜੇਕਰ ਕਿਸੇ ਵੀ ਤਰ੍ਹਾਂ ਦੀ ਸਹਾਇਤਾ ਦੀ ਲੋੜ ਹੈ ਤਾਂ ਉਹ ਕਦੇ ਵੀ ਉਨ੍ਹਾਂ ਤੋਂ ਮਦਦ ਦੀ ਮੰਗ ਕਰ ਸਕਦੇ ਹਨ, ਉਹ ਸਦਾ ਪਰਵਾਰ ਦੀ ਸਹਾਇਤਾ ਲਈ ਤਤਪਰ ਰਹਿਣਗੇ।

## ਸੋਨੀਆ ਗਾਂਧੀ ਵਿਰੁੱਧ ਦਾਇਰ ਪਟੀਸ਼ਨ ਰੱਦ

**ਨਵੀਂ ਦਿੱਲੀ :** ਰਾਊਜ਼ ਐਵੇਨਿਊ ਅਦਾਲਤ ਨੇ ਕਾਂਗਰਸ ਦੀ ਸਾਬਕਾ ਪ੍ਰਧਾਨ ਸੋਨੀਆ ਗਾਂਧੀ ਵਿਰੁੱਧ ਦਾਇਰ ਅਪਰਾਧਿਕ ਪਟੀਸ਼ਨ ਨੂੰ ਰੱਦ ਕਰ ਦਿੱਤਾ, ਜਿਸ ਵਿਚ ਉਨ੍ਹਾ 'ਤੇ ਭਾਰਤੀ ਨਾਗਰਿਕਤਾ ਪ੍ਰਾਪਤ ਕਰਨ ਤੋਂ ਪਹਿਲਾਂ ਵੋਟਰ ਸੂਚੀ ਵਿਚ ਨਾਂਅ ਦਰਜ ਕਰਵਾਉਣ ਲਈ ਜਾਲ੍ਹਸਾਜ਼ੀ ਦਸਤਾਵੇਜ਼ਾਂ ਦਾ ਦੋਸ਼ ਲਾਇਆ ਗਿਆ ਸੀ। ਅਦਾਲਤ ਨੇ ਆਪਣੇ ਹੁਕਮ ਵਿੱਚ ਕਿਹਾ ਕਿ ਸੋਨੀਆ ਗਾਂਧੀ ਵਿਰੁੱਧ ਲਾਏ ਦੋਸ਼ਾਂ ਵਿੱਚ ਕੋਈ ਦਮ ਨਹੀਂ ਹੈ।

## ਵਿਧਾਇਕ ਨੇ ਖੇਤੀ ਹਾਦਸਾ ਪੀੜਤਾਂ ਨੂੰ ਸਹਾਇਤਾ ਰਾਸ਼ੀ ਦੇ ਸੌਂਪੇ ਚੈੱਕ

**ਮਾਨਸਾ (ਆਤਮਾ ਸਿੰਘ ਪਮਾਰ)**-ਹਲਕਾ ਵਿਧਾਇਕ ਮਾਨਸਾ ਡਾ. ਵਿਜੇ ਸਿੰਗਲਾ ਨੇ ਵੱਖ ਵੱਖ ਪਿੰਡਾਂ ਦੇ ਖੇਤੀ ਹਾਦਸਾ ਪੀੜਤਾਂ ਨੂੰ ਸਹਾਇਤਾ ਰਾਸ਼ੀ ਦੇ ਚੈੱਕ ਸੌਂਪੇ।ਇਸ ਮੌਕੇ ਉਨ੍ਹਾਂ ਨਾਲ ਚੇਅਰਮੈਨ ਮਾਰਕੀਟ ਕਮੇਟੀ ਮਾਨਸਾ ਗੁਰਪ੍ਰੀਤ ਸਿੰਘ ਭੁੱਚਰ ਵੀ ਮੌਜੂਦ ਸਨ।ਡਾ. ਸਿੰਗਲਾ ਨੇ ਕਿਹਾ ਕਿ ਖੇਤੀਬਾੜੀ ਨਾਲ ਸਬੰਧਤ ਕੰਮ ਕਰਨ ਵਾਲੇ ਲੋਕਾਂ ਨਾਲ ਕੰਮ ਕਰਨ ਸਮੇਂ ਕਿਸੇ ਹਾਦਸੇ ਕਰਕੇ ਕੋਈ ਅੰਗ ਪੈਰ ਜਾਂ ਸਰੀਰ ਦਾ ਨੁਕਸਾਨ ਹੁੰਦਾ ਹੈ ਤਾਂ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਦੀ ਵਿੱਤੀ ਸਹਾਇਤਾ ਕੀਤੀ ਜਾਂਦੀ ਹੈ।ਉਨ੍ਹਾਂ ਦੱਸਿਆ ਕਿ ਪਿੰਡ ਬੁਰਜ ਹਰੀ ਦੀ ਮਹਿੰਦਰ ਕੌਰ ਨੂੰ 48 ਹਜ਼ਾਰ ਰੁਪਏ, ਠੂਠਿਆਂਵਾਲੀ ਦੇ ਰਾਮਪਾਲ ਸਿੰਘ ਨੂੰ 24 ਹਜ਼ਾਰ ਰੁਪਏ, ਮਾਨਸਾ ਦੀ ਕਾਂਤਾ ਦੇਵੀ ਨੂੰ 40 ਹਜ਼ਾਰ ਰੁਪਏ, ਭੈਣੀ ਬਾਘਾ ਦੇ ਹਰਬੰਸ ਸਿੰਘ ਨੂੰ 24 ਹਜ਼ਾਰ ਰੁਪਏ ਤੇ ਮਾਨਸਾ ਦੇ ਸਵਰਨ ਸਿੰਘ ਨੂੰ 36 ਹਜ਼ਾਰ ਰੁਪਏ ਦੇ ਸਹਾਇਤਾ ਰਾਸ਼ੀ ਦੇ ਚੈੱਕ ਸੌਂਪੇ ਗਏ ਹਨ।ਚੇਅਰਮੈਨ ਮਾਰਕਿਟ ਕਮੇਟੀ ਮਾਨਸਾ ਗੁਰਪ੍ਰੀਤ ਸਿੰਘ ਭੁੱਚਰ ਨੇ ਕਿਹਾ ਕਿ ਪੰਜਾਬ ਸਰਕਾਰ ਕਿਸਾਨ ਮਜ਼ਦੂਰਾਂ ਦੇ ਹੱਕਾਂ ਦੀ ਰਾਖੀ ਲਈ ਹਮੇਸ਼ਾ ਵਚਨਬੱਧ ਹੈ ਤੇ ਸਦਾ ਉਨ੍ਹਾਂ ਨਾਲ ਮੋਢੇ ਨਾਲ ਮੋਢਾ ਲਾ ਕੇ ਖੜੀ ਹੈ।

## ਐਨ ਆਰ ਆਈ ਪਰਿਵਾਰ ਨੇ ਦੋ ਘਰਾਂ ਨੂੰ ਬਣਾਉਣ ਦੀ ਜ਼ਿੰਮੇਵਾਰੀ ਲਈ



**ਜਗਰਾਉਂ (ਅਮਿਤ ਖੰਨਾ)**-ਪਿਛਲੇ ਦਿਨੀ ਹੋਈ ਬਰਸਾਤ ਕਾਰਨ ਪਿੰਡ ਮੱਲ੍ਹਾ ਦੇ ਸੱਤ ਘਰ ਡਿੱਗ ਪਏ ਹਨ।ਇਨ੍ਹਾਂ ਸੱਤਾਂ ਘਰਾਂ ਵਿੱਚੋਂ ਦੋ ਨੂੰ ਬਣਾਉਣ ਲਈ ਪਿੰਡ ਮੱਲ੍ਹਾ ਦੇ ਸਾਬਕਾ ਸਰਪੰਚ ਸਵ: ਪੂਰਨ ਸਿੰਘ ਸੂਬੇਦਾਰ ਦੇ ਪੁੱਤਰ ਰਣਜੀਤ ਸਿੰਘ ਕੈਨੇਡੀਅਨ ਨੇ ਦੋ ਘਰਾ ਨੂੰ ਬਣਾਉਣ ਦੀ ਜ਼ਿੰਮੇਵਾਰੀ ਲਈ ਹੈ।ਸਾਬਕਾ ਸਰਪੰਚ ਹਰਬੰਸ ਸਿੰਘ ਢਿੱਲੋਂ ਅਤੇ ਕਲੱਬ ਪ੍ਰਧਾਨ ਕੁਲਦੀਪ ਸਿੰਘ ਗੋਗਾ ਨੇ ਦੱਸਿਆ ਕਿ ਬਰਸਾਤ ਕਾਰਨ ਚਤਰ ਸਿੰਘ ਪੁੱਤਰ ਜਗਰੂਪ ਸਿੰਘ ਤੇ ਪੱਪੂ ਸਿੰਘ ਪੁੱਤਰ ਤੇਜਾ ਸਿੰਘ ਦੇ ਘਰ ਡਿੱਗ ਪਏ ਹਨ।ਇਨ੍ਹਾਂ ਦੇ ਘਰਾਂ ਨੂੰ ਬਣਾਉਣ ਦਾ ਬੀੜਾ ਕੈਨੇਡਾ ਬੈਠੇ ਰਣਜੀਤ ਸਿੰਘ ਨੇ ਸਾਨੂੰ ਜ਼ਿੰਮੇਵਾਰੀ ਦਿੱਤੀ ਹੈ ਅਤੇ ਇਹ ਦੋਵੇਂ ਘਰ ਆਉਣ ਵਾਲੇ ਕੁਝ ਹੀ ਦਿਨਾਂ ਵਿੱਚ ਬਣਾ ਦਿੱਤੇ ਜਾਣਗੇ, ਕਿਉਂਕਿ ਮੌਜੂਦਾ ਸਮੇਂ ਇਹ ਦੋਵੇਂ ਪਰਵਾਰ ਪਿੰਡ ਦੀ ਧਰਮਸ਼ਾਲਾ ਵਿੱਚ ਦਿਨ-ਕਟੀ ਕਰ ਰਹੇ ਹਨ।ਇਸ ਮੌਕੇ ਸਾਬਕਾ ਸਰਪੰਚ ਹਰਬੰਸ ਸਿੰਘ ਢਿੱਲੋਂ ਅਤੇ ਕਲੱਬ ਪ੍ਰਧਾਨ ਕੁਲਦੀਪ ਸਿੰਘ ਗੋਗਾ ਨੇ ਰਣਜੀਤ ਸਿੰਘ ਕੈਨੇਡੀਅਨ ਦੇ ਪਰਵਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਨੂੰ ਹਮੇਸ਼ਾ ਹੀ ਲੋੜਵੰਦ ਪਰਵਾਰਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ।

## ਕ੍ਰਿਸ਼ਨਾ ਬਾਂਸਲ ਦੀ ਯਾਦ 'ਚ ਵਰਲਡ ਕੈਂਸਰ ਕੇਅਰ ਵੱਲੋਂ ਮੁਫਤ ਮੈਡੀਕਲ ਕੈਂਪ



**ਸਮਾਣਾ (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ)**-ਮਾਤਾ ਨੈਨਾ ਆਰੀਆ ਧਰਮਸ਼ਾਲਾ 'ਚ ਵਰਲਡ ਕੈਂਸਰ ਕੇਅਰ ਚੈਰੀਟੇਬਲ ਟਰੱਸਟ ਵੱਲੋਂ ਕ੍ਰਿਸ਼ਨਾ ਬਾਂਸਲ ਦੀ ਯਾਦ ਵਿੱਚ ਸਿੰਘ ਸੇਵਾ ਫਾਊਂਡੇਸ਼ਨ ਤੇ ਸ੍ਰੀ ਮਹਾਦੇਵ ਰਾਈਸ ਮਿਲ ਦੇ ਸਹਿਯੋਗ ਨਾਲ ਕੈਂਪ ਦਾ ਆਯੋਜਨ ਕੀਤਾ ਗਿਆ।ਡਾਕਟਰ ਕੁਲਵੰਤ ਸਿੰਘ ਧਾਲੀਵਾਲ ਚੇਅਰਮੈਨ ਵਰਲਡ ਕੈਂਸਰ ਨੇ ਦੱਸਿਆ ਕਿ ਵਰਲਡ ਕੈਂਸਰ ਕੇਅਰ ਤੇ ਐਸ ਵੀ ਆਈ ਕਾਰਡ ਵੱਲੋਂ ਕੈਂਸਰ ਜਾਂਚ ਕੀਤੀ ਜਾ ਰਹੀ ਹੈ, ਜਿਸ ਦੌਰਾਨ ਹੱਡੀਆਂ, ਪੀ.ਐਸ.ਏ. ਮੈਮੋਗ੍ਰਾਫੀ, ਪੈਪ ਸਮੀਅਰ ਆਦਿ ਸਾਰੇ ਟੈੱਸਟ ਵਰਲਡ ਕੈਂਸਰ ਕੇਅਰ ਸੋਸਾਇਟੀ ਦੇ ਲੈਬ ਦੇ ਟੈਕਨੀਕਲ ਸਟਾਫ ਅਤੇ ਮਾਹਿਰ ਡਾਕਟਰਾਂ ਦੀ ਟੀਮ ਵੱਲੋਂ ਕੀਤੇ ਗਏ ਹਨ।ਲੇਡੀ ਡਾਕਟਰਾਂ ਦੀ ਟੀਮ ਨੇ ਔਰਤਾਂ ਨੂੰ ਛਾਤੀ ਅਤੇ ਬੱਚੇਦਾਨੀ ਦੇ ਕੈਂਸਰ ਬਾਰੇ ਜਾਗਰੂਕ ਕਰਕੇ ਚੈਕਅਪ ਕੀਤਾ।ਇਸ ਮੌਕੇ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ। ਬੁਲਾਰਿਆਂ ਨੇ ਦੱਸਿਆ ਕਿ ਪੰਜਾਬ ਵਿੱਚ ਕੈਂਸਰ ਦੀ ਬਿਮਾਰੀ ਦਿਨੋ ਦਿਨ ਵਧ ਕੇ ਭਿਆਨਕ ਰੂਪ ਧਾਰਨ ਕਰਦੀ ਜਾ ਰਹੀ ਹੈ। ਇਸ ਬਿਮਾਰੀ ਬਾਰੇ ਆਮ ਲੋਕਾਂ ਨੂੰ ਪਤਾ ਵੀ ਨਹੀਂ ਚੱਲਦਾ, ਜੋ ਟੈਸਟ ਹਨ ਉਹ ਬਹੁਤ ਮਹਿੰਗੇ ਹਨ ਮਹਿੰਗੇ ਟੈਸਟ ਹੋਣ ਕਰਕੇ ਮਰੀਜ਼ ਇਲਾਜ ਕਰਾਉਣ ਤੋਂ ਅਸਮਰਥ ਹੋ ਜਾਂਦੇ ਹਨ। ਸੰਸਥਾ ਵੱਲੋਂ ਕੀਤਾ ਗਿਆ ਉਪਰਾਲਾ ਬਹੁਤ ਵਧੀਆ ਹੈ, ਜਿਸ ਨਾਲ ਆਮ ਮਰੀਜ਼ਾਂ ਨੂੰ ਇਸ ਦੀ ਜਾਣਕਾਰੀ ਦੇ ਨਾਲ-ਨਾਲ ਇਲਾਜ ਵੀ ਮਿਲੇਗਾ।

## ਸਰਕਾਰ ਹੜ੍ਹ ਪੀੜਤਾਂ ਨੂੰ ਤੁਰੰਤ ਬਣਦਾ ਮੁਆਵਜ਼ਾ ਦੇਵੇ : ਕਾਮਰੇਡ ਆਜ਼ਾਦ



**ਦੇਵੀਗੜ੍ਹ/ਪਟਿਆਲਾ (ਤਜਿੰਦਰ ਸਿੰਘ ਥਿੰਦ)**-ਕੁੱਲ ਹਿੰਦ ਕਿਸਾਨ ਸਭਾ ਦੇ ਸੀਨੀਅਰ ਆਗੂ ਕਾਮਰੇਡ ਰਮੇਸ਼ ਸਿੰਘ ਆਜ਼ਾਦ ਨੇ ਜਥੇਬੰਦੀ ਦੇ ਆਗੂਆਂ ਸਮੇਤ ਟਾਂਗਰੀ ਪਾਰ ਹੜ੍ਹ ਪ੍ਰਭਾਵਤ ਇਲਾਕੇ ਦਾ ਦੌਰਾ ਕੀਤਾ ਅਤੇ ਕਿਸਾਨਾਂ ਨਾਲ ਗੱਲਬਾਤ ਕੀਤੀ। ਇਸ ਮੌਕੇ ਉਨ੍ਹਾ ਕਿਹਾ ਕਿ ਕਾਮਰੇਡ ਦਲੀਪ ਸਿੰਘ ਜਿਨ੍ਹਾ ਘੱਗਰ, ਮਾਰਕੰਡਾ ਅਤੇ ਟਾਂਗਰੀ ਨਦੀ ਲਈ ਬਹੁਤ ਵੱਡੇ ਸੰਘਰਸ਼ ਲੜੇ, ਉਨ੍ਹਾਂ ਵਾਰ-ਵਾਰ ਉਸ ਸਮੇਂ ਦੇ ਡਿਪਟੀ ਕਮਿਸ਼ਨਰ ਟੀ ਸੀ ਗੁਪਤਾ, ਡਾ. ਬੀ ਸੀ ਗੁਪਤਾ ਅਤੇ ਐੱਸ ਐੱਸ ਡਾਬਰਾ ਆਦਿ ਸੀਨੀਅਰ ਅਧਿਕਾਰੀਆਂ ਨੂੰ ਵਾਰ-ਵਾਰ ਲਿਆ ਕੇ ਮੌਕੇ ਦਿਖਾਉਣੇ ਅਤੇ ਬੰਨ੍ਹਾਂ ਨੂੰ ਮਜ਼ਬੂਤ ਕਰਵਾਉਣ ਲਈ ਬਹੁਤ ਸੰਘਰਸ਼ ਕੀਤਾ। ਉਨ੍ਹਾ ਕਿਹਾ ਕਿ ਸਾਨੂੰ ਮਾਣ ਹੈ ਕਿ ਬੰਨ੍ਹਾਂ ਦੀ ਮਜ਼ਬੂਤੀ ਲਈ ਕੁੱਲ ਹਿੰਦ ਕਿਸਾਨ ਸਭਾ ਜਥੇਬੰਦੀ ਲੋਕਾਂ ਦੇ ਸਹਿਯੋਗ ਨਾਲ ਸੰਘਰਸ਼ ਕਰਦੀ ਰਹੀ ਹੈ। ਕਾਮਰੇਡ ਰਮੇਸ਼ ਸਿੰਘ ਆਜ਼ਾਦ ਅਤੇ ਜਥੇਬੰਦੀ ਦੇ ਆਗੂਆਂ ਵੱਲੋਂ ਇਲਾਕੇ ਦੇ ਹੜ੍ਹ ਪ੍ਰਭਾਵਤ ਕਿਸਾਨਾਂ ਨਾਲ ਹਮਦਰਦੀ ਜਤਾਉਂਦੇ ਹੋਏ ਸਰਕਾਰ ਤੋਂ ਮੰਗ ਕੀਤੀ ਕਿ ਸਰਕਾਰ ਹੜ੍ਹ ਪੀੜਤ ਕਿਸਾਨਾਂ ਦੀ ਸਾਰ ਲਵੇ। ਇਸ ਮੌਕੇ ਜੈ ਰਾਮ ਭਾਨਰਾ, ਕਮਲੇਸ਼ ਨੰਬਰਦਾਰ ਦੇਵੀਗੜ੍ਹ, ਰਾਕੇਸ਼ ਸੋਹਲ, ਸੰਗਰਾਮ ਦੀਪ ਸਿੰਘ, ਲਾਭ ਸਿੰਘ ਬੀਬੀਪੁਰ, ਅਨੂਪ ਸਿੰਘ ਮਲਕਪੁਰ, ਦਵਿੰਦਰ ਸਿੰਘ ਬੰਟੀ, ਸੁਨਿਹਰਾ ਸਿੰਘ ਤੇ ਪਾਲਾ ਸਿੰਘ ਰੋਹੜ ਜਗੀਰ, ਕਰਨੈਲ ਸਿੰਘ ਦੇਵੀਗੜ੍ਹ, ਤਰਸੇਮ ਸਿੰਘ ਬਰਕਤ ਪੁਰ ਆਦਿ ਹਾਜ਼ਰ ਸਨ।

## ਵਿਧਾਇਕ ਨੇ ਮ੍ਰਿਤਕ ਬਾਬੂ ਸਿੰਘ ਦੇ ਪਰਵਾਰ ਨੂੰ ਸੌਂਪਿਆ 4 ਲੱਖ ਦਾ ਚੈੱਕ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪਿੰਡ ਟੱਲੀ ਗੁਲਾਮ ਦੇ ਰਹਿਣ ਵਾਲੇ ਬਾਬੂ ਸਿੰਘ ਪੁੱਤਰ ਦਿਆਲ ਸਿੰਘ ਦੀ ਹੜ੍ਹ ਦੇ ਪਾਣੀ ਵਿਚ ਡੁੱਬਣ ਕਾਰਨ ਮੌਤ ਹੋ ਗਈ ਸੀ। ਵਿਧਾਇਕ ਫਿਰੋਜ਼ਪੁਰ ਸ਼ਹਿਰੀ ਰਣਬੀਰ ਸਿੰਘ ਭੁੱਲਰ ਨੇ ਬਾਬੂ ਸਿੰਘ ਦੀ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਪੰਜਾਬ ਸਰਕਾਰ ਵੱਲੋਂ ਆਰਥਿਕ ਮੱਦਦ ਵਜੋਂ ਪਰਿਵਾਰ ਨੂੰ 4 ਲੱਖ ਰੁਪਏ ਸਹਾਇਤਾ ਰਾਸ਼ੀ ਦਾ ਚੈੱਕ ਭੇਟ ਕੀਤਾ।ਇਸ ਤੋਂ ਇਲਾਵਾ 25 ਹਜ਼ਾਰ ਰੁਪਏ ਦੀ ਰਾਸ਼ੀ ਮ੍ਰਿਤਕ ਦੇ ਅੰਤਮ ਸਸਕਾਰ ਲਈ ਭੇਟ ਕੀਤੀ। ਉਨ੍ਹਾਂ ਨਾਲ ਦਿੱਲੀ ਦੇ ਸਾਬਕਾ ਕੈਬਨਿਟ ਮੰਤਰੀ ਸੋਮਨਾਥ ਭਾਰਤੀ ਵੀ ਹਾਜ਼ਰ ਸਨ। ਵਿਧਾਇਕ ਰਣਬੀਰ ਸਿੰਘ ਭੁੱਲਰ ਨੇ ਦੱਸਿਆ ਕਿ ਮ੍ਰਿਤਕ ਬਾਬੂ ਸਿੰਘ ਮਜ਼ਦੂਰੀ ਕਰਦਾ ਸੀ। ਹੜ੍ਹ ਦੇ ਪਾਣੀ ਵਿਚ ਡੁੱਬ ਜਾਣ ਕਾਰਨ ਉਨ੍ਹਾਂ ਦੀ ਮੌਤ ਹੋ ਗਈ। ਮ੍ਰਿਤਕ ਆਪਣੇ ਪਿੱਛੇ ਉਸ ਦੀ ਬਜ਼ੁਰਗ ਮਾਤਾ, ਪਤਨੀ, ਇਕ ਪੁੱਤਰ ਅਤੇ ਇਕ ਧੀ ਛੱਡ ਗਿਆ ਹੈ। ਉਨ੍ਹਾਂ ਕਿਹਾ ਕਿ ਪਰਵਾਰ ਨੂੰ ਪਿਆ ਇਹ ਘਾਟਾ ਕਦੇ ਵੀ ਪੂਰਾ ਨਹੀਂ ਹੋ ਸਕਦਾ, ਪਰ ਇਸ ਦੁੱਖ ਦੀ ਘੜੀ ਵਿਚ ਪੰਜਾਬ ਸਰਕਾਰ ਦੁਖੀ ਪਰਵਾਰ ਦੇ ਨਾਲ ਹਮਦਰਦੀ ਰੱਖਦੀ ਹੈ ਅਤੇ ਉਨ੍ਹਾਂ ਦੀ ਆਰਥਿਕ ਮੱਦਦ ਲਈ ਉਨ੍ਹਾਂ ਨੂੰ 4 ਲੱਖ ਰੁਪਏ ਦਾ ਚੈੱਕ ਭੇਟ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਦੁੱਖ ਦੀ ਘੜੀ ਵਿਚ ਉਹ ਪਰਵਾਰ ਦੇ ਨਾਲ ਖੜੇ ਹਨ।

## ਸੀਆ ਰਾਮ ਦੁਸਹਿਰਾ ਕਮੇਟੀ ਦੀ ਮੀਟਿੰਗ 'ਚ ਪ੍ਰੇਮ ਧਵਨ ਸਰਬਸੰਮਤੀ ਨਾਲ ਬਣੇ ਕਮੇਟੀ ਦੇ ਪ੍ਰਧਾਨ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਪਿਛਲੇ 27 ਸਾਲ ਤੋਂ ਫਿਰੋਜ਼ਪੁਰ ਸ਼ਹਿਰ ਵਿੱਚ ਦੁਸਹਿਰੇ ਦਾ ਪਵਿੱਤਰ ਤਿਉਹਾਰ ਮਨਾ ਰਹੀ ਸੀਆ ਰਾਮ ਦੁਸਹਿਰਾ ਕਮੇਟੀ ਦੀ ਇਸ ਸਾਲ ਦੀ ਵਿਸ਼ੇਸ਼ ਮੀਟਿੰਗ ਦੁਸਹਿਰਾ ਗਰਾਊਂਡ ਵਿਚ ਮੁੱਖ ਮੇਲਾ ਪ੍ਰਬੰਧਕ ਵਿਜੇ ਮੌਂਗਾ ਦੀ ਅਗਵਾਈ ਵਿਚ ਹੋਈ ਹੋਈ, ਜਿੱਥੇ ਇਸ ਸਾਲ ਹੋਣ ਵਾਲੇ ਦੁਸਹਿਰੇ ਦੇ ਪ੍ਰਬੰਧਾਂ ਲਈ ਚਰਚਾ ਕੀਤੀ ਗਈ ਅਤੇ ਇਸ ਦੇ ਨਾਲ ਹੀ ਇਸ ਸਾਲ ਦੀ ਨਵੀਂ ਕਮੇਟੀ ਦੀ ਚੋਣ ਵੀ ਕੀਤੀ ਗਈ, ਜਿਸ ਵਿਚ ਸਰਬਸੰਮਤੀ ਨਾਲ ਪ੍ਰੇਮ ਧਵਨ ਨੂੰ ਇਸ ਸਾਲ ਦੁਸਹਿਰਾ ਕਮੇਟੀ ਦਾ ਪ੍ਰਧਾਨ ਅਤੇ ਨਰਿੰਦਰ ਕੱਕੜ ਨੂੰ ਚੇਅਰਮੈਨ ਚੁਣਿਆ ਗਿਆ। ਇਸ ਤੋਂ ਬਾਅਦ ਇਸ ਸਾਲ ਲਈ ਕਮੇਟੀ ਦਾ ਗਠਨ ਕਰਦੇ ਹੋਏ ਚੇਤਨ ਸ਼ਰਮਾ ਨੂੰ ਜਨਰਲ ਸੈਕਟਰੀ, ਪੰਡਿਤ ਵਿਨੋਦ ਸ਼ਰਮਾ ਸੀਨੀਅਰ ਵਾਈਸ ਪ੍ਰਧਾਨ, ਓਪੀ ਨਿੱਕਾ ਤੇ ਰਕੇਸ਼ ਮਨਚੰਦਾ ਉਪ ਪ੍ਰਧਾਨ ਚੁਣਿਆ ਗਿਆ। ਇਸ ਦੇ ਨਾਲ ਸੋਹਨ ਲਾਲ ਖੱਤਰੀ ਨੂੰ ਕੈਸ਼ੀਅਰ ਤੇ ਸੁਰਿੰਦਰ ਨਾਰੰਗ ਜੁਆਇੰਟ ਸਕੱਤਰ ਦੀ ਜ਼ਿੰਮੇਵਾਰੀ ਦਿੱਤੀ ਗਈ। ਪ੍ਰੈੱਸ ਸਕੱਤਰ ਵਿਜੇ ਧਵਨ ਤੇ ਸਟੇਜ ਸੈਕਟਰੀ ਦੀ ਜ਼ਿੰਮੇਵਾਰੀ ਨਰੇਸ਼ ਸ਼ਰਮਾ ਅਤੇ ਰਜੇਸ ਗਿਰਧਰ ਨੂੰ ਦਿੱਤੀ ਗਈ। ਸਟੋਰ ਕੀਪਰ ਦੀ ਜ਼ਿੰਮੇਵਾਰੀ ਸੁਰਿੰਦਰ ਵਧਵਾ ਤੇ ਹਾਊਸ ਮੈਨੇਜਰ ਦੀ ਜ਼ਿੰਮੇਵਾਰੀ ਗੁਰਮੀਤ ਸਿੰਘ ਕਾਕਾ ਅਟਵਾਲ ਨੂੰ ਦਿੱਤੀ ਗਈ। ਮੁੱਖ ਮੇਲਾ ਪ੍ਰਬੰਧਕ ਵਿਜੇ ਮੋਗਾ ਨੇ ਦੱਸਿਆ ਕਿ ਇਸ ਸਾਲ 2 ਅਕਤੂਬਰ ਨੂੰ ਮਨਾਏ ਜਾਣ ਵਾਲੇ ਇਸ ਦੁਸਹਿਰਾ ਦੇ ਤਿਉਹਾਰ ਵਿਚ ਆਤਿਸ਼ਬਾਜੀ ਵਿਸ਼ੇਸ਼ ਤੌਰ 'ਤੇ ਸ਼ਿਵਾਕਾਸੀ ਤੋਂ ਮੰਗਵਾਈ ਜਾ ਰਹੀ ਹੈ ਅਤੇ ਰਾਵਣ ਦੇ ਪੁਤਲੇ ਵੀ ਰਿਮੋਟ ਨਾਲ ਜਲਾਏ ਜਾਣਗੇ। ਉਨ੍ਹਾਂ ਦੱਸਿਆ ਕਿ ਇਸ ਵਾਰ ਹੋਣ ਵਾਲੇ ਇਸ ਦੁਸਹਿਰੇ ਦੇ ਤਿਉਹਾਰ ਵਿਚ ਸਾਬਕਾ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਮੁੱਖ ਮਹਿਮਾਨ ਹੋਣਗੇ ਤੇ ਫਿਰੋਜ਼ਪੁਰ ਦੀ ਪ੍ਰਸ਼ਾਸਨ ਦੇ ਉੱਚ ਅਧਿਕਾਰੀ ਵੀ ਸੱਦੇ ਜਾਣਗੇ।

# ...ਸ.ਫ਼ਾ 1 ਦੇ ਬਾਕੀ

### ਚੀਮਾ ਦੀ ਭਾਜਪਾ ਨੂੰ ...

ਪਲਟਵਾਰ ਕਰਦਿਆਂ ਕਿਹਾ ਕਿ ਜੋ ਲੋਕ ਕਦੇ ਪੰਜਾਬ ਅਤੇ ਉਸ ਦੇ ਅਧਿਕਾਰਾਂ ਲਈ ਖੜ੍ਹੇ ਨਹੀਂ ਹੋਏ, ਉਨ੍ਹਾਂ ਨੂੰ ਸਾਡੇ ਤੋਂ ਸਵਾਲ ਕਰਨ ਦਾ ਕੋਈ ਨੈਤਿਕ ਅਧਿਕਾਰ ਨਹੀਂ ਹੈ।ਉਹ ਸਿਰਫ਼ ਰਾਜਨੀਤਿਕ ਲਾਭ ਉਠਾਉਣ ਲਈ ਇੱਕ ਬਦਨੀਤੀ ਵਾਲੀ ਮੁਹਿੰਮ ਚਲਾ ਕੇ ਅਸਲ ਤੱਥਾਂ ਨੂੰ ਛੁਪਾ ਰਹੇ ਹਨ ਤਾਂ ਜੋ ਇਸ ਸੰਕਟ ਦੇ ਸਮੇਂ ਲੋਕਾਂ ਨੂੰ ਗੁੰਮਰਾਹ ਕੀਤਾ ਜਾ ਸਕੇ।ਚੀਮਾ ਨੇ ਭਾਜਪਾ ਪੰਜਾਬ ਦੇ ਆਗੂਆਂ ਨੂੰ ਚੁਣੌਤੀ ਦਿੱਤੀ ਕਿ ਉਹ ਆਪਣੀ ਬਦਨੀਤੀ ਵਾਲੀ ਮੁਹਿੰਮ ਬੰਦ ਕਰਨ ਅਤੇ ਜਵਾਬ ਦੇਣ ਕਿ ਕੇਂਦਰ ਨੇ ਐੱਸ ਡੀ ਆਰ ਐੱਫ ਬਾਰੇ ਝੂਠੀ ਕਹਾਣੀ ਬਣਾਉਣ ਦੀ ਕੋਸ਼ਿਸ਼ ਕਰਦਿਆਂ ਪੰਜਾਬ ਦੇ ਹਜ਼ਾਰਾਂ ਕਰੋੜ ਰੁਪਏ ਦੇ ਜਾਇਜ਼ ਬਕਾਏ ਨੂੰ ਕਿਉਂ ਰੋਕ ਰੱਖਿਆ ਹੈ।

### ਅੰਤਰਿਮ ਸਰਕਾਰ...

ਨਾਗਰਿਕਾਂ ਨੂੰ ਵੀਰਵਾਰ ਨੂੰ ਪੱਛਮੀ ਬੰਗਾਲ ਦੇ ਦਾਰਜੀਲਿੰਗ ਜ਼ਿਲ੍ਹੇ ਦੇ ਪਾਣੀਟੰਕੀ ਵਿੱਚ ਭਾਰਤ-ਨੇਪਾਲ ਸਰਹੱਦ ਪਾਰ ਕਰਕੇ ਵਾਪਸ ਘਰ ਪਰਤਦੇ ਦੇਖਿਆ ਗਿਆ।

ਨੇਪਾਲ ਦੀ ਇਹ ਸਥਿਤੀ 8 ਸਤੰਬਰ ਨੂੰ ਕਾਠਮੰਡੂ ਅਤੇ ਪੋਖਰਾ, ਬੁਟਵਾਲ ਅਤੇ ਬੀਰਗੰਜ ਸਮੇਤ ਹੋਰ ਵੱਡੇ ਸ਼ਹਿਰਾਂ ਵਿੱਚ ਸ਼ੁਰੂ ਹੋਏ ਵਿਰੋਧ ਪ੍ਰਦਰਸ਼ਨਾਂ ਕਾਰਨ ਬਣੀ ਹੈ, ਜਦੋਂ ਸਰਕਾਰ ਨੇ ਟੈਕਸ ਮਾਲੀਏ ਅਤੇ ਸਾਈਬਰ ਸੁਰੱਖਿਆ ਬਾਰੇ ਚਿੰਤਾਵਾਂ ਦਾ ਹਵਾਲਾ ਦਿੰਦੇ ਹੋਏ ਪ੍ਰਮੁੱਖ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਪਾਬੰਦੀ ਲਗਾ ਦਿੱਤੀ ਸੀ।

### ਸੀ ਪੀ ਆਈ ਦੀ 25ਵੀਂ...

ਆਈ ਵਾਤਾਵਰਣੀ ਤਬਾਹੀ ਵਰਗੇ ਮੁੱਦਿਆਂ ਉੱਤੇ ਵੀ ਚਰਚਾ ਹੋਵੇਗੀ।

ਪਾਰਟੀ ਕਾਂਗਰਸ ਦੀ ਇੱਕ ਖ਼ਾਸ ਬੈਠਕ ਗਾਜ਼ਾ ਵਿਚ ਇਜ਼ਰਾਇਲੀ ਫ਼ੌਜ ਵੱਲੋਂ ਮਾਸੂਮ ਫ਼ਲਸਤੀਨੀ ਲੋਕਾਂ ਦੇ ਕਤਲੇਆਮ ਦੀ ਕੜੀ ਨਿੰਦਾ ਕਰਨ ਲਈ ਸਮਰਪਿਤ ਹੋਵੇਗੀ। ਇਸ ਬੈਠਕ ਵਿਚ ਕਿਊਬਾ ਦੇ ਲੋਕਾਂ ਨਾਲ ਇਕਜੁੱਟਤਾ ਵੀ ਜਤਾਈ ਜਾਵੇਗੀ। ਕਿਊਬਾ ਅਤੇ ਫ਼ਲਸਤੀਨ ਦੇ ਰਾਜਦੂਤਵਾਸਾਂ ਦੇ ਨੁਮਾਇੰਦੇ ਵੀ ਹਾਜ਼ਰ ਹੋਣਗੇ. ਇਸ ਤੋਂ ਇਲਾਵਾ ਸੀ ਪੀ ਆਈ (ਐੱਮ), ਆਰ ਐੱਸ ਪੀ, ਫਾਰਵਰਡ ਬਲਾਕ, ਸੀ ਪੀ ਆਈ (ਐੱਮ ਐੱਲ) ਲਿਬਰੇਸ਼ਨ ਵਰਗੀਆਂ ਭਰਾਤਰੀ ਕਮਿਊਨਿਸਟ ਅਤੇ ਖੱਬੀਆਂ ਪਾਰਟੀਆਂ ਦੇ ਆਗੂ ਵੀ ਉਦਘਾਟਨੀ ਸੈਸ਼ਨ ਨੂੰ ਸੰਬੋਧਨ ਕਰਨਗੇ। ਸੀ ਪੀ ਆਈ ਦੇ ਨੇਤਾਵਾਂ ਨੇ ਫਾਸ਼ੀਵਾਦੀ ਤਾਕਤਾਂ ਦਾ ਮੁਕਾਬਲਾ ਕਰਨ ਅਤੇ ਲੋਕਾਂ ਦੇ ਅਧਿਕਾਰਾਂ ਦੀ ਰੱਖਿਆ ਲਈ ਖੱਬੇ ਅਤੇ ਲੋਕਤੰਤਰਕ ਏਕਤਾ ਪ੍ਰਤੀ ਆਪਣੀ ਵਚਨਬੱਧਤਾ ਨੂੰ ਦੁਹਰਾਇਆ। ਉਨ੍ਹਾਂ ਕਿਹਾ ਕਿ ਅਸਲ ਰਾਸ਼ਟਰਵਾਦ ਭਾਰਤ ਦੇ ਮਜ਼ਦੂਰ ਤੇ ਕਿਸਾਨ ਵਰਗ ਦੀ ਮਿਹਨਤ ਅਤੇ ਅਰਮਾਨਾਂ ਵਿਚ ਵਸਦਾ ਹੈ, ਨਾ ਕਿ ਧਾਰਮਕ ਵੰਡ ਜਾਂ ਕਾਰਪੋਰੇਟ ਲੁੱਟ ਵਿਚ। ਨੇਤਾਵਾਂ ਨੇ ਪੰਜਾਬ, ਹਿਮਾਚਲ ਪ੍ਰਦੇਸ਼, ਉੱਤਰਾਖੰਡ ਅਤੇ ਹੋਰ ਸੂਬਿਆਂ ਵਿਚ ਆਏ ਹੜ੍ਹਾਂ 'ਤੇ ਚਿੰਤਾ ਜਤਾਈ ਅਤੇ ਦੱਸਿਆ ਕਿ ਸੀ ਪੀ ਆਈ ਦੇ ਸੇਵਾਦਾਰ ਬਚਾਅ ਅਤੇ ਰਾਹਤ ਕੰਮਾਂ ਵਿਚ ਸਰਗਰਮ ਹਨ।

ਇਹ ਇਤਿਹਾਸਕ ਕਾਂਗਰਸ ਸੀ ਪੀ ਆਈ ਦੇ ਸ਼ਤਾਬਦੀ ਵਰ੍ਹੇ ਵਿਚ ਹੋ ਰਹੀ ਹੈ। 1925 ਵਿਚ ਸਥਾਪਤ ਹੋਈ ਪਾਰਟੀ 1924 ਦੇ ਕਾਨਪੁਰ ਸਾਜ਼ਿਸ਼ ਮਾਮਲੇ ਤੋਂ ਲੈ ਕੇ ਆਜ਼ਾਦੀ ਅੰਦੋਲਨ ਅਤੇ ਲੋਕ ਸੰਘਰਸ਼ਾਂ ਦੀ ਮੋਹਰੀ ਰਹੀ ਹੈ ਅਤੇ ਧਰਮ ਨਿਰਪੱਖਤਾ, ਸੰਘੀ ਪ੍ਰਣਾਲੀ, ਮਜ਼ਦੂਰਾਂ, ਕਿਸਾਨਾਂ, ਦਲਿਤਾਂ, ਆਦਿਵਾਸੀਆਂ, ਔਰਤਾਂ, ਘੱਟ ਗਿਣਤੀਆਂ ਅਤੇ ਹਾਸ਼ੀਏ 'ਤੇ ਧੱਕੇ ਜਾ ਚੁੱਕੇ ਲੋਕਾਂ ਦੇ ਅਧਿਕਾਰਾਂ ਦੀ ਹਮੇਸ਼ਾ ਪਹਿਰੇਦਾਰੀ ਕਰਦੀ ਰਹੀ ਹੈ। ਚੰਡੀਗੜ੍ਹ ਦੇ ਕਿਸਾਨ ਭਵਨ ਵਿਚ ਬਣਾਏ ਗਏ ਕਾਮਰੇਡ ਸੁਧਾਕਰ ਰੈਡੀ ਨਗਰ ਵਿੱਚ ਹੋਣ ਵਾਲੀ ਇਹ ਪਾਰਟੀ ਕਾਂਗਰਸ ਲੋਕਤੰਤਰ, ਸਮਾਜਕ ਨਿਆਂ, ਬਰਾਬਰੀ ਅਤੇ ਅਮਨ ਲਈ ਸੰਘਰਸ਼ਾਂ ਨੂੰ ਮਜ਼ਬੂਤ ਕਰਨ ਦਾ ਰਾਹ ਤੈਅ ਕਰੇਗੀ। ਪਾਰਟੀ ਨੇ ਐਲਾਨ ਕੀਤਾ : 'ਅਸੀਂ ਲੜਾਂਗੇ ਅਤੇ ਲੋਕ ਜਿੱਤਣਗੇ, ਨਿਆਂ ਅਤੇ ਸੱਚਾਈ ਦੀਆਂ ਤਾਕਤਾਂ ਕਾਮਯਾਬ ਹੋਣਗੀਆਂ।'

ਹਰ ਸ਼ਾਮ ਨੂੰ ਸੰਸਕ੍ਰਿਤਕ ਪ੍ਰੋਗਰਾਮ ਹੋਣਗੇ, ਜਿਨ੍ਹਾਂ ਵਿਚ ਇਨਕਲਾਬੀ ਗੀਤ, ਨਾਟਕ, ਕੋਰੀਓਗ੍ਰਾਫੀਆਂ ਅਤੇ ਲੋਕ-ਸੰਗੀਤ ਪੇਸ਼ ਕੀਤਾ ਜਾਵੇਗਾ। ਸੂਬੇ ਦੇ ਪ੍ਰਮੁੱਖ ਕਲਾਕਾਰ ਇਨ੍ਹਾਂ ਵਿਚ ਹਿੱਸਾ ਲੈਣਗੇ। ਪੱਤਰਕਾਰਾਂ ਨਾਲ ਆਰੰਭਕ ਵਾਰਤਾਲਾਪ ਕਰਦਿਆਂ ਡਾ. ਸਵਰਾਜਬੀਰ ਚੇਅਰਮੈਨ ਸੁਆਗਤੀ ਕਮੇਟੀ ਨੇ ਕਿਹਾ ਕਿ ਗਦਰੀ ਬਾਬਿਆਂ ਸਮੇਤ ਵੱਖ-ਵੱਖ ਦੇਸ਼ ਭਗਤ ਲਹਿਰਾਂ ਵਿਚੋਂ ਆਏ ਸੁਤੰਤਰਤਾ ਸੰਗਰਾਮੀਆਂ ਨੇ ਗਾਂਧੀ ਦੀ ਲਹਿਰ ਤੋਂ ਨਿਰਾਸ਼ ਹੋ ਕੇ ਅਤੇ ਸੋਵੀਅਤ ਇਨਕਲਾਬ ਤੋਂ ਪ੍ਰਭਾਵਤ ਹੋ ਕੇ ਕਾਨਪੁਰ ਵਿਖੇ ਇਕੱਠੇ ਹੋ ਕੇ 26 ਦਸੰਬਰ 1925 ਨੂੰ ਭਾਰਤੀ ਕਮਿਊਨਿਸਟ ਪਾਰਟੀ ਦੀ ਸਥਾਪਨਾ ਕੀਤੀ, ਜਿਸ ਦੀ ਇਸ ਨਾਲ 26 ਦਸੰਬਰ ਨੂੰ ਜਨਮ ਸ਼ਤਾਬਦੀ ਹੈ ਅਤੇ ਉਸੇ ਨੂੰ ਸਮਰਪਿਤ ਸੀ ਪੀ ਆਈ ਦਾ 25ਵਾਂ ਮਹਾਂ-ਸੰਮੇਲਨ ਚੰਡੀਗੜ੍ਹ ਵਿਚ ਕੀਤਾ ਜਾ ਰਿਹਾ ਹੈ। ਡਾ. ਸਵਰਾਜਬੀਰ ਨੇ ਇਕ ਸਵਾਲ ਦੇ ਜਵਾਬ 'ਚ ਕਿਹਾ ਕਿ ਦੁਨੀਆ-ਭਰ 'ਚ ਨਿੱਜੀਕਰਨ ਨਕਾਰਾ ਹੋ ਚੁੱਕਿਆ ਹੈ। ਇੰਗਲੈਂਡ ਦੇ ਲੋਕ ਵੀ ਨਿੱਜੀ ਕੀਤੀਆਂ ਸੇਵਾਵਾਂ ਨੂੰ ਮੁੜ ਜਨਤਕ ਸੈਕਟਰ ਵਿਚ ਬਹਾਲ ਕਰਨ ਦੀ ਮੰਗ ਕਰ ਰਹੇ ਹਨ। ਕੌਮੀ ਸਕੱਤਰ ਅਮਰਜੀਤ ਕੌਰ ਨੇ ਕੇਂਦਰ ਦੀ ਭਾਜਪਾ ਸਰਕਾਰ ਦੇ ਬਖੀਏ ਉਧੇੜਦਿਆਂ ਆਖਿਆ ਕਿ ਸੰਵਿਧਾਨ ਨੂੰ ਫਿਰਕੂ ਆਧਾਰ ਉਤੇ ਬਦਲਿਆ ਜਾ ਰਿਹਾ ਹੈ, ਘੱਟ ਗਿਣਤੀਆਂ ਉਤੇ ਸੋਚੇ-ਸਮਝੇ ਹਮਲੇ ਹੋ ਰਹੇ ਹਨ, ਪ੍ਰਧਾਨ ਮੰਤਰੀ ਮੋਦੀ ਟਰੰਪ ਅਧੀਨ ਸਾਮਰਾਜੀਆਂ ਨੂੰ ਖੁਸ਼ ਕਰਨ 'ਤੇ ਲੱਗੇ ਹੋਏ ਹਨ। ਫਿਰਕਾਪ੍ਰਸਤੀ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਸੰਵਿਧਾਨ, ਘੱਟ ਗਿਣਤੀਆਂ, ਮਜ਼ਦੂਰਾਂ, ਕਿਸਾਨਾਂ ਉਤੇ ਹਮਲੇ ਪਾਰਟੀ ਮਹਾਂ-ਸੰਮੇਲਨ ਵਿਚ ਵਿਚਾਰ ਕਰਕੇ ਸੰਘਰਸ਼ਾਂ ਦੇ ਰਸਤੇ ਉਲੀਕੇ ਜਾਣਗੇ।

ਬੰਤ ਸਿੰਘ ਬਰਾੜ ਨੇ ਆਪ ਸਰਕਾਰ ਨੂੰ ਹਰ ਮਸਲੇ 'ਤੇ ਫੇਲ੍ਹ ਆਖਿਆ ਅਤੇ ਹੜ੍ਹਾਂ ਦੇ ਪ੍ਰਕੋਪ ਕਾਰਨ ਪੀੜਤ ਲੋਕਾਂ ਨਾਲ ਹਮਦਰਦੀ ਜ਼ਾਹਰ ਕੀਤੀ ਅਤੇ ਕੇਂਦਰ ਵੱਲੋਂ 1600 ਕਰੋੜ ਰੁਪਏ ਦੇ ਪੈਕੇਜ ਨੂੰ ਪੰਜਾਬੀਆਂ ਨਾਲ ਮਜ਼ਾਕ ਦੱਸਿਆ। ਉਹਨਾ ਦੱਸਿਆ ਕਿ ਸੀ ਪੀ ਆਈ ਦੇ ਪਾਲਰੀਮੈਂਟ ਮੈਂਬਰ ਪੀ ਸੰਦੋਸ਼ ਕੁਮਾਰ ਹੜ੍ਹ ਪੀੜਤ ਹਲਕਿਆਂ ਦਾ ਫਿਰੋਜ਼ਪੁਰ ਤੇ ਫਾਜ਼ਿਲਕਾ ਵਿਚ ਦੌਰਾ ਕਰਕੇ ਗਏ ਹਨ ਅਤੇ ਪ੍ਰਧਾਨ ਮੰਤਰੀ ਤੋਂ ਇਸ ਮੁਸੀਬਤ ਸਮੇਂ ਪੰਜਾਬੀਆਂ ਦੀ ਪੂਰੀ ਮਦਦ ਕਰਨ ਲਈ ਆਖਿਆ। ਉਹਨਾ ਦੱਸਿਆ ਕਿ ਜਿਹੜੇ ਨੌਜਵਾਨ ਪਾਰਟੀ ਕਾਂਗਰਸ ਲਈ ਵਲੰਟੀਅਰ ਤਿਆਰੀ ਕਰ ਰਹੇ ਹਨ, ਉਹ ਅੱਜਕੱਲ੍ਹ ਹੜ੍ਹ ਪੀੜਤਾਂ ਦੀ ਮਦਦ ਵਿਚ ਜੁੱਟੇ ਹੋਏ ਹਨ।

### ਹੜ੍ਹ ਪੀੜ੍ਹਤ ਦੀਆਂ ਮੰਗਾਂ...

ਹੋਏ ਭਾਰੀ ਨੁਕਸਾਨ ਦੇ ਲਈ ਸਰਕਾਰਾਂ ਤੇ ਉੱਚ ਅਫ਼ਸਰਸ਼ਾਹੀ ਪੂਰੀ ਤਰ੍ਹਾਂ ਜ਼ਿੰਮੇਵਾਰ ਹੈ।

ਉਹਨਾਂ ਮੰਗ ਕੀਤੀ ਕਿ ਕਰਜ਼ਾ ਮੋੜਨ ਤੋਂ ਅਸਮਰਥ ਖੇਤ ਮਜ਼ਦੂਰਾਂ, ਔਰਤਾਂ ਤੇ ਕਿਸਾਨਾਂ ਸਿਰ ਚੜ੍ਹੇ ਮਾਈਕਰੋ ਫਾਈਨਾਂਸ ਕੰਪਨੀਆਂ ਸਮੇਤ ਸਾਰੇ ਕਰਜ਼ੇ ਮੁਆਫ਼ ਕੀਤੇ ਜਾਣ ਅਤੇ ਹੜ੍ਹਾਂ ਕਾਰਨ ਨੁਕਸਾਨੇ ਸਕੂਲਾਂ, ਕਾਲਜਾਂ, ਦਫ਼ਤਰਾਂ ਤੇ ਸੜਕਾਂ ਦੀ ਮੁੜ ਉਸਾਰੀ ਤੇ ਮੁਰੰਮਤ ਆਦਿ ਦੇ ਕੰਮ ਮਨਰੇਗਾ ਵਰਕਰਾਂ ਰਾਹੀਂ ਕਰਵਾਏ ਜਾਣ।

### ਜਾਖੜ ਦਾ ਵੀ ...

ਪ੍ਰਗਟਾਵਾ ਕੀਤਾ ਹੈ।' ਇਥੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਮੁੰਡੀਆਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪੰਜਾਬ ਅਤੇ ਪੰਜਾਬੀਆਂ ਪ੍ਰਤੀ ਸੋਚ ਤਾਂ ਪਹਿਲਾਂ ਹੀ ਨਫ਼ਰਤੀ ਸੀ, ਪਰ ਹੁਣ ਜਾਖੜ ਦਾ ਵੀ ਪੰਜਾਬ ਵਿਰੋਧੀ ਚਿਹਰਾ ਬੇਨਕਾਬ ਹੋ ਗਿਆ ਹੈ। ਉਨ੍ਹਾ ਕਿਹਾ ਕਿ ਜਾਖੜ ਨੂੰ ਪੰਜਾਬ ਅਤੇ ਪੰਜਾਬੀਆਂ ਤੋਂ ਕਿਉਂ ਨਫ਼ਰਤ ਹੈ, ਇਹ ਗੱਲ ਸਮਝ ਤੋਂ ਪਰ੍ਹੇ ਹੈ।ਉਨ੍ਹਾ ਕਿਹਾ, 'ਇਹ ਬਹੁਤ ਅਜੀਬ ਗੱਲ ਹੈ ਕਿ ਕੌਮੀ ਪਾਰਟੀ ਦਾ ਪੰਜਾਬ ਇਕਾਈ ਦਾ ਪ੍ਰਧਾਨ ਲੋਕਾਂ ਦੇ ਚੁਣੇ ਹੋਏ ਅਤੇ ਸੂਬੇ ਦੇ ਮਾਲ ਮੰਤਰੀ ਬਾਰੇ ਇਹ ਗੱਲ ਕਹਿ ਰਿਹਾ ਹੈ ਕਿ ਉਸ ਨੂੰ ਨਹੀਂ ਪਤਾ ਕਿ ਮੁੰਡੀਆਂ ਕੌਣ ਹੈ ਅਤੇ ਨਾ ਹੀ ਮੈਂ ਉਸ ਨੂੰ ਜਾਣਦਾ ਹਾਂ। ਇਸ ਤੋਂ ਸਪੱਸ਼ਟ ਹੈ ਕਿ ਪੰਜਾਬ ਪ੍ਰਤੀ ਜਾਖੜ ਕਿੰਨੇ ਕੁ ਸੁਹਿਰਦ ਹਨ? ' ਉਨ੍ਹਾ ਕਿਹਾ ਕਿ ਜਾਖੜ ਨੇ ਆਪਣੇ ਇਸ ਬਿਆਨ ਨਾਲ ਪੰਜਾਬ ਦੇ ਤਿੰਨ ਕਰੋੜ ਲੋਕਾਂ ਨੂੰ ਨੀਵਾਂ ਦਿਖਾਉਣ ਦੀ ਕੋਸ਼ਿਸ਼ ਕੀਤੀ ਹੈ।

ਜਾਖੜ ਨੂੰ ਇਹ ਗੱਲ ਬੋਲਣ ਤੋਂ ਪਹਿਲਾਂ ਸਮਝਣਾ ਚਾਹੀਦਾ ਸੀ ਕਿ ਮੈਂ ਪ੍ਰਧਾਨ ਮੰਤਰੀ ਤੋਂ ਕੋਈ ਨਿੱਜੀ ਫ਼ਾਇਦਾ ਨਹੀਂ ਸੀ ਮੰਗ ਰਿਹਾ, ਸਗੋਂ ਹੜ੍ਹਾਂ ਦਾ ਸ਼ਿਕਾਰ ਹੋਏ ਪੰਜਾਬ ਤੇ ਪੰਜਾਬੀਆਂ ਦੀ ਭਲਾਈ ਲਈ ਮੰਗ ਰੱਖੀ ਸੀ।ਉਨ੍ਹਾ ਕਿਹਾ ਕਿ ਜਾਖੜ ਨੇ ਆਪਣੇ ਇਸ ਬਿਆਨ ਰਾਹੀਂ ਆਪਣੀ ਜਗੀਰੂ ਸੋਚ ਦਾ ਪ੍ਰਗਟਾਵਾ ਕੀਤਾ ਹੈ ਕਿ ਉਨ੍ਹਾ ਨੂੰ ਆਮ ਘਰਾਂ ਦੇ ਬੱਚਿਆਂ ਨੂੰ ਵੱਡੇ ਅਹੁਦੇ ਉਤੇ ਬੈਠਾ ਦੇਖਣਾ ਬਰਦਾਸ਼ਤ ਨਹੀਂ।ਉਨ੍ਹਾ ਕਿਹਾ— ਪੰਜਾਬ ਭਾਜਪਾ ਦੇ ਕਿਸੇ ਆਗੂ ਨੇ ਹੜ੍ਹਾਂ ਕਾਰਨ ਹੋਏ ਸੂਬੇ ਦੇ ਨੁਕਸਾਨ ਦੀ ਭਰਪਾਈ ਕਰਨ ਲਈ ਹੁਣ ਤੱਕ ਇਕ ਵਾਰ ਵੀ ਮੂੰਹ ਨਹੀਂ ਖੋਲ੍ਹਿਆ।

### ਫਰਾਂਸ 'ਚ ਪੁਲਸ...

ਮੈਕਰੋਂ ਦੇ ਫ਼ੈਸਲਿਆਂ ਖ਼ਿਲਾਫ਼ ਪ੍ਰਦਰਸ਼ਨ ਸ਼ੁਰੂ ਹੋ ਗਏ ਹਨ। ਸੜਕਾਂ 'ਤੇ ਉਤਰਨ ਤੋਂ ਪਹਿਲਾਂ ਸੋਸ਼ਲ ਮੀਡੀਆ 'ਤੇ 'ਬਲੌਕ ਐਵਰੀਥਿੰਗ' ਅੰਦੋਲਨ ਚਲਾਇਆ ਗਿਆ। ਬਾਅਦ ਵਿੱਚ ਇਹ ਤੇਜ਼ ਹੋ ਗਿਆ ਅਤੇ 80,000 ਪੁਲਸ ਮੁਲਾਜ਼ਮਾਂ ਦੀ ਤਾਇਨਾਤੀ ਨੂੰ ਚੁਣੌਤੀ ਦਿੰਦਿਆਂ ਪ੍ਰਦਰਸ਼ਨਕਾਰੀਆਂ ਨੇ ਬੈਰੀਕੇਡ ਤੋੜ ਦਿੱਤੇ। ਇਸ ਮਗਰੋਂ ਪੁਲਸ ਨੇ ਤੇਜ਼ੀ ਨਾਲ ਗ੍ਰਿਫ਼ਤਾਰੀਆਂ ਕੀਤੀਆਂ। ਗ੍ਰਹਿ ਮੰਤਰੀ ਬਰੂਨੋ ਰਿਟੇਲਿਊ ਨੇ ਕਿਹਾ ਕਿ ਪੱਛਮੀ ਸ਼ਹਿਰ ਰੈਨੇਸ ਵਿੱਚ ਇੱਕ ਬੱਸ ਨੂੰ ਅੱਗ ਲਾ ਦਿੱਤੀ ਗਈ ਅਤੇ ਦੱਖਣ-ਪੱਛਮ ਵਿੱਚ ਬਿਜਲੀ ਸਪਲਾਈ ਨੂੰ ਨੁਕਸਾਨ ਪਹੁੰਚਾਉਣ ਕਾਰਨ ਰੇਲ ਗੱਡੀਆਂ ਦੀ ਆਵਾਜਾਈ ਵਿੱਚ ਵਿਘਨ ਪਿਆ। ਉਨ੍ਹਾ ਦੋਸ਼ ਲਾਇਆ ਕਿ ਪ੍ਰਦਰਸ਼ਨਕਾਰੀ 'ਬਗਾਵਤ ਦਾ ਮਾਹੌਲ' ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਇਹ ਪ੍ਰਦਰਸ਼ਨ ਦੱਖਣੀ ਬੰਦਰਗਾਹ ਸ਼ਹਿਰ ਮਾਰਸੇਲ ਤੋਂ ਲੈ ਕੇ ਉੱਤਰ ਵਿੱਚ ਲਿਲੀ ਤੇ ਕੇਨ ਤੱਕ ਅਤੇ ਪੱਛਮ ਵਿੱਚ ਨੈਨਟੇਸ ਤੇ ਰੇਨੇਸ ਤੱਕ, ਦੱਖਣ-ਪੂਰਬ ਵਿੱਚ ਗਰੇਨੋਬਲ ਅਤੇ ਲਿਓਨ ਤੱਕ ਫੈਲਿਆ ਹੋਇਆ ਸੀ।

### ਸਿਹਤ ਮੰਤਰੀ ਦਾ...

ਪੀੜ੍ਹਤਾਂ ਦੀ ਹਰ ਸੰਭਵ ਮਦਦ ਕੀਤੀ ਜਾ ਰਹੀ ਹੈ, ਓਥੇ ਉਨ੍ਹਾ ਵੱਲੋਂ ਆਪਣੇ ਵੱਲੋਂ ਆਪਣੇ ਦੋਸਤਾਂ ਦੇ ਸਹਿਯੋਗ ਨਾਲ ਵੀ ਹੜ੍ਹ ਪੀੜਤਾਂ ਦੀ ਆਰਥਕ ਮਦਦ ਕੀਤੀ ਜਾ ਰਹੀ ਹੈ। ਉਨ੍ਹਾ ਕਿਹਾ ਕਿ ਉਨ੍ਹਾ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਦੇ ਵੱਖ-ਵੱਖ ਪਿੰਡਾਂ ਵਿੱਚ ਹੜ੍ਹ ਪੀੜਤ ਪਰਵਾਰਾਂ ਨੂੰ 50-50 ਹਜ਼ਾਰ ਰੁਪਏ ਦੇ 10 ਚੈੱਕ ਦਿੱਤੇ ਗਏ ਹਨ, ਜਦਕਿ ਬੀਤੇ ਕੱਲ੍ਹ ਪਠਾਨਕੋਟ ਜ਼ਿਲ੍ਹੇ ਦੇ ਪਿੰਡਾਂ ਵਿੱਚ ਵੀ 10 ਪਰਵਾਰਾਂ ਨੂੰ 5 ਲੱਖ ਰੁਪਏ ਦੀ ਸਹਾਇਤਾ ਦਿੱਤੀ ਗਈ। ਉਨ੍ਹਾ ਕਿਹਾ ਕਿ ਜੇਕਰ ਕਿਸੇ ਨੂੰ ਵੀ ਸਿਹਤ ਸੰਬੰਧੀ ਕੋਈ ਮੁਸ਼ਕਲ ਪੇਸ਼ ਆਉਂਦੀ ਹੈ ਤਾਂ ਉਹ ਸਿਹਤ ਵਿਭਾਗ ਦੇ ਹੈੱਲਪ ਲਾਈਨ ਨੰਬਰ 104 ਉਪਰ ਸੰਪਰਕ ਕਰ ਸਕਦੇ ਹਨ। ਸਿਹਤ ਮੰਤਰੀ ਨੇ ਸਿਹਤ ਵਿਭਾਗ ਵੱਲੋਂ ਲਗਾਏ ਮੈਡੀਕਲ ਕੈਂਪਾਂ ਦਾ ਨਿਰੀਖਣ ਵੀ ਕੀਤਾ ਅਤੇ ਸਿਹਤ ਵਿਭਾਗ ਦੇ ਸਮੁੱਚੇ ਅਮਲੇ ਵੱਲੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਲਈ ਸ਼ਾਬਾਸ਼ ਵੀ ਦਿੱਤੀ। ਉਨ੍ਹਾ ਧਰਮ ਪਤਨੀ ਦੇ ਨਾਲ ਗੁਰਦੁਆਰਾ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਵਿਖੇ ਮੱਥਾ ਟੇਕ ਕੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਡਾ. ਬਲਬੀਰ ਸਿੰਘ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾ ਵੱਲੋਂ ਜਿੱਥੇ ਪੰਜਾਬ ਸਰਕਾਰ ਦੀ ਤਰਫੋਂ ਹੜ੍ਹ ਪੀੜਤਾਂ ਨੂੰ ਰਾਹਤ ਦੇਣ ਦੇ ਉਪਰਾਲੇ ਕੀਤੇ ਜਾ ਰਹੇ ਹਨ, ਓਥੇ ਉਨ੍ਹਾ ਆਪਣੀ ਜੇਬ ਵਿੱਚੋਂ ਵੀ ਹੜ੍ਹ ਪੀੜਤਾਂ ਦੀ ਮਦਦ ਕੀਤੀ ਹੈ।

### ਗੰਨ ਕਲਚਰ ਦਾ...

ਕਿਰਕ ਨੌਜਵਾਨ ਸੰਗਠਨ ਟਰਨਿੰਗ ਪੁਆਇੰਟ ਯੂ ਐੱਸ ਏ ਦੇ ਸਹਿ-ਸੰਸਥਾਪਕ ਅਤੇ ਸੀ ਈ ਓ ਸੀ। ਟਰੰਪ ਨੇ ਆਪਣੇ ਟਰੂਥ ਸੋਸ਼ਲ ਅਕਾਊਂਟ 'ਤੇ ਪੋਸਟ ਕੀਤਾ—ਸੰਯੁਕਤ ਰਾਜ ਅਮਰੀਕਾ ਵਿੱਚ ਚਾਰਲੀ ਨਾਲੋਂ ਵੱਧ ਨੌਜਵਾਨਾਂ ਦੇ ਦਿਲਾਂ ਨੂੰ ਕੋਈ ਨਹੀਂ ਸਮਝ ਸਕਿਆ। ਯੂਟਾ ਵੈਲੀ ਯੂਨੀਵਰਸਿਟੀ ਤੋਂ ਸੋਸ਼ਲ ਮੀਡੀਆ 'ਤੇ ਪੋਸਟ ਕੀਤੇ ਗਏ ਵੀਡੀਓਜ਼ ਵਿੱਚ ਕਿਰਕ ਨੂੰ ਮਾਈਕ ਵਿੱਚ ਬੋਲਦੇ ਹੋਏ ਦਿਖਾਇਆ ਗਿਆ ਹੈ, ਜਦੋਂ ਉਹ 'ਦਿ ਅਮਰੀਕਨ ਕਮਬੈਕ' ਅਤੇ 'ਪਰੂਵ ਮੀ ਰੌਂਗ' ਦੇ ਨਾਅਰਿਆਂ ਵਾਲੇ ਇੱਕ ਚਿੱਟੇ ਤੰਬੂ ਦੇ ਹੇਠਾਂ ਬੈਠਾ ਸੀ। ਇੱਕ ਗੋਲੀ ਚੱਲਣ ਦੀ ਆਵਾਜ਼ ਆਉਂਦੀ ਹੈ । ਉਸ ਦੀ ਗਰਦਨ ਦੇ ਖੱਬੇ ਪਾਸੇ ਤੋਂ ਵੱਡੀ ਮਾਤਰਾ ਵਿੱਚ ਖੂਨ ਨਿਕਲਦਾ ਹੈ। ਡਰ ਕਾਰਨ ਲੋਕਾਂ ਨੂੰ ਉੱਥੋਂ ਭੱਜਦੇ ਅਤੇ ਚੀਕਦੇ ਸੁਣਿਆ ਜਾਂਦਾ ਹੈ।

## ਬੈਂਸ ਵੱਲੋਂ ਐੱਨ ਸੀ ਸੀ ਕੈਡਿਟਾਂ ਨੂੰ ਵਧਾਈ



**ਚੰਡੀਗੜ੍ਹ (ਗੁਰਜੀਤ ਬਿੱਲਾ)**-ਪੰਜਾਬ ਡਾਇਰੈਕਟੋਰੇਟ ਐੱਨ ਸੀ ਸੀ ਦੇ ਕੈਡਿਟਾਂ ਨੇ ਲਗਾਤਾਰ ਦੂਜੇ ਸਾਲ (2024 ਅਤੇ 2025) ਵੱਕਾਰੀ ਆਲ ਇੰਡੀਆ ਥਲ ਸੈਨਿਕ ਕੈਂਪ (ਏ ਆਈ ਟੀ ਐੱਸ ਸੀ) ਸੀਨੀਅਰ ਡਵੀਜ਼ਨ ਚੈਂਪੀਅਨਸ਼ਿਪ ਜਿੱਤ ਕੇ ਇਤਿਹਾਸ ਰਚ ਦਿੱਤਾ ਹੈ।ਇਸ ਬੇਮਿਸਾਲ ਪ੍ਰਾਪਤੀ ਲਈ ਕੈਡਿਟਾਂ ਨੂੰ ਵਧਾਈ ਦਿੰਦਿਆਂ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਲਗਾਤਾਰ ਦੂਜੀ ਜਿੱਤ ਸਾਡੇ ਐੱਨ ਸੀ ਸੀ ਕੈਡਿਟਾਂ ਦੇ ਅਡੋਲ ਇਰਾਦੇ, ਦ੍ਰਿੜ੍ਹਤਾ ਅਤੇ ਅਨੁਸ਼ਾਸਨ ਦਾ ਪ੍ਰਮਾਣ ਹੈ।ਦੱਸਣਯੋਗ ਹੈ ਕਿ ਇਨ੍ਹਾਂ ਕੈਡਿਟਾਂ (ਪੀ ਐੱਚ ਐੱਚ ਪੀ ਐਂਡ ਸੀ) ਨੇ ਮਹਾਰਾਸ਼ਟਰ ਅਤੇ ਕਰਨਾਟਕ ਵਰਗੇ ਵੱਡੇ ਸੰਸਥਾਨਾਂ ਸਮੇਤ 16 ਤੋਂ ਵੱਧ ਡਾਇਰੈਕਟੋਰੇਟਾਂ 'ਤੇ ਜਿੱਤ ਦਰਜ ਕਰਕੇ ਨਵਾਂ ਕੌਮੀ ਰਿਕਾਰਡ ਕਾਇਮ ਕੀਤਾ ਹੈ।

## ਨਸ਼ਿਆਂ ਖਿਲਾਫ਼ ਮੁਹਿੰਮ ਤਹਿਤ ਸਰਚ ਅਪ੍ਰੇਸ਼ਨ ਚਲਾਇਆ



**ਮਾਲੇਰਕੋਟਲਾ (ਅਸਗਰ ਪਰਹਾਰ)**-ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਨਸ਼ਿਆਂ ਖ਼ਿਲਾਫ਼ ਚਲਾਈ ਜਾ ਰਹੀ ਵਿਆਪਕ ਮੁਹਿੰਮ ਤਹਿਤ ਪੁਲਸ ਵੱਲੋਂ ਜ਼ਿਲ੍ਹੇ ਭਰ 'ਚ ਕਾਰਡਨ ਐਂਡ ਸਰਚ ਓਪਰੇਸ਼ਨ ਚਲਾਇਆ ਗਿਆ।ਜ਼ਿਲ੍ਹੇ 'ਚ ਇਹ ਕਾਰਵਾਈ ਸੀਨੀਅਰ ਕਪਤਾਨ ਪੁਲਸ ਗਗਨ ਅਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਹੇਠ ਐਸ.ਪੀ (ਸਥਾਨਕ) ਗੁਰਸ਼ਰਨਜੀਤ ਸਿੰਘ ਸਿੱਧੂ ਦੀ ਅਗਵਾਈ ਹੇਠ ਕੀਤੀ ਗਈ, ਜਿਸ ਦੌਰਾਨ ਵੱਡੀ ਪੁਲਸ ਫੋਰਸ ਨੇ ਵੱਖ-ਵੱਖ ਪਿੰਡਾਂ ਅਤੇ ਵਾਰਡਾਂ ਵਿੱਚ ਸ਼ੱਕੀ ਵਿਅਕਤੀਆਂ ਦੇ ਘਰਾਂ ਤੇ ਵਾਹਨਾਂ ਦੀ ਬਾਰੀਕੀ ਨਾਲ ਤਲਾਸ਼ੀ ਕੀਤੀ।ਇਸ ਅਪ੍ਰੇਸ਼ਨ 'ਚ ਸਬ ਡਵੀਜ਼ਨ ਮਾਲੇਰਕੋਟਲਾ 'ਚ ਡੀ.ਐਸ.ਪੀ ਮਾਨਵਜੀਤ ਸਿੰਘ ਸਿੱਧੂ, ਡੀ.ਐਸ.ਪੀ. ਰਣਜੀਤ ਸਿੰਘ, ਸਬ ਡਵੀਜ਼ਨ ਅਮਰਗੜ੍ਹ ਦੇ ਪਿੰਡ ਬਾਗੜੀਆਂ ਵਿੱਚ ਡੀ.ਐਸ.ਪੀ ਸਤੀਸ਼ ਕੁਮਾਰ, ਸਬ ਡਵੀਜ਼ਨ ਅਹਿਮਦਗੜ੍ਹ ਵਿਖੇ ਡੀ.ਐਸ.ਪੀ ਰਾਜਨ ਸ਼ਰਮਾ ਦੀ ਅਗਵਾਈ ਹੇਠ ਪੁਲਿਸ ਟੀਮਾਂ ਨੇ ਵਿਆਪਕ ਤਲਾਸ਼ੀ ਮੁਹਿੰਮ ਚਲਾਈ।ਐਸ.ਪੀ ਗੁਰਸ਼ਰਨਜੀਤ ਸਿੰਘ ਸਿੱਧੂ ਨੇ ਦੱਸਿਆ ਕਿ ਇਸ ਕਾਰਵਾਈ ਦਾ ਮੁੱਖ ਮਕਸਦ ਨਸ਼ਿਆਂ ਦੇ ਕਾਰੋਬਾਰ 'ਤੇ ਨਕੇਲ ਕੱਸਣਾ, ਮਾੜੇ ਅਨਸਰਾਂ ਨੂੰ ਕਾਬੂ ਕਰਨਾ ਤੇ ਆਮ ਲੋਕਾਂ ਵਿੱਚ ਸੁਰੱਖਿਆ ਦਾ ਮਾਹੌਲ ਬਣਾਉਣਾ ਹੈ।ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪੁਲਸ ਕਿਸੇ ਵੀ ਗੈਰ-ਕਾਨੂੰਨੀ ਗਤੀਵਿਧੀ ਨੂੰ ਬਰਦਾਸ਼ਤ ਨਹੀਂ ਕਰੇਗੀ ਤੇ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੀਆਂ ਸਖ਼ਤ ਕਾਰਵਾਈਆਂ ਜਾਰੀ ਰਹਿਣਗੀਆਂ।ਉਨ੍ਹਾਂ ਨਸ਼ਾ ਤਸਕਰਾਂ ਨੂੰ ਸਪੱਸ਼ਟ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਉਹ ਮਾੜੇ ਕਾਰੋਬਾਰ ਤੋਂ ਹੱਟ ਕੇ ਸਮਾਜ ਦੀ ਮੁੱਖ ਧਾਰਾ ਵਿੱਚ ਨਹੀਂ ਆਉਂਦੇ ਤਾਂ ਉਨ੍ਹਾਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

## ਨਵੇਂ ਜੀ ਐੱਮ ਦਾ ਸਨਮਾਨ



**ਸੰਗਰੂਰ (ਪ੍ਰਵੀਨ ਸਿੰਘ)**-ਰਿਟਾਇਰਡ ਐਸੋਸੀਏਸ਼ਨ ਵੇਰਕਾ ਮਿਲਕ ਪਲਾਂਟ ਸੰਗਰੂਰ ਦੇ ਕਨਵੀਨਰ ਨਿਰਮਲ ਸਿੰਘ ਮਾਨ, ਚਰਨਜੀਤ ਰਾਮ ਸ਼ਰਮਾ, ਤਿਲਕ ਰਾਜ ਸਤੀਜਾ ਤੇ ਜਸਵੀਰ ਸਿੰਘ ਵੱਲੋਂ ਮਿਲਕ ਪਲਾਂਟ ਸੰਗਰੂਰ ਵਿਖੇ ਮੀਟਿੰਗ ਕੀਤੀ ਗਈ, ਜਿਸ ਵਿੱਚ ਕਈ ਮੁੱਦੇ ਵਿਚਾਰੇ ਗਏ ਜਿਵੇਂ ਕਿ 01.01.2016 ਤੋਂ ਬਣਦਾ ਪੇਅ ਕਮਿਸ਼ਨ ਦਾ ਬਕਾਇਆ, ਕਮਾਈ ਛੁੱਟੀਆਂ ਦਾ ਬਕਾਇਆ ਅਤੇ ਈ.ਪੀ.ਐਫ.ਓ. ਬਠਿੰਡਾ ਆਫਿਸ ਵਿੱਚ ਲਟਕ ਰਹੇ ਹਾਇਰ ਪੈਨਸ਼ਨ ਦੇ ਕੇਸਾਂ ਵਰਗੇ ਮੁੱਦੇ ਵਿਚਾਰੇ ਗਏ।ਨਵੇਂ ਆਏ ਵੇਰਕਾ ਮਿਲਕ ਪਲਾਂਟ ਸੰਗਰੂਰ ਦੇ ਜਨਰਲ ਮੈਨੇਜਰ ਹਰਜਿੰਦਰ ਸਿੰਘ ਦਾ ਗੁਲਦਸਤਾ ਦੇ ਕੇ ਸਨਮਾਨਤ ਕੀਤਾ ਗਿਆ ਅਤੇ ਜੀ.ਐਮ. ਵੱਲੋਂ ਰਿਟਾਇਰਡ ਅਧਿਕਾਰੀਆਂ ਤੇ ਕ੍ਰਮਚਾਰੀਆਂ ਨੂੰ ਪੂਰਨ ਤੌਰ 'ਤੇ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਅਤੇ ਜੋ ਵੀ ਪੇਅ ਕਮਿਸ਼ਨ ਦਾ ਬਕਾਇਆ ਅਤੇ ਹੋਰ ਏਰੀਅਰ ਪੈਂਡਿੰਗ ਪਏ ਹਨ, ਉਨ੍ਹਾਂ ਨੂੰ ਜਲਦੀ ਹੀ ਦੇ ਦਿੱਤਾ ਜਾਵੇਗਾ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

# ਹੜ੍ਹ ਪ੍ਰਭਾਵਿਤ ਖੇਤਰਾਂ 'ਚ ਨੁਕਸਾਨੇ ਘਰਾਂ ਦਾ ਮੁਆਵਜ਼ਾ ਦੇਣ ਦੀਆਂ ਹਦਾਇਤਾਂ ਜਾਰੀ




**ਗੁਰਦਾਸਪੁਰ (ਜਨਕ ਮਹਾਜਨ)**- ਹਿਮਾਂਸ਼ੂ ਅਗਰਵਾਲ ਜਿਨ੍ਹਾਂ ਕੋਲ ਡਿਪਟੀ ਕਮਿਸ਼ਨਰ ਗੁਰਦਾਸਪੁਰ ਦਾ ਵਾਧੂ ਚਾਰਜ ਹੈ, ਵੱਲੋਂ ਆਨ-ਲਾਈਨ ਮੀਟਿੰਗ ਕਰਕੇ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਚੱਲ ਰਹੇ ਰਾਹਤ ਅਤੇ ਪੁਨਰਵਾਸ ਕਾਰਜਾਂ ਦੀ ਸਮੀਖਿਆ ਕੀਤੀ ਗਈ। ਉਨ੍ਹਾਂ ਹਦਾਇਤ ਕੀਤੀ ਕਿ ਉਹ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਜਾ ਕੇ ਰਾਹਤ ਅਤੇ ਪੁਨਰਵਾਸ ਕਾਰਜਾਂ ਦੀ ਖ਼ੁਦ ਨਿਗਰਾਨੀ ਕਰਨ ਤਾਂ ਜੋ ਕੋਈ ਵੀ ਹੜ੍ਹ ਪੀੜ੍ਹਤ ਪੰਜਾਬ ਸਰਕਾਰ ਦੀ ਮਦਦ ਤੋਂ ਵਾਂਝਾ ਨਾ ਰਹੇ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਘਰ-ਘਰ ਜਾ ਕੇ ਲੋੜਵੰਦਾਂ ਤੱਕ ਰਾਹਤ ਸਮੱਗਰੀ ਪਹੁੰਚਾਉਣ। ਉਨ੍ਹਾਂ ਕਿਹਾ ਕਿ ਹੜ੍ਹ ਪ੍ਰਭਾਵਿਤ ਖੇਤਰਾਂ 'ਚ ਜਿਨ੍ਹਾਂ ਵਿਅਕਤੀਆਂ ਦੇ ਘਰਾਂ ਨੂੰ ਨੁਕਸਾਨ ਪਹੁੰਚਿਆ ਹੈ, ਉਨ੍ਹਾਂ ਨੂੰ ਬਿਨ੍ਹਾਂ ਕਿਸੇ ਦੇਰੀ ਉਨ੍ਹਾਂ ਨੂੰ ਮੁਆਵਜ਼ਾ ਦੇਣਾ ਸ਼ੁਰੂ ਕੀਤਾ ਜਾਵੇ। ਇਸ ਦੇ ਨਾਲ ਹੀ ਬੁਨਿਆਦੀ ਢਾਂਚੇ ਨੂੰ ਜੋ ਨੁਕਸਾਨ ਪਹੁੰਚਿਆ ਹੈ ਉਸ ਦੀ ਮੁਰੰਮਤ ਸ਼ੁਰੂ ਕੀਤੀ ਜਾਵੇ। ਉਨ੍ਹਾਂ ਪਸ਼ੂ ਪਾਲਣ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਪਸ਼ੂਆਂ ਦੇ ਇਲਾਜ ਲਈ ਵਿਸ਼ੇਸ਼ ਕੈਂਪ ਲਗਾਉਣ ਦੇ ਨਾਲ ਪਸ਼ੂਆਂ ਦੇ ਚਾਰੇ ਦਾ ਵੀ ਪ੍ਰਬੰਧ ਕੀਤਾ ਜਾਵੇ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਖੇਤੀਬਾੜੀ ਵਿਭਾਗ ਅਤੇ ਮਾਲ ਵਿਭਾਗ ਦੇ ਅਧਿਕਾਰੀ ਪਾਣੀ ਘਟਣ ਤੋਂ ਬਾਅਦ ਫ਼ਸਲਾਂ ਦੇ ਹੋਏ ਨੁਕਸਾਨ ਦੀ ਰਿਪੋਰਟ ਤਿਆਰ ਕਰਨਗੇ ਤਾਂ ਜੋ ਸਰਕਾਰ ਵਲੋਂ ਪ੍ਰਭਾਵਿਤ ਕਿਸਾਨਾਂ ਨੂੰ ਮੁਆਵਜ਼ਾ ਦਿੱਤਾ ਜਾ ਸਕੇ। ਉਨ੍ਹਾਂ ਡਰੇਨਜ਼ ਵਿਭਾਗ ਦੇ ਅਧਿਕਾਰੀਆਂ ਨੂੰ ਧੁੱਸੀ ਬੰਨ੍ਹ ਵਿਚ ਪਏ ਪਾੜਾਂ ਨੂੰ ਭਰਨ ਦਾ ਕੰਮ ਵੀ ਤੁਰੰਤ ਸ਼ੁਰੂ ਕਰਨ ਦੀਆਂ ਹਦਾਇਤਾਂ ਦਿੱਤੀਆਂ।

## ਕ੍ਰਿਸ਼ੀ ਵਿਗਿਆਨ ਕੇਂਦਰ ਨਾਗਕਲਾਂ 'ਚ ਕਿਸਾਨ ਮੇਲਾ ਪਹਿਲੀ ਅਕਤੂਬਰ ਨੂੰ

**ਮਜੀਠਾ (ਸੋਇਮ ਆਨੰਦ)**- ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੁਆਰਾ ਜਿਹੜਾ ਕਿਸਾਨ ਮੇਲਾ 10 ਸਤੰਬਰ ਦਿਨ ਬੁੱਧਵਾਰ ਨੂੰ ਕ੍ਰਿਸ਼ੀ ਵਿਗਿਆਨ ਕੇਂਦਰ ਨਾਗਕਲਾਂ ਵਿਖੇ ਲਗਾਇਆ ਜਾਣਾ ਸੀ, ਉਹ ਪੰਜਾਬ ਵਿੱਚ ਹੋ ਰਹੀ ਭਾਰੀ



ਬਾਰਿਸ਼ ਅਤੇ ਹੜ੍ਹਾਂ ਕਾਰਨ ਮੁਲਤਵੀ ਕਰ ਦਿੱਤਾ ਗਿਆ ਹੈ। ਹੁਣ ਇਹ ਕਿਸਾਨ ਮੇਲਾ 1 ਅਕਤੂਬਰ ਨੂੰ ਲਗਾਇਆ ਜਾਵੇਗਾ।ਇਸ ਦੀ ਜਾਣਕਾਰੀ ਦਿੰਦਿਆਂ ਕ੍ਰਿਸ਼ੀ ਵਿਗਿਆਨ ਕੇਂਦਰ ਨਾਗਕਲਾਂ ਦੇ ਸਹਿਯੋਗੀ ਨਿਰਦੇਸ਼ਕ (ਸਿਖਲਾਈ) ਡਾ. ਬਿਕਰਮਜੀਤ ਸਿੰਘ ਨੇ ਦੱਸਿਆ ਕਿ ਮੇਲੇ ਵਿੱਚ ਵੱਖ-ਵੱਖ ਵਿਭਾਗਾਂ ਜਿਵੇਂ ਕਿ ਖੇਤੀਬਾੜੀ, ਪਸ਼ੂ ਪਾਲਣ, ਮੱਛੀ ਪਾਲਣ, ਬਾਗਬਾਨੀ, ਖੇਤ ਮਸ਼ੀਨਰੀ ਆਦਿ ਦੀ ਭਾਗੀਦਾਰੀ ਹੋਵੇਗੀ।ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਦੇ ਸਾਰੇ ਵਿਭਾਗ ਆਪਣੀਆਂ ਪ੍ਰਦਰਸ਼ਨੀਆਂ ਲਗਾਉਣਗੇ। ਸਾਇੰਸਦਾਨਾਂ ਵੱਲੋਂ ਕਿਸਾਨਾਂ ਨਾਲ ਵਿਚਾਰ ਵਟਾਂਦਰਾ ਵੀ ਕੀਤਾ ਜਾਵੇਗਾ।ਇਸ ਤੋਂ ਇਲਾਵਾ ਆਉਣ ਵਾਲੀਆਂ ਹਾੜ੍ਹੀ ਦੀਆਂ ਫਸਲਾਂ ਖਾਸ ਕਰਕੇ ਕਣਕ ਅਤੇ ਹੋਰ ਸਬਜ਼ੀਆਂ ਦੇ ਸੁਧਰੇ ਬੀਜ ਵੀ ਕਿਸਾਨਾਂ ਨੂੰ ਉਪਲਬਧ ਕਰਵਾਏ ਜਾਣਗੇ।ਉਨ੍ਹਾਂ ਕਿਸਾਨ ਵੀਰਾਂ ਨੂੰ ਮੇਲੇ ਵਿੱਚ ਪਹੁੰਚ ਕੇ ਲਾਹਾ ਲੈਣ ਦੀ ਅਪੀਲ ਕੀਤੀ।

## ਚਾਵਾ ਨੇੜੇ ਟੇਢਾ ਮੋੜ ਹੋਣ ਕਰਕੇ ਨਿੱਤ ਵਾਪਰ ਰਹੇ ਹਨ ਹਾਦਸੇ



**ਗੁਰਦਾਸਪੁਰ (ਜਨਕ ਮਹਾਜਨ)**- ਗੁਰਦਾਸਪੁਰ-ਮੁਕੇਰੀਆਂ ਮੁੱਖ ਸੜਕ ਵਿਚਕਾਰ ਪੈਂਦੇ ਪਿੰਡ ਚਾਵਾ ਨੇੜੇ ਸੜਕ ਕੰਢੇ ਟੇਢਾ ਮੋੜ ਅਤੇ ਢਲਾਨ ਹੋਣ ਕਾਰਨ ਆਏ ਦਿਨ ਸੜਕੀ ਹਾਦਸੇ ਹੁੰਦੇ ਰਹਿੰਦੇ ਹਨ ਜਿਸ ਨਾਲ ਲੋਕਾਂ ਦਾ ਜਾਨੀ ਮਾਲੀ ਨੁਕਸਾਨ ਹੁੰਦਾ ਰਹਿੰਦਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਇਲਾਕਾ ਵਾਸੀਆਂ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਇਸ ਸੜਕ ਤੋਂ ਰੋਜ਼ਾਨਾਂ ਵੱਡੀ ਗਿਣਤੀ ਵਿਚ ਛੋਟੇ ਵੱਡੇ ਵਾਹਨ ਮੁਕੇਰੀਆਂ, ਹੁਸ਼ਿਆਰਪੁਰ, ਚੰਡੀਗੜ੍ਹ ਆਦਿ ਸ਼ਹਿਰਾਂ ਨੂੰ ਜਾਂਦੇ ਹਨ ਅਤੇ ਗੁਰਦਾਸਪੁਰ, ਜੰਮੂ, ਸ੍ਰੀਨਗਰ ਆਦਿ ਸ਼ਹਿਰਾਂ ਤੋਂ ਆਉਂਦੇ ਹਨ। ਇਹ ਆਵਾਜਾਈ ਦਿਨ ਰਾਤ ਚਲਦੀ ਰਹਿੰਦੀ ਹੈ। ਪਿੰਡ ਚਾਵਾ ਨੇੜੇ ਸੜਕ ਟੇਢੀ ਹੋਣ ਕਾਰਨ ਅਕਸਰ ਹੀ ਤੇਜ਼ ਰਫ਼ਤਾਰ ਵਾਹਨ ਚਾਲਕ ਆਪਣੇ ਵਾਹਨਾਂ ਦਾ ਸੰਤੁਲਨ ਗਵਾ ਬੈਠਦੇ ਹਨ ਜਿਸ ਨਾਲ ਸਾਹਮਣੇ ਤੋਂ ਆਉਂਦੇ ਵਾਹਨਾਂ ਨਾਲ ਟਕਰਾ ਜਾਂਦੇ ਹਨ ਜਿਸ ਕਾਰਨ ਜਾਨੀ ਮਾਲੀ ਨੁਕਸਾਨ ਹੋ ਜਾਂਦਾ ਹੈ। ਇਥੇ ਢਲਾਨ ਹੋਣ ਕਰਕੇ ਗੱਡੀਆਂ ਦਾ ਸੰਤੁਲਨ ਵਿਗੜਨ ਨਾਲ ਗੱਡੀਆਂ ਪਲਟ ਜਾਂਦੀਆ ਹਨ। ਅਕਸਰ ਇਹ ਹਾਦਸੇ ਉਥੇ ਆਮ ਦੇਖਣ ਨੂੰ ਮਿਲਦੇ ਹਨ। ਲੋਕਾਂ ਦੀ ਲੋਕ ਨਿਰਮਾਣ ਵਿਭਾਗ ਪਾਸੋਂ ਮੰਗ ਹੈ ਕਿ ਉਪਰੋਕਤ ਜਗ੍ਹਾ 'ਤੇ ਸਪੀਡ ਬਰੇਕਰ ਜਾਂ ਬੈਰੀਕੇਡਰ ਲਗਾਏ ਜਾਣ ਜਾਂ ਫ਼ਿਰ ਯੋਗ ਪ੍ਰਬੰਧ ਕੀਤੇ ਜਾਣ ਜਿਸ ਨਾਲ ਹਾਦਸੇ ਹੋਣ ਤੋਂ ਬਚਾਅ ਹੋ ਸਕੇ।

## ਬੀ ਏ ਸਮੈਸਟਰ ਦੂਜੇ ਦਾ ਨਤੀਜਾ ਰਿਹਾ ਸ਼ਾਨਦਾਰ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਬੀ. ਏ. ਸਮੈਸਟਰ ਦੂਜੇ ਦੇ ਐਲਾਨੇ ਗਏ ਨਤੀਜਿਆਂ ਵਿੱਚ ਦਸ਼ਮੇਸ਼ ਕਾਲਜ ਫਾਰ ਵਿਮੈਨ ਮਹਿਤਾ ਚੌਂਕ ਦੀਆਂ ਵਿਦਿਆਰਥਣਾਂ ਦਾ ਨਤੀਜਾ ਸ਼ਲਾਘਾਯੋਗ ਰਿਹਾ, ਜਿਸ ਵਿੱਚ ਅਨਮੋਲਦੀਪ ਕੌਰ 75%, ਮਹਿਕਪ੍ਰੀਤ ਕੌਰ ਤੇ ਨੀਤੂ ਕੌਰ 74%, ਹਰਮਨਪ੍ਰੀਤ ਕੌਰ ਤੇ ਸਿਮਰਨ ਕੌਰ ਨੇ 72% ਅੰਕ ਪ੍ਰਾਪਤ ਕਰਕੇ ਕਾਲਜ ਵਿੱਚ ਕ੍ਰਮਵਾਰ ਪਹਿਲਾ, ਦੂਜਾ ਤੇ ਤੀਸਰਾ ਸਥਾਨ ਹਾਸਿਲ ਕੀਤਾ।ਸੰਸਥਾ ਦੇ ਚੇਅਰਮੈਨ ਗੁਰਦੀਪ ਸਿੰਘ ਰੰਧਾਵਾ ਨੇ ਵਿਦਿਆਰਥਣਾਂ ਦਾ ਮੂੰਹ ਮਿੱਠਾ ਕਰਾਇਆ ਅਤੇ ਉਨ੍ਹਾਂ ਦੇ ਉੱਜਲ ਭਵਿੱਖ ਦੀ ਕਾਮਨਾ ਕਰਦੇ ਹੋਏ ਵਿਦਿਆਰਥਣਾਂ ਨੂੰ ਕਿਹਾ ਕਿ ਉਹ ਅਗਾਂਹ ਵੀ ਆਪਣੇ ਕਾਲਜ ਅਤੇ ਮਾਤਾ-ਪਿਤਾ ਦਾ ਨਾਮ ਇਸੇ ਤਰ੍ਹਾਂ ਰੌਸ਼ਨ ਕਰਨ ਅਤੇ ਆਉਣ ਵਾਲੇ ਸਮੇਂ ਵਿੱਚ ਆਪਣੀ ਨਿਵੇਕਲੀ ਪਹਿਚਾਣ ਬਣਾਉਂਦੇ ਹੋਏ ਜ਼ਿੰਦਗੀ ਵਿੱਚ ਤਰੱਕੀ ਦੀਆਂ ਬੁਲੰਦੀਆਂ ਨੂੰ ਛੂਹਣ ।ਇਸੇ ਤਰ੍ਹਾਂ ਵਿਦਿਆਰਥਣਾਂ ਨੇ ਖ਼ੂਬ ਮਿਹਨਤ ਕਰਕੇ ਆਪਣੇ ਜੀਵਨ ਵਿੱਚ ਕਾਮਯਾਬੀ ਹਾਸਿਲ ਕਰਨ ਦਾ ਪ੍ਰਣ ਕੀਤਾ।ਇਸ ਮੌਕੇ ਗੁਰਦੀਪ ਸਿੰਘ ਰੰਧਾਵਾ, ਮੈ. ਗੁਰਬੀਰ ਕੌਰ, ਮੈ. ਰਵਿੰਦਰ ਕੌਰ , ਸਮੂਹ ਕਾਲਜ ਸਟਾਫ ਅਤੇ ਵਿਦਿਆਰਥਣਾਂ ਹਾਜ਼ਰ ਸਨ।

## ਟੈਕਨੋ ਪੋਵਾ ਸਲਿਮ 5ਜੀ ਦੀ ਵਿਕਰੀ ਸ਼ੁਰੂ

**ਚੰਡੀਗੜ੍ਹ** : ਟੈਕਨੋ ਮੋਬਾਈਲ ਇੰਡੀਆ ਨੇ ਆਪਣੇ ਨਵੀਨਤਮ ਇਨੋਵੇਸ਼ਨ-ਦੁਨੀਆ ਦੇ ਸਭ ਤੋਂ ਸਲਿਮ 3ਡੀ ਕਰਵਡ ਸਮਾਰਟਫੋਨ, ਟੈਕਨੋ ਪੋਵਾ ਸਲਿਮ 5ਜੀ ਦੀ ਵਿਕਰੀ ਦਾ ਐਲਾਨ ਕੀਤਾ।ਇਹ ਡਿਵਾਈਸ 8 ਸਤੰਬਰ ਤੋਂ ਪੂਰੇ ਭਾਰਤ ਦੇ ਰਿਟੇਲ ਸਟੋਰਾਂ 'ਤੇ ਵਿਕਰੀ ਲਈ ਉਪਲਬਧ ਹੋਣਗੇ।ਸਿਰਫ਼ 5.95 ਮਿਮੀ. ਅਤੇ 156 ਗ੍ਰਾਮ ਵਜ਼ਨ ਦੇ ਨਾਲ ਪੋਵਾ ਸਲਿਮ 5ਜੀ ਦੁਨੀਆ ਦੇ ਸਭ ਤੋਂ ਸਲਿਮ 3ਡੀ ਕਰਵਡ 5ਜੀ ਸਮਾਰਟਫੋਨ ਦਾ ਖਿਤਾਬ ਰੱਖਦਾ ਹੈ। ਇਸਦਾ 6.78-ਇੰਚ 1.5ਕੇ 3ਡੀ ਕਰਵਡ ਅਮੋਲਡ ਡਿਸਪਲੇ 144ਹਰਟਜ਼ ਰਿਫਰੈਸ਼ ਰੇਟ, 240ਹਾਰਟਜ਼ ਟੱਚ ਸੈਂਪਲਿੰਗ ਰੇਟ ਅਤੇ 4500-ਨਿਟਸ ਪੀਕ ਬ੍ਰਾਈਟਨੈੱਸ ਪ੍ਰਦਾਨ ਕਰਦਾ ਹੈ, ਜੋ ਗੇਮਿੰਗ, ਸਟ੍ਰੀਮਿੰਗ ਆਦਿ ਦੇ ਲਈ ਸਮੂਦ, ਵਿਵਿਡ ਅਤੇ ਇਮਰਸਿਵ ਵਿਜ਼ੂਅਲ ਪ੍ਰਦਾਨ ਕਰਦਾ ਹੈ।ਪੋਵਾ ਸਲਿਮ 5ਜੀ ਤਿੰਨ ਸ਼ਾਨਦਾਰ ਰੰਗਾਂ-ਸਕਾਈ ਬਲੂ, ਸਲਿਮ ਵ੍ਹਾਈਟ ਅਤੇ ਕੂਲ ਬਲੈਕ ਵਿੱਚ ਉਪਲਬਧ ਹੋਵੇਗਾ, ਜਿਸਦੀ ਕੀਮਤ ਪੂਰੇ ਭਾਰਤ ਵਿੱਚ 19,999 ਰੁਪਏ ਹੈ।

## ਹੜ੍ਹਾਂ ਨਾਲ ਹੋਏ ਨੁਕਸਾਨ ਦੇ ਮੁਆਵਜ਼ੇ ਲਈ ਖੱਬੀਆਂ ਪਾਰਟੀਆਂ ਵੱਲੋਂ ਵਿਸ਼ਾਲ ਰੈਲੀ ਤੇ ਪ੍ਰਦਰਸ਼ਨ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਜ਼ਿਲ੍ਹੇ ਦੀਆਂ ਖੱਬੀਆਂ ਪਾਰਟੀਆਂ ਆਰਐੱਮਪੀਆਈ, ਸੀਪੀਆਈ, ਸੀਪੀਆਈ (ਐੱਮ) ਅਤੇ ਸੀਪੀਆਈ (ਐੱਮਐੱਲ) ਲਿਬਰੇਸ਼ਨ ਵੱਲੋਂ ਡੇਰਾ ਬਾਬਾ ਨਾਨਕ ਦੀ ਦਾਣਾ ਮੰਡੀ ਵਿਖੇ ਹੜ੍ਹ ਪੀੜਤਾਂ ਦੇ ਹੱਕ ਵਿੱਚ ਰੈਲੀ ਕਰਕੇ ਮੁੱਖ ਮੰਤਰੀ ਦੇ ਨਾਂ ਐੱਸਡੀਐੱਮ ਡੇਰਾ ਬਾਬਾ ਨਾਨਕ ਨੂੰ 8 ਮੰਗਾਂ ਦਾ ਮੰਗ ਪੱਤਰ ਦਿੱਤਾ ਗਿਆ।ਰੈਲੀ ਦੀ ਪ੍ਰਧਾਨਗੀ ਅਸ਼ਵਨੀ ਕੁਮਾਰ ਲੱਖਣ ਕਲਾਂ, ਜਰਨੈਲ ਸਿੰਘ ਬਟਾਲਾ, ਅਵਤਾਰ ਸਿੰਘ ਠੱਠਾ ਅਤੇ ਨਰਿੰਦਰ ਸਿੰਘ ਡੇਰਾ ਬਾਬਾ ਨਾਨਕ ਵੱਲੋਂ ਕੀਤੀ ਗਈ।ਰੈਲੀ ਨੂੰ ਸੰਬੋਧਨ ਗੁਲਜ਼ਾਰ ਸਿੰਘ ਬਸੰਤਕੋਟ, ਰਣਬੀਰ ਸਿੰਘ ਵਿਰਕ, ਸ਼ਮਸ਼ੇਰ ਸਿੰਘ ਨਵਾਂ ਪਿੰਡ ਅਤੇ ਗੁਰਮੀਤ ਸਿੰਘ ਬਖਤਪੁਰਾ ਨੇ ਪੰਜਾਬ ਅਤੇ ਕੇਂਦਰ ਸਰਕਾਰ ਵੱਲੋਂ ਹੜ੍ਹ ਪੀੜਤਾਂ ਲਈ ਐਲਾਨੇ ਗਏ ਮੁਆਵਜ਼ੇ ਨੂੰ ਤੁੱਛ ਅਤੇ ਅਧੂਰ ਦੱਸਿਆ।ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੀ 100 ਫੀਸਦੀ ਬਰਬਾਦ ਹੋਈ ਝੋਨੇ ਦੀ ਫਸਲ ਲਈ ਕੇਵਲ 20 ਹਜ਼ਾਰ ਰੁਪਏ ਦਾ ਐਲਾਨ ਕੀਤਾ ਗਿਆ ਹੈ, ਡੇਰਾ ਬਾਬਾ ਨਾਨਕ ਖੇਤਰ ਵਿੱਚ ਕਰੀਬ 3000 ਏਕੜ ਗੋਭੀ ਦੀ ਫਸਲ ਬਰਬਾਦ ਹੋ ਚੁੱਕੀ ਹੈ ਪਰ ਗੋਭੀ ਦੀ ਫਸਲ ਸਮੇਤ ਮੁਰਗੀਆਂ, ਮੱਛੀ ਧਾਰਕਾਂ ਅਤੇ ਤਰ੍ਹਾਂ ਤਰ੍ਹਾਂ ਦੀ ਪਿੰਡਾਂ ਵਿੱਚ ਦਸਤਕਾਰੀ ਕਰ



ਰਹੇ ਪਰਿਵਾਰਾਂ ਲਈ ਕੁਝ ਵੀ ਐਲਾਨ ਨਹੀਂ ਕੀਤਾ ਗਿਆ ਅਤੇ ਨਾ ਹੀ ਗਰੀਬਾਂ ਦੇ ਢਹਿ ਚੁੱਕੇ ਅਤੇ ਢਹਿਣ ਦੀ ਹਾਲਤ ਵਿੱਚ ਖੜੇ ਮਕਾਨਾਂ ਲਈ ਸਰਕਾਰ ਨੇ ਕੋਈ ਨੀਤੀ ਦਾ ਐਲਾਨ ਨਹੀਂ ਕੀਤਾ ।ਆਗੂਆਂ ਐੱਸਡੀਐੱਮ ਡੇਰਾ ਬਾਬਾ ਨਾਨਕ ਨੂੰ 8 ਮੰਗਾਂ ਦੇ ਦਿੱਤੇ ਮੰਗ ਪੱਤਰ ਵਿੱਚ ਮੰਗ ਕੀਤੀ ਕਿ ਕਿਸਾਨੀ ਦੀ ਫਸਲ ਦਾ ਫੀ ਏਕੜ 70 ਹਜ਼ਾਰ ਰੁਪਏ ਮੁਆਵਜ਼ਾ ਦਿੱਤਾ ਜਾਵੇ, ਪਿੰਡਾਂ ਦੇ ਗਰੀਬ ਪਰਿਵਾਰਾਂ ਨੂੰ ਇਸ ਔਖੇ ਸਮੇਂ ਪਰਿਵਾਰ ਚਲਾਉਣ ਲਈ ਪ੍ਰਤੀ ਪਰਿਵਾਰ 25 ਹਜ਼ਾਰ ਰੁਪਏ ਦੀ ਸਹਾਇਤਾ ਦਿੱਤੀ ਜਾਵੇ, ਜਿਨ੍ਹਾਂ ਕਿਸਾਨਾਂ ਦੇ ਖੇਤਾਂ ਵਿੱਚ ਰੇਤ ਜਮ੍ਹਾ ਹੋ ਚੁੱਕੀ ਹੈ ਉਨ੍ਹਾਂ ਕਿਸਾਨਾਂ ਨੂੰ ਪੂਰਨ ਤੌਰ ਤੇ ਰੇਤ ਦਾ ਮਾਲਕ ਐਲਾਨਿਆ ਜਾਵੇ, ਮਰੇ ਹੋਏ ਪਸ਼ੂਆਂ ਦੇ ਮੁਆਵਜ਼ੇ ਦੀ ਰਕਮ ਤੈਅ ਕੀਤੀ ਜਾਵੇ, ਪਿੰਡਾਂ ਦੇ ਮਜ਼ਦੂਰਾਂ ਅਤੇ ਲੋੜਵੰਦ ਕਿਸਾਨਾਂ ਨੂੰ ਲਗਾਤਾਰ ਮਨਰੇਗਾ ਦਾ ਰੁਜ਼ਗਾਰ ਦਿੱਤਾ ਜਾਵੇ।ਖੱਬੇ-ਪੱਖੀ ਆਗੂਆਂ ਨੇ ਭਾਰਤ ਦੀ ਮੋਦੀ ਸਰਕਾਰ ਵੱਲੋਂ ਪੰਜਾਬ ਲਈ ਦਿੱਤਾ ਗਿਆ 1600 ਕਰੋੜ ਰੁਪਏ ਦੇ ਰਾਹਤ ਪੈਕਜ ਨੂੰ ਰੱਦ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਪੰਜਾਬ ਨਾਲ ਵਿਤਕਰਾ ਅਤੇ ਧੱਕਾ ਕਰ ਰਹੀ ਅਤੇ ਇਸ ਵਿਤਕਰੇ ਦਾ ਸਿੱਟਾ ਲਾਜ਼ਮੀ ਪੰਜਾਬ ਵਿੱਚ ਵੱਖਵਾਦੀ ਤਾਕਤਾਂ ਨੂੰ ਮਜ਼ਬੂਤ ਕਰੇਗਾ। ਇਹ ਵੀ ਕਿਹਾ ਗਿਆ ਕਿ ਜੇਕਰ ਕੇਂਦਰ ਸਰਕਾਰ ਨੇ ਪੰਜਾਬ ਸਰਕਾਰ ਨੂੰ ਹਾਈਡਲ ਪ੍ਰੋਜੈਕਟਾਂ ਅਤੇ ਦਰਿਆਵਾਂ ਦੀ ਰੱਖ ਰਖਾ ਲਈ 1200 ਕਰੋੜ ਰੁਪਏ ਦਿੱਤੇ ਸੀ ਤਾਂ ਇਸ ਦੇ ਮੇਹਣੇ ਮਾਰਨ ਦੀ ਬਜਾਏ ਭਾਰਤ ਸਰਕਾਰ ਨੂੰ ਇਸ ਬਾਬਤ ਜਾਂਚ ਕਰਵਾ ਲੈਣੀ ਚਾਹੀਦੀ ਹੈ ਕਿ ਇਹ ਪੈਸਾ ਅਸਲ ਮਕਸਦ ਲਈ ਖਰਚਿਆ ਗਿਆ ਵੀ ਜਾਂ ਨਹੀਂ।ਉਪਰੋਕਤ ਆਗੂਆਂ ਤੋਂ ਇਲਾਵਾ ਰੈਲੀ ਨੂੰ ਰਾਜ ਗੁਰਵਿੰਦਰ ਸਿੰਘ ਲਾਡੀ, ਮਾਸਟਰ ਰਘਬੀਰ ਸਿੰਘ ਪਕੀਵਾਂ, ਕੁਲਦੀਪ ਰਾਜੂ ਬਟਾਲਾ, ਬਲਦੇਵ ਸਿੰਘ ਖਹਿਰਾ, ਦਲਬੀਰ ਭੋਲਾ, ਦਿਲਬਾਗ ਸਿੰਘ ਡੋਗਰ, ਜਨਕ ਰਾਜ ਅਤੇ ਸੁਖਦੇਵ ਸਿੰਘ ਉਦੋਵਾਲੀ ਨੇ ਵੀ ਸੰਬੋਧਨ ਕੀਤਾ।

## ਸਿੱਖਿਆ ਤੇ ਲੋਕ ਨਿਰਮਾਣ ਵਿਭਾਗ ਦੀਆਂ ਟੀਮਾਂ ਨੇ ਸਰਕਾਰੀ ਸਕੂਲਾਂ ਦਾ ਕੀਤਾ ਮੁਆਇਨਾ



**ਚੇਤਨਪੁਰਾ (ਸੁਖਵੰਤ ਚੇਤਨਪੁਰੀ)**- ਜ਼ਿਲ੍ਹਾ ਅੰਮ੍ਰਿਤਸਰ ਦੇ ਵੱਖ-ਵੱਖ ਖੇਤਰਾਂ ਵਿੱਚ ਪੈਦਾ ਹੋਈ ਹੜ੍ਹਾਂ ਦੀ ਸਥਿਤੀ ਕਾਰਨ ਜਿਥੇ ਕਿਸਾਨਾਂ ਦੀਆਂ ਫਸਲਾਂ, ਕਾਰੋਬਾਰੀਆਂ ਦੇ ਕਾਰੋਬਾਰ ਅਤੇ ਹੜ੍ਹ ਪ੍ਰਭਾਵਿਤ ਇਲਾਕੇ ਵਿਚ ਘਰਾਂ ਨੂੰ ਵੱਡਾ ਨੁਕਸਾਨ ਪੁੱਜਾ ਉਥੇ ਹੀ ਹੜ੍ਹਾਂ ਦੇ ਪਾਣੀਆਂ ਕਾਰਨ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਸਰਕਾਰੀ ਸਕੂਲਾਂ ਦੀਆਂ ਇਮਾਰਤਾਂ ਨੂੰ ਵੱਡਾ ਨੁਕਸਾਨ ਪੁੱਜਾ ਹੈ।ਸਰਹੱਦੀ ਖੇਤਰ ਦੇ ਸਿੱਖਿਆ ਬਲਾਕ ਅਜਨਾਲਾ-1, ਅਜਨਾਲਾ-2 ਅਤੇ ਚੋਗਾਵਾਂ-2 ਦੇ ਕਈ ਸਕੂਲਾਂ ਦੀਆਂ ਇਮਾਰਤਾਂ ਨੂੰ ਪੁੱਜੇ ਨੁਕਸਾਨ ਨੂੰ ਦੇਖਦਿਆਂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ 12 ਸਤੰਬਰ ਤੱਕ ਛੁੱਟੀਆਂ ਕਰ ਦਿੱਤੀਆਂ ਗਈਆਂ ਹਨ।ਜ਼ਿਲਾ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਮੈਡਮ ਸਾਕਸ਼ੀ ਸਾਹਨੀ ਵੱਲੋਂ ਸਰਕਾਰੀ ਸਕੂਲਾਂ ਦੇ ਮੁਆਇਨੇ ਸੰਬੰਧੀ ਸਿੱਖਿਆ ਵਿਭਾਗ ਅਤੇ ਲੋਕ ਨਿਰਮਾਣ ਵਿਭਾਗ ਦੀਆਂ ਟੀਮਾਂ ਨੂੰ ਦਿੱਤੇ ਅਦੇਸ਼ ਦੀ ਪਾਲਣਾ ਕਰਦਿਆਂ ਕੰਵਲਜੀਤ ਸਿੰਘ ਸੰਧੂ ਜ਼ਿਲ੍ਹਾ ਸਿੱਖਿਆ ਅਫਸਰ ਅੰਮ੍ਰਿਤਸਰ, ਦਲਜੀਤ ਸਿੰਘ ਬਲਾਕ ਐਲੀਮੈਂਟਰੀ ਸਿੱਖਿਆ ਅਫਸਰ, ਐੱਚ. ਟੀ. ਪਰਮਬੀਰ ਸਿੰਘ ਪੰਨੂੰ ਰੋਖੇ, ਲੋਕ ਨਿਰਮਾਣ ਵਿਭਾਗ ਦੇ ਜੇ. ਈ. ਤਰਸੇਮ ਸਿੰਘ, ਪਰਮਿੰਦਰ ਸਿੰਘ ਸਰਪੰਚ ਜ਼ਿਲ੍ਹਾ ਮੀਡੀਆ ਕੋਆਰਡੀਨੇਟਰ, ਰਜਿੰਦਰ ਸਿੰਘ ਏ. ਸੀ. ਸਮਾਰਟ ਸਕੂਲ, ਰਾਜਪਾਲ ਸਿੰਘ ਉੱਪਲ, ਗੁਰਿੰਦਰ ਸਿੰਘ ਘੁਕੇਵਾਲੀ, ਤਨਵੀਰ ਸਿੰਘ, ਇੰਦਰਜੀਤ ਸਿੰਘ, ਬਲਜੀਤ ਸਿੰਘ ਧਾਰੀਵਾਲ, ਮਨਜਿੰਦਰ ਸਿੰਘ ਤੇ ਆਧਾਰਿਤ ਟੀਮਾਂ ਵੱਲੋਂ ਜਗਦੇਵ ਖੁਰਦ, ਲੱਖੂਵਾਲ, ਬੱਲ ਲਭੇ ਦਰਿਆ, ਗੁਰਾਲਾ, ਚੱਕ ਬਾਲਾ, ਸਰੰਗਦੇਵ, ਰਮਦਾਸ, ਬਾਊਲੀ, ਘੋਨੇਵਾਲ, ਜੱਟਾ, ਮਾਛੀਵਾਲਾ, ਕਤਲੇ, ਨੰਗਲ ਸੋਹਲ, ਮੰਦਰਾਂਵਾਲਾ, ਧੰਗਈ, ਰੁੜੇਵਾਲ, ਸ਼ਹਿਜ਼ਾਦਾ ਅਤੇ ਪੱਛੀਆ ਪਿੰਡਾਂ ਵਿੱਚ ਸਥਿਤ ਸਰਕਾਰੀ ਹਾਈ ਸਕੂਲਾਂ, ਮਿਡਲ ਤੇ ਪ੍ਰਾਇਮਰੀ ਸਕੂਲਾਂ ਦਾ ਦੌਰਾ ਕਰਦਿਆਂ ਹੜ੍ਹਾਂ ਉਪਰੰਤ ਮੌਜੂਦਾ ਸਥਿਤੀ ਦਾ ਜਾਇਜ਼ਾ ਲਿਆ।ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੰਵਲਜੀਤ ਸਿੰਘ ਸੰਧੂ ਡੀਈਓ ਅੰਮ੍ਰਿਤਸਰ ਨੇ ਦੱਸਿਆ ਕਿ ਹੜ੍ਹਾਂ ਕਾਰਨ ਤਹਿਸੀਲ ਅਜਨਾਲਾ ਤਹਿਤ ਪੈਂਦੇ ਸਰਕਾਰੀ ਸਕੂਲਾਂ ਦੀਆਂ ਇਮਾਰਤਾਂ ਨੂੰ ਵੱਡਾ ਨੁਕਸਾਨ ਪੁੱਜਾ ਹੈ।ਸ. ਸੰਧੂ ਨੇ ਦੱਸਿਆ ਕਿ ਹੜ੍ਹ ਪ੍ਰਭਾਵਿਤ ਇਲਾਕੇ ਵਿੱਚ ਦੇ ਸਮੂਹ ਸਰਕਾਰੀ ਸਕੂਲਾਂ ਦੀ ਮੌਜੂਦਾ ਸਥਿਤੀ ਦਾ ਜਾਇਜ਼ਾ ਲੈਣ ਉਪਰੰਤ ਰਿਪੋਰਟ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੂੰ ਭੇਜੀ ਜਾਵੇਗੀ ਜਿਸ ਅਨੁਸਾਰ ਸਕੂਲਾਂ ਨੂੰ ਮੁੜ ਸ਼ੁਰੂ ਕਰਨ ਦਾ ਫੈਸਲਾ ਕੀਤਾ ਜਾਵੇਗਾ।

## ਡੀਐਸੀ ਤੇ ਸੀਐੱਮਸੀ ਲੁਧਿਆਣਾ ਨੇ ਹੜ੍ਹ ਪ੍ਰਭਾਵਿਤ ਪਿੰਡਾਂ 'ਚ ਮੈਡੀਕਲ ਕੈਂਪ ਲਗਾਇਆ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਡਾਇਓਸਿਸ ਆਫ ਅੰਮ੍ਰਿਤਸਰ, ਚਰਚ ਆਫ਼ ਨੌਰਥ ਇੰਡੀਆ (ਸੀਐੱਨਆਈ) ਨੇ ਕ੍ਰਿਸ਼ਚੀਅਨ ਮੈਡੀਕਲ ਕਾਲਜ ਅਤੇ ਹਸਪਤਾਲ (ਸੀਐੱਮਸੀ), ਲੁਧਿਆਣਾ, ਦੇ ਬਾਲ ਰੋਗਾਂ ਦੇ ਮਾਹਿਰਾਂ ਅਤੇ ਚਮੜੀ ਰੋਗਾਂ ਦੇ ਮਾਹਿਰਾਂ ਸਮੇਤ ਛੇ ਡਾਕਟਰਾਂ ਦੀ ਟੀਮ ਅਤੇ 15 ਹੋਰਾਂ ਦੇ ਸਹਿਯੋਗ ਨਾਲ ਤਲਵੰਡੀ ਤਪਾਲਾ ਅਤੇ ਦਿਆਲ ਭੱਟੀ ਅਤੇ ਹੋਰ ਪਿੰਡਾਂ ਵਿੱਚ ਚੱਲ ਰਹੇ ਉਨ੍ਹਾਂ ਦੇ ਰਾਹਤ ਕਾਰਜਾਂ ਦੇ ਹਿੱਸੇ ਵਜੋਂ ਇੱਕ ਮੈਡੀਕਲ ਕੈਂਪ ਲਗਾਇਆ। ਸੀਐੱਮਸੀ ਲੁਧਿਆਣਾ ਦੀ ਟੀਮ ਨੇ ਡਾਇਓਸਿਸ ਦੇ ਸਟਾਫ ਅਤੇ ਵਲੰਟੀਅਰਾਂ ਦੇ ਸਹਿਯੋਗ ਨਾਲ ਪਿੰਡ ਵਾਸੀਆਂ ਨੂੰ ਡਾਕਟਰੀ ਦੇਖਭਾਲ ਪ੍ਰਦਾਨ ਕਰਨ, ਜ਼ਰੂਰੀ ਸਪਲਾਈ ਵੰਡਣ ਅਤੇ ਸਿਹਤ ਸਿੱਖਿਆ ਪ੍ਰਦਾਨ ਕਰਨ ਲਈ ਅਣਥੱਕ ਮਿਹਨਤ ਕੀਤੀ।ਇਹ ਮੈਡੀਕਲ ਕੈਂਪ ਸਫਲ ਰਿਹਾ। ਇਸ ਮੈਡੀਕਲ ਕੈਂਪ ਨੇ ਕਈ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕੀਤੀਆਂ, ਜਿਸ ਵਿੱਚ ਆਮ ਸਿਹਤ ਜਾਂਚ, ਚਮੜੀ ਰੋਗ ਅਤੇ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਦਾ ਇਲਾਜ ਅਤੇ ਦਵਾਈਆਂ ਦੀ ਵੰਡ ਸ਼ਾਮਲ ਹੈ।

## 'ਕਿਤਾਬ ਬੋਲਦੀ ਹੈ-ਪੜ੍ਹੋ ਤੇ ਵਧੋ' ਮੁਹਿੰਮ ਤਹਿਤ ਸਾਹਿਤਕ ਸਮਾਗਮ ਆਯੋਜਿਤ

**ਤਰਨ ਤਾਰਨ (ਪ੍ਰਿਤਪਾਲ ਸਿੰਘ)**- ਭਾਈ ਗੁਰਦਾਸ ਲਾਇਬ੍ਰੇਰੀ ਸ੍ਰੀ ਗੁਰੂ ਅਰਜਨ ਦੇਵ ਸਰਕਾਰੀ ਕਾਲਜ ਵੱਲੋਂ 'ਕਿਤਾਬ ਬੋਲਦੀ ਹੈ-ਪੜ੍ਹੋ ਤੇ ਵਧੋ' ਮੁਹਿੰਮ ਦੇ ਤਹਿਤ ਵਿਸ਼ੇਸ਼ ਸਾਹਿਤਕ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਪੁਸਤਕ ਤੇ ਪੁਸਤਕਾਲਾ ਨਾਲ ਜੋੜਨਾ ਸੀ।ਇਸ ਸਮਾਗਮ ਵਿੱਚ ਰਾਬਤਾ ਮੁਕਾਲਮਾ ਕਾਵ ਮੰਚ ਦੇ ਪ੍ਰਸਿੱਧ ਕਵੀ ਮਾਲਵਿੰਦਰ ਨੇ ਵਿਦਿਆਰਥੀਆਂ ਨਾਲ ਆਪਣੀ ਸਾਹਿਤਕ ਯਾਤਰਾ ਸਾਂਝੀ ਕੀਤੀ।ਇਸੇ ਕੜੀ ਵਿੱਚ ਪੰਜਾਬ ਦੀ ਸਾਬਕਾ ਚੀਫ ਲਾਇਬ੍ਰੇਰੀਅਨ ਡਾ. ਪ੍ਰਭਜੋਤ ਕੌਰ ਸੰਧੂ ਨੇ ਵਿਦਿਆਰਥੀਆਂ ਨੂੰ ਕਿਤਾਬਾਂ ਅਤੇ ਸਾਹਿਤ ਨਾਲ ਜੁੜਨ ਲਈ ਪ੍ਰੇਰਿਤ ਕੀਤਾ ਅਤੇ ਕਿਤਾਬ ਬੋਲਦੀ ਹੈ ਮੁਹਿੰਮ ਨਾਲ ਜੁੜਨ ਦਾ ਸੱਦਾ ਦਿੱਤਾ।ਕਾਲਜ ਦੀ ਸਾਬਕਾ ਪ੍ਰਿੰ. ਡਾ. ਸੁਰਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਪੁਸਤਕ ਪੜ੍ਹਨ ਅਤੇ ਲਾਇਬ੍ਰੇਰੀ ਦੀ ਮਹੱਤਤਾ ਨਾਲ ਜਾਣੂ ਕਰਵਾਇਆ।ਵਾਇਸ ਪ੍ਰਿੰ. ਡਾ. ਗੁਰਿੰਦਰਜੀਤ ਕੌਰ ਅਤੇ ਲਾਇਬ੍ਰੇਰੀਅਨ ਸਤਿੰਦਰਬੀਰ ਕੌਰ ਨੇ ਮੁੱਖ ਮਹਿਮਾਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਕਿ ਉਹ ਸਾਹਿਤਕ ਜਾਗਰੂਕਤਾ ਵਧਾਉਣ ਅਤੇ ਪੁਸਤਕ ਪੜ੍ਹਨ ਦੀ ਆਦਤ ਵਿਕਸਿਤ ਕਰਨ। ਲਾਇਬ੍ਰੇਰੀਅਨ ਸਤਿੰਦਰਬੀਰ ਕੌਰ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਹਿਤ ਹੋਰ ਉਪਰਾਲੇ ਵੀ ਕੀਤੇ ਜਾਣਗੇ।ਇਸ ਮੌਕੇ ਕਾਲਜ ਦੇ ਵਿਦਿਆਰਥੀਆਂ ਅਤੇ ਸਮੂਹ ਸਟਾਫ ਮੈਂਬਰਾਂ ਨੇ ਉਤਸ਼ਾਹ ਨਾਲ ਭਾਗ ਲਿਆ।ਸਮਾਗਮ ਨੂੰ ਸਫਲ ਬਣਾਉਣ ਵਿੱਚ ਲਾਇਬ੍ਰੇਰੀ ਦੇ ਸਾਰੇ ਮੈਂਬਰਾਂ ਦਾ ਯੋਗਦਾਨ ਕਾਬਿਲ-ਏ-ਤਾਰੀਫ਼ ਰਿਹਾ।



## ਬਰਤਨਾਂ ਤੋਂ ਜੀਐੱਸਟੀ ਦਰਾਂ ਘਟਾਉਣ ਦੇ ਫੈਸਲੇ ਦਾ ਸਵਾਗਤ



**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**: ਜੰਡਿਆਲਾ ਗੁਰੂ ਬਰਤਨ ਬਾਜ਼ਾਰ ਯੂਨੀਅਨ ਨੇ ਕੇਂਦਰ ਸਰਕਾਰ ਵੱਲੋਂ ਜੀਐੱਸਟੀ ਸਲੈਬ ਦਰਾਂ ਵਿੱਚ ਕਟੌਤੀ ਦਾ ਸਵਾਗਤ ਕੀਤਾ ਹੈ। ਯੂਨੀਅਨ ਦੇ ਪ੍ਰਧਾਨ ਵਰਿੰਦਰ ਸਿੰਘ ਮਲਹੋਤਰਾ ਅਤੇ ਸੀਨੀਅਰ ਮੀਤ ਪ੍ਰਧਾਨ ਸ਼੍ਰੀ ਬ੍ਰਿਜ ਲਾਲ ਮਲਹੋਤਰਾ ਨੇ ਸਥਾਨਕ ਇਕ ਹੋਟਲ ਵਿਚ ਇਕ ਮੀਟਿੰਗ ਦੌਰਾਨ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਖੁਸ਼ੀ ਪ੍ਰਗਟ ਕੀਤੀ ਅਤੇ ਇਸ ਫੈਸਲੇ ਨੂੰ ਨਾ ਸਿਰਫ਼ ਵਪਾਰੀਆਂ ਲਈ ਸਗੋਂ ਆਮ ਗਾਹਕਾਂ ਲਈ ਵੀ ਵੱਡੀ ਰਾਹਤ ਦੱਸਿਆ।ਮਲਹੋਤਰਾ ਨੇ ਕਿਹਾ ਕਿ ਜੀਐੱਸਟੀ ਸਲੈਬ ਵਿੱਚ ਕਟੌਤੀ ਕਾਰਨ ਘਰੇਲੂ ਉਪਕਰਣ, ਕੱਪੜੇ, ਬਰਤਨ, ਹੋਟਲ ਅਤੇ ਰੈਸਟੋਰੈਂਟ ਸੇਵਾਵਾਂ, ਸੈਰ-ਸਪਾਟੇ ਨਾਲ ਸਬੰਧਤ ਖਰਚੇ ਅਤੇ ਕਈ ਰੋਜ਼ਾਨਾ ਦੀਆਂ ਚੀਜ਼ਾਂ ਹੁਣ ਸਸਤੀਆਂ ਹੋ ਜਾਣਗੀਆਂ।ਉਨ੍ਹਾਂ ਨੇ ਦੱਸਿਆ ਕਿ ਬਰਤਨਾਂ ਉਪਰ ਪਹਿਲਾਂ ਜੀਐੱਸਟੀ 12% ਸੀ ਜਿਸਨੂੰ ਕਿ ਹੁਣ ਕੇਂਦਰ ਸਰਕਾਰ ਨੇ ਘਟਾਕੇ 5% ਕਰ ਦਿੱਤਾ ਹੈ।ਇਸ ਨਾਲ ਖਪਤਕਾਰਾਂ ਦੀ ਜੇਬ ਤੇ ਬੋਝ ਘਟੇਗਾ, ਉੱਥੇ ਹੀ ਖਰੀਦਦਾਰੀ ਦਾ ਰੁਝਾਨ ਵੀ ਵਧੇਗਾ। ਯੂਨੀਅਨ ਦੇ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਦੇ ਇਸ ਫੈਸਲੇ ਨਾਲ ਛੋਟੇ ਅਤੇ ਦਰਮਿਆਨੇ ਵਪਾਰੀਆਂ ਲਈ ਨਵੀਂ ਉਮੀਦ ਜਾਗੀ ਹੈ।ਹੁਣ ਵਪਾਰਕ ਮਾਹੌਲ ਸੁਧਰੇਗਾ, ਲੋਕਾਂ ਦਾ ਵਿਸ਼ਵਾਸ ਵਧੇਗਾ ਅਤੇ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣਗੇ।ਉਨ੍ਹਾਂ ਅੱਗੇ ਕਿਹਾ ਕਿ ਜੀਐੱਸਟੀ ਸਲੈਬ ਵਿੱਚ ਕਮੀ ਕਾਰਨ ਹੋਟਲ ਉਦਯੋਗ, ਸੇਵਾ ਖੇਤਰ ਅਤੇ ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ ਦੀਆਂ ਕੀਮਤਾਂ ਘੱਟ ਜਾਣਗੀਆਂ ਅਤੇ ਖਪਤਕਾਰਾਂ ਨੂੰ ਸਸਤੀਆਂ ਦਰਾਂ 'ਤੇ ਸਾਮਾਨ ਮਿਲੇਗਾ, ਜੋ ਕਿ ਹਰ ਵਰਗ ਦੇ ਗਾਹਕਾਂ ਲਈ ਇੱਕ ਸੁਹਾਵਣਾ ਸੁਨੇਹਾ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਬਰਤਨ ਬਾਜ਼ਾਰ ਯੂਨੀਅਨ ਦੇ ਸਾਰੇ ਦੁਕਾਨਦਾਰ ਮੀਟਿੰਗ ਵਿੱਚ ਹਾਜ਼ਰ ਸਨ ।

## ਤਲਵੰਡੀ ਖੁੰਮਣ ਤੋਂ ਕਾਹਲੋਂ ਪਰਿਵਾਰਾਂ ਨੇ ਹੜ੍ਹ ਪੀੜਤਾਂ ਲਈ ਰਾਹਤ ਸਮੱਗਰੀ ਭੇਜੀ



**ਮਜੀਠਾ (ਸੋਇਮ ਆਨੰਦ)**- ਹਲਕਾ ਮਜੀਠਾ ਦੇ ਪਿੰਡ ਤਲਵੰਡੀ ਖੁੰਮਣ ਦੇ ਡੇਰਿਆ ਤੋਂ ਕਾਹਲੋਂ ਪਰਿਵਾਰਾਂ ਵੱਲੋਂ ਹੜ੍ਹ ਪੀੜ੍ਹਤ ਪਰਿਵਾਰਾਂ ਲਈ ਰਾਹਤ ਸਮੱਗਰੀ ਰਵਾਨਾ ਕੀਤੀ ਗਈ, ਜਿਸ 'ਚ ਪਸ਼ੂਆ ਦਾ ਚਾਰਾ, ਬੱਚਿਆਂ ਲਈ ਡਾਇਪਰ, ਤਰਪਾਲਾਂ ਤੇ ਖਾਣ ਪੀਣ ਵਾਲੀਆ ਵਸਤੂਆਂ ਸਨ। ਕਾਹਲੋਂ ਪਰਿਵਾਰਾਂ ਤੇ ਐੱਨਆਰਆਈ ਬੱਚਿਆਂ ਦੇ ਸਹਿਯੋਗ ਨਾਲ ਇਹ ਉਪਰਾਲਾ ਕੀਤਾ ਗਿਆ ਹੈ।ਗੱਲਬਾਤ ਕਰਦਿਆਂ ਹਰਜਿੰਦਰ ਸਿੰਘ ਲਾਲੀ ਯੂਕੇ ਨੇ ਕਿਹਾ ਕਿ ਸਮੁੱਚੇ ਨਗਰ ਤਲਵੰਡੀ ਖੁੰਮਣ ਦੇ ਡੇਰਿਆਂ ਦੀ ਸਾਧ ਸੰਗਤ ਵੱਲੋਂ ਹੜ੍ਹ ਪੀੜਤ ਪਰਿਵਾਰਾਂ ਅਤੇ ਬੇਜ਼ੁਬਾਨਾਂ ਲਈ ਚਾਰਾ, ਰਾਸ਼ਨ ਭੇਜਿਆ ਗਿਆ। ਇਸ ਮੌਕੇ ਹਰਜਿੰਦਰ ਸਿੰਘ ਲਾਲੀ ਯੂਕੇ, ਹਰਮਨ ਕਾਹਲੋਂ, ਵਿੱਕੀ ਕਾਹਲੋਂ, ਮੰਗਲ ਸਿੰਘ ਕਾਹਲੋਂ, ਗੁਰਨਵਾਜ ਕਾਹਲੋਂ, ਜਸ਼ਨ ਕਾਹਲੋਂ, ਪਲਕ ਕਾਹਲੋਂ, ਹਰਨੂੰਰਕਾਹਲੋ, ਬੈਂਕ ਵਾਲਿਆਂ ਦਾ ਪਰਿਵਾਰ, ਸੁੱਖੂ ਆਸਟਰੇਲੀਆ, ਗੋਪੀ ਕਾਹਲੋਂ, ਗੁਰਪਿੰਦਰ ਸਿੰਘ ਕਾਹਲੋਂ, ਹਰਿੰਦਰ ਕਾਹਲੋਂ, ਪ੍ਰਤਾਪ ਸਿੰਘ ਫੌਜੀ ਸ਼ੇਰਾ ਕਾਹਲੋਂ, ਜਗਪ੍ਰੀਤ ਸਿੰਘ ਕਾਹਲੋਂ, ਮਹਿਕ ਕਾਹਲੋਂ, ਨਿਰਮਲ ਸਿੰਘ ਕਾਹਲੋਂ, ਜਗਮੋਹਨ ਸਿੰਘ ਕਾਹਲੋਂ, ਸੋਨਾ ਕਾਹਲੋਂ, ਰਾਣਾ ਕਾਹਲੋਂ, ਅਮਰੀਕ ਸਿੰਘ ਕਾਹਲੋ ਆਦਿ ਸ਼ਾਮਿਲ ਸਨ।

## ਮੰਗਾਂ ਨੂੰ ਲੈ ਕੇ ਕਲੈਰੀਕਲ ਸਾਥੀਆਂ ਦੀ ਡੀਪੀਆਈ ਨਾਲ ਮੀਟਿੰਗ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਕਲੈਰੀਕਲ ਸਾਥੀਆਂ ਦੀ ਜਥੇਬੰਦੀ ਦੀ ਮੀਟਿੰਗ ਡਾਇਰੈਕਟਰ ਸਿੱਖਿਆ ਵਿਭਾਗ ਸੈਕੰਡਰੀ ਸਿੱਖਿਆ ਪੰਜਾਬ ਗੁਰਿੰਦਰ ਸਿੰਘ ਸੋਢੀ ਨਾਲ ਬਹੁਤ ਹੀ ਸੁਖਾਵੇਂ ਮਾਹੌਲ ਵਿਚ ਹੋਈ ਅਤੇ ਡੀਪੀਆਈ ਵੱਲੋਂ ਵਿਸ਼ਵਾਸ ਦਿਵਾਇਆ ਗਿਆ ਕਿ ਜਥੇਬੰਦੀ ਦੀਆਂ ਰਹਿੰਦੀਆਂ ਮੰਗਾਂ ਨੂੰ ਜਲਦ ਪੂਰਾ ਕਰਨ ਸਬੰਧੀ ਕਾਰਵਾਈ ਕੀਤੀ ਜਾਵੇਗੀ।ਇਸ ਨਾਲ ਹੀ ਡੀ. ਪੀ. ਆਈ. ਵੱਲੋਂ ਜਥੇਬੰਦੀ ਨੂੰ ਅਗਲੇ ਹਫਤੇ ਦੁਬਾਰਾ ਬੁਲਾਇਆ ਅਤੇ ਜਿਹੜੀਆਂ ਮੰਗਾਂ ਸਿੱਖਿਆ ਸਕੱਤਰ ਨੂੰ ਭੇਜੀਆਂ ਜਾਣੀਆਂ ਹਨ ਉਨ੍ਹਾਂ ਦੇ ਵਿਸਥਾਰਪੂਰਵਕ ਅਲੱਗ ਅਲੱਗ ਮੰਗ ਪੱਤਰ ਦੇਣ ਸਬੰਧੀ ਕਿਹਾ ਗਿਆ ਅਤੇ ਇਸ ਨਾਲ ਹੀ ਸੀਨੀਅਰ ਸਹਾਇਕ ਦੀਆਂ ਰਹਿੰਦੀਆਂ ਪ੍ਰਮੋਸ਼ਨਾਂ ਸਬੰਧੀ ਇਕ ਹਫਤੇ ਵਿਚ ਅਗਲੇਰੀ ਕਾਰਵਾਈ ਕਰਨ ਦਾ ਭਰੋਸਾ ਦਿੱਤਾ ਗਿਆ।ਕਲਰਕ ਤੋਂ ਜੂਨੀਅਰ ਸਹਾਇਕ ਦੀ ਪ੍ਰਮੋਸ਼ਨ ਸਬੰਧੀ ਗੱਲਬਾਤ ਦੌਰਾਨ ਡੀਪੀਆਈ ਵੱਲੋਂ ਕਿਹਾ ਗਿਆ ਕਿ ਜਿਹੜੇ ਹੋਰ ਵਿਭਾਗਾਂ ਵਿਚ ਕਲਰਕ ਤੋਂ ਜੂਨੀਅਰ ਸਹਾਇਕ ਬਣੇ ਹਨ ਉਹ ਪੱਤਰ ਨਾਲ ਨੱਥੀ ਕਰਕੇ ਮੰਗ ਪੱਤਰ ਦਿੱਤਾ ਜਾਵੇ।ਇਸ ਮੌਕੇ ਡੀਪੀਆਈ ਦਾ ਐੱਲਏ ਦੀਆਂ ਪੋਸਟਾਂ ਦਫ਼ਤਰਾਂ ਵਿਚ ਦੇਣ ਲਈ ਜਥੇਬੰਦੀ ਵੱਲੋਂ ਧੰਨਵਾਦ ਕੀਤਾ ਗਿਆ।ਇਸ ਮੌਕੇ ਰਾਜਦੀਪਕ ਗੁਪਤਾ, ਨਿਸ਼ਾਨ ਸਿੰਘ, ਹਰਵਿੰਦਰ ਸਿੰਘ, ਹਰਦੀਪ ਸਿੰਘ, ਦਲਜੀਤ ਸਿੰਘ, ਜਸਵਿੰਦਰ ਸਿੰਘ, ਤਜਿੰਦਰ ਸਿੰਘ, ਗੁਰਸ਼ਰਨ ਸਿੰਘ ਆਦਿ ਹਾਜ਼ਰ ਸਨ।



## ਹੜ੍ਹ ਪੀੜਤਾਂ ਲਈ ਪਿੰਗਲਵਾੜਾ ਵੱਲੋਂ ਵੱਡੀ ਪੱਧਰ 'ਤੇ ਰਾਹਤ ਸਮੱਗਰੀ ਭੇਟ




**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਪਿੰਗਲਵਾੜਾ ਸੰਸਥਾ ਦੇ ਸੇਵਾਦਾਰ ਤੇਜਿੰਦਰਭਾਨ ਸਿੰਘ ਬੇਦੀ ਦੀ ਅਗਵਾਈ ਹੇਠ ਇਕ ਵੱਡੀ ਟੀਮ ਗੁਰਦਾਸਪੁਰ ਜ਼ਿਲ੍ਹੇ ਦੇ ਵੱਖ-ਵੱਖ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਰਾਹਤ ਸਮੱਗਰੀ ਲੈ ਕੇ ਪਹੁੰਚੀ।ਪਿੰਗਲਵਾੜਾ ਦੀ ਇਹ ਸੇਵਾ ਮੁਹਿੰਮ ਮੁੱਖ ਸੇਵਾਦਾਰ ਡਾ. ਇੰਦਰਜੀਤ ਕੌਰ ਜੀ ਦੇ ਸਨੇਹ/ਪਿਆਰ ਤੇ ਆਸ਼ੀਰਵਾਦ ਨਾਲ ਚੱਲ ਰਹੀ ਹੈ।ਰਵਾਨਗੀ ਤੋਂ ਪਹਿਲਾਂ ਡਾ. ਇੰਦਰਜੀਤ ਕੌਰ ਜੀ ਨੇ ਸਾਰਿਆਂ ਨਾਲ ਮਿਲ ਕੇ ਅਰਦਾਸ ਕੀਤੀ ਤਾਂ ਜੋ ਵਾਹਿਗੁਰੂ ਦੀ ਕਿਰਪਾ ਨਾਲ ਇਹ ਸਹਾਇਤਾ ਸੱਚਮੁੱਚ ਉਨ੍ਹਾਂ ਲੋਕਾਂ ਤੱਕ ਪਹੁੰਚੇ ਜਿਹੜੇ ਹੜ੍ਹ ਦੀ ਭਿਆਨਕ ਮਾਰ ਝੱਲ ਰਹੇ ਹਨ ਅਤੇ ਜਿਨ੍ਹਾਂ ਦੇ ਘਰ ਤੇ ਜੀਵਨ ਪੂਰੀ ਤਰ੍ਹਾਂ ਉਜੜ ਚੁੱਕੇ ਹਨ।ਪਿੰਗਲਵਾੜਾ ਦੀ ਟੀਮ ਨੇ ਗਾਹਲੜੀ, ਕਾਨਾ, ਮਿਆਣੀ ਮਲਾਹਣ, ਫਰੀਦਪੁਰ, ਬਾਹਮਣੀ, ਦੋਰਾਂਗਲਾ, ਭੈਣੀ ਅਤੇ ਸ਼ਾਹਪੁਰ ਸਮੇਤ ਕਈ ਪਿੰਡਾਂ ਦਾ ਦੌਰਾ ਕੀਤਾ।ਜਦੋਂ ਟੀਮ ਹੜ੍ਹ ਪੀੜਤ ਪਰਿਵਾਰਾਂ ਦੇ ਘਰਾਂ ਵਿੱਚ ਪਹੁੰਚੀ ਤਾਂ ਉੱਥੇ ਭਿਆਨਕ ਤਬਾਹੀ ਦੇ ਮੰਜ਼ਰ ਵੇਖਣ ਨੂੰ ਮਿਲੇ।ਕਈ ਪਰਿਵਾਰਾਂ ਦੇ ਘਰ ਪੂਰੀ ਤਰ੍ਹਾਂ ਢਹਿ ਚੁੱਕੇ ਸਨ, ਕੁਝ ਘਰਾਂ ਦੀਆਂ ਛੱਤਾਂ ਹੀ ਗਾਇਬ ਹੋ ਗਈਆਂ ਸਨ। ਜਿਨ੍ਹਾਂ ਦੇ ਘਰ ਖੜ੍ਹੇ ਸਨ ਉਨ੍ਹਾਂ ਵਿੱਚ ਵੀ ਪਾਣੀ ਦਾਖਲ ਹੋਣ ਕਰਕੇ ਸਾਰਾ ਘਰੇਲੂ ਸਮਾਨ ਨਸ਼ਟ ਹੋ ਗਿਆ ਸੀ।ਬਿਸਤਰੇ, ਕੱਪੜੇ, ਬਰਤਨ, ਅਨਾਜ ਅਤੇ ਹੋਰ ਜ਼ਰੂਰੀ ਚੀਜ਼ਾਂ ਪਾਣੀ ਨਾਲ ਖ਼ਰਾਬ ਹੋ ਚੁੱਕੀਆਂ ਸਨ।ਸੰਸਥਾ ਵੱਲੋਂ ਭੇਜੇ ਸਾਮਾਨ 'ਚ ਕੱਪੜੇ, ਰਾਸ਼ਨ, ਰੋਜ਼ਮਰ੍ਹਾ ਵਰਤੋਂ ਦਾ ਸਮਾਨ ਅਤੇ ਬਿਮਾਰੀਆਂ ਤੋਂ ਬਚਾਅ ਲਈ ਦਵਾਈਆਂ ਸ਼ਾਮਲ ਸਨ।ਪਿੰਗਲਵਾੜਾ ਸੰਸਥਾ ਦੇ ਸਾਰੇ ਸੇਵਾਦਾਰਾਂ ਨੇ ਵਾਹਿਗੁਰੂ ਅੱਗੇ ਅਰਦਾਸ ਕੀਤੀ ਕਿ ਇਸ ਭਿਆਨਕ ਕੁਦਰਤੀ ਆਫ਼ਤ ਤੋਂ ਪੰਜਾਬ ਦੀ ਜਨਤਾ ਨੂੰ ਜਲਦੀ ਰਾਹਤ ਮਿਲੇ।ਸਭ ਨੇ ਇਹ ਵੀ ਪ੍ਰਾਰਥਨਾ ਕੀਤੀ ਕਿ ਹਰ ਇਕ ਘਰ ਵਿੱਚ ਮੁੜ ਚਾਨਣ ਤੇ ਖੁਸ਼ਹਾਲੀ ਵਾਪਸ ਆਵੇ ਅਤੇ ਲੋਕਾਂ ਦੇ ਚਿਹਰਿਆਂ 'ਤੇ ਦੁਬਾਰਾ ਖੁਸ਼ੀ ਦੀ ਚਮਕ ਨਜ਼ਰ ਆਵੇ।

## ਇੰਡਸ ਟਾਵਰਜ਼ ਨੇ ਪੰਜਾਬ, ਜੰਮੂ-ਕਸ਼ਮੀਰ ਤੇ ਹਿਮਾਚਲ 'ਚ ਹੜ੍ਹ 3,000 ਰਾਹਤ ਕਿੱਟਾਂ ਵੰਡੀਆਂ

**ਅੰਮ੍ਰਿਤਸਰ**: ਦੁਨੀਆ ਦੇ ਮੋਹਰੀ ਦੂਰਸੰਚਾਰ ਬੁਨਿਆਦੀ ਢਾਂਚਾ ਪ੍ਰਦਾਤਾਵਾਂ ਵਿੱਚੋਂ ਇੱਕ ਇੰਡਸ ਟਾਵਰਜ਼ ਨੇ ਪੰਜਾਬ, ਜੰਮੂ-ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਵਿੱਚ ਹੜ੍ਹ ਪ੍ਰਭਾਵਿਤ ਪਰਿਵਾਰਾਂ ਨੂੰ ਆਫ਼ਤ ਰਾਹਤ ਪਹੁੰਚਾਈ ਹੈ।ਆਪਣੀ ਸੀਐੱਸਆਰ ਆਫ਼ਤ ਰਾਹਤ ਪਹਿਲਕਦਮੀ ਦੇ ਹਿੱਸੇ ਵਜੋਂ ਇੰਡਸ ਦੇ ਕਰਮਚਾਰੀਆਂ ਨੇ ਸਥਾਨਕ ਅਧਿਕਾਰੀਆਂ ਦੇ ਸਹਿਯੋਗ ਨਾਲ 3,000 ਰਾਹਤ ਕਿੱਟਾਂ ਅਤੇ 1,000 ਪਸ਼ੂਆਂ ਦੇ ਚਾਰੇ ਦੇ ਪੈਕੇਟ ਵੰਡੇ, ਜਿਸ ਨਾਲ ਗੁਰਦਾਸਪੁਰ, ਕਲਾਨੌਰ, ਅਜਨਾਲਾ, ਡੇਰਾ ਬਾਬਾ ਨਾਨਕ, ਰਾਮਦਾਸ (ਪੰਜਾਬ), ਬਟੋਟ (ਜੰਮੂ-ਕਸ਼ਮੀਰ) ਅਤੇ ਮੰਡੀ (ਹਿਮਾਚਲ ਪ੍ਰਦੇਸ਼) ਵਿੱਚ ਲਗਭਗ 3,000 ਪਰਿਵਾਰਾਂ ਨੂੰ ਲਾਭ ਪਹੁੰਚਿਆ।ਇੰਡਸ ਟਾਵਰਜ਼ ਦੇ ਸੀਓਓ ਤੇਜਿੰਦਰ ਕਾਲੜਾ ਨੇ ਕਿਹਾ ਕਿ ਇਨ੍ਹਾਂ ਮੁਸ਼ਕਲ ਸਮਿਆਂ ਵਿੱਚ ਅਸੀਂ ਉਨ੍ਹਾਂ ਭਾਈਚਾਰਿਆਂ ਦੇ ਨਾਲ ਮਜ਼ਬੂਤੀ ਨਾਲ ਖੜ੍ਹੇ ਹਾਂ ਜਿਨ੍ਹਾਂ ਦੀ ਅਸੀਂ ਸੇਵਾ ਕਰਦੇ ਹਾਂ, ਜ਼ਰੂਰੀ ਰਾਹਤ ਦੀ ਸਮੇਂ ਸਿਰ ਡਲਿਵਰੀ ਨੂੰ ਯਕੀਨੀ ਬਣਾਉਂਦੇ ਹਾਂ ਅਤੇ ਸੰਪਰਕ ਬਹਾਲ ਕਰਨ ਲਈ ਕੰਮ ਕਰਦੇ ਹਾਂ। ਛਾਉਣੀ ਨਿਹੰਗ ਸਿੰਘਾਂ ਬੁੱਢਾ ਜੌਹੜ ਰਾਜਸਥਾਨ ਵਿਖੇ ਬੁੱਢਾ ਦਲ ਵਲੋਂ ਸਾਲਾਨਾ ਜੋੜ-ਮੇਲਾ ਮਨਾਇਆ ਗਿਆ।

## ਗੁ. ਰਤਵਾੜਾ ਸਾਹਿਬ ਨਿਊ ਚੰਡੀਗੜ੍ਹ ਦੇ ਸੇਵਾਦਾਰਾਂ ਨੇ ਡੇਰਾ ਬਾਬਾ ਨਾਨਕ 'ਚ ਰਾਹਤ ਸਮੱਗਰੀ ਵੰਡੀ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਰਾਵੀ ਦਰਿਆ 'ਚ ਆਏ ਹੜ੍ਹਾਂ ਨੂੰ ਲੈ ਕੇ ਸੰਪ੍ਰਦਾਇ ਰਾੜਾ ਸਾਹਿਬ ਗੁਰਦੁਆਰਾ ਈਸਰ ਪ੍ਰਕਾਸ਼ ਰਤਵਾੜਾ ਸਾਹਿਬ ਨਿਊ ਚੰਡੀਗੜ੍ਹ ਵੱਲ ਸੰਤ ਬਾਬਾ ਲਖਬੀਰ ਸਿੰਘ ਅਤੇ ਸੰਤ ਬਾਬਾ ਹਰਪਾਲ ਸਿੰਘ ਦੀ ਅਗਵਾਈ ਹੇਠ ਡੇਰਾ ਬਾਬਾ ਨਾਨਕ ਦੇ ਵੱਖ-ਵੱਖ ਪਿੰਡਾਂ ਚ ਰਾਹਤ ਸਮੱਗਰੀ ਵੰਡੀ ਗਈ।ਇਸ ਮੌਕੇ ਸੀਨੀਅਰ ਕਾਂਗਰਸੀ ਆਗੂ ਇੰਦਰਜੀਤ ਸਿੰਘ ਰੰਧਾਵਾ ਵੀ ਮੌਜੂਦ ਰਹੇ।ਇਸ ਮੌਕੇ ਗੱਲਬਾਤ ਕਰਦਿਆਂ ਸੰਤ ਬਾਬਾ ਲਖਬੀਰ ਸਿੰਘ ਨੇ ਕਿਹਾ ਕਿ ਪੰਜਾਬ ਭਰ ਆਏ ਹੜ੍ਹਾਂ ਦੇ ਪਾਣੀ ਲੋਕਾਂ ਦਾ ਜੀਵਨ ਔਖਾ ਕੀਤਾ ਹੋਇਆ ਹੈ, ਉਥੇ ਹੀ ਸੰਤ ਮਹਾਂਪੁਰਸ਼ਾਂ ਤੇ ਪਾਏ ਹੋਏ ਪੂਰਨਿਆਂ ਤੇ ਚੱਲਦੇ ਹੋਏ ਸੇਵਾ ਕਰਨ ਲਈ ਡੇਰਾ ਬਾਬਾ ਨਾਨਕ ਵਿਖੇ ਪਹੁੰਚੇ ਹਾਂ। ਇਹ ਸੇਵਾ ਲਗਾਤਾਰ ਜਾਰੀ ਰਹੇਗੀ।ਇਸ ਮੌਕੇ ਗੱਲਬਾਤ ਕਰਦਿਆਂ ਸੀਨੀਅਰ ਕਾਂਗਰਸੀ ਆਗੂ ਇੰਦਰਜੀਤ ਸਿੰਘ ਰੰਧਾਵਾ ਨੇ ਕਿਹਾ ਕਿ ਗੁਰਦੁਆਰਾ ਈਸਰ ਪ੍ਰਕਾਸ਼ ਰਤਵਾੜਾ ਸਾਹਿਬ ਨਿਊ ਚੰਡੀਗੜ੍ਹ ਦੇ ਮੁੱਖ ਸੇਵਾਦਾਰ ਸੰਤ ਬਾਬਾ ਲਖਬੀਰ ਸਿੰਘ ਤੇ ਸੰਤ ਬਾਬਾ ਹਰਪਾਲ ਸਿੰਘ ਦੀ ਅਗਵਾਈ ਹਲਕਾ ਡੇਰਾ ਬਾਬਾ ਨਾਨਕ ਦੇ ਵੱਖ ਵੱਖ ਪਿੰਡਾਂ ਚ ਪੁੱਹਚੇ ਹੜ੍ਹਾਂ ਪੀੜਤਾਂ ਦੀ ਸੇਵਾ ਕਰ ਰਹੇ ਹਨ। ਇਹ ਸੇਵਾ ਉਨਾ ਚਿਰ ਜਾਰੀ ਰਹੇਗੀ ਜਿੰਨਾ ਚਿਰ ਤੱਕ ਹੜ੍ਹਾਂ ਦੀ ਮਾਰ 'ਚੋਂ ਬਾਹਰ ਨਹੀਂ ਨਿਕਲਦੇ। ਇਸ ਮੌਕੇ ਡਾ. ਜਸਵੰਤ ਸਿੰਘ ਮੰਗੀਆਂ, ਰਛਪਾਲ ਸਿੰਘ ਸਾਬਕਾ ਸਰਪੰਚ ਮੁਸਤਰਾਪੁਰ, ਸੰਤੋਖ ਸਿੰਘ ਸ਼ਾਮਪੁਰਾ, ਅਰਜਿੰਦਰ ਸਿੰਘ, ਜਸਵੰਤ ਮਸੀਹ, ਆਜ਼ਾਦ ਮਸੀਹ, ਚੇਅਰਮੈਨ ਜਸ਼ਦੀਪ ਸਿੰਘ ਠੇਠਰਕੇ, ਡਾ. ਗੁਰਦੇਵ ਸਿੰਘ, ਮੇਜਰ ਸਿੰਘ ਠੇਠਰਕੇ ਅਤੇ ਹੋਰ ਸੰਗਤਾਂ ਹਾਜ਼ਰ ਸਨ।

## ਸਿਵਲ ਸਰਜਨ ਵੱਲੋਂ ਹੜ੍ਹ ਪੀੜਤਾਂ ਨੂੰ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਨੂੰ ਲੈ ਕੇ ਵਿਸ਼ੇਸ਼ ਮੀਟਿੰਗ

**ਤਰਨ ਤਾਰਨ (ਪ੍ਰਿਤਪਾਲ ਸਿੰਘ)**- ਜ਼ਿਲ੍ਹੇ ਦੇ ਸਮੂਹ ਸੀਨੀਅਰ ਮੈਡੀਕਲ ਅਫ਼ਸਰਾਂ ਅਤੇ ਬਲਾਕ ਐਜੂਕੇਟਰਾਂ ਵੱਲੋਂ ਮੀਟਿੰਗ ਕੀਤੀ ਗਈ। ਸਿਵਲ ਸਰਜਨ ਡਾ. ਗੁਰਪ੍ਰੀਤ ਸਿੰਘ ਰਾਏ ਨੇ ਦੱਸਿਆ ਕਿ ਹੜ੍ਹਾਂ ਤੋਂ ਬਚਾਓ ਸੰਬੰਧੀ ਸਿਹਤ ਵਿਭਾਗ ਵੱਲੋਂ ਹਰ ਤਰ੍ਹਾਂ ਦੇ ਪ੍ਰਬੰਧ ਕਰ ਲਏ ਗਏ ਹਨ।ਉਨ੍ਹਾਂ ਕਿਹਾ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਮੈਡੀਕਲ ਸਿਹਤ ਸਹੂਲਤਾਂ ਸੰਬੰਧੀ ਵੀ ਯੋਗ ਪ੍ਰਬੰਧ ਮੁਕੰਮਲ ਹਨ।ਇਸ ਸੰਬੰਧੀ ਸਿਵਲ ਸਰਜਨ ਡਾ. ਰਾਏ ਨੇ ਕਿਹਾ ਕਿ ਬਲਾਕ ਮੀਆਂਵਿੰਡ, ਸਰਹਾਲੀ, ਘਰਿਆਲਾ ਅਤੇ ਖੇਮਕਰਨ ਇਲਾਕਿਆਂ ਵਿਚ ਮੈਡੀਕਲ ਕੈਂਪ ਸਹਾਇਤਾ ਟੀਮਾਂ ਲਗਾਤਾਰ ਸਿਹਤ ਸਹੂਲਤਾਂ ਪ੍ਰਦਾਨ ਕਰ ਰਹੀਆਂ ਹਨ।ਉਨ੍ਹਾਂ ਕਿਹਾ ਕਿ ਹੜ੍ਹਾਂ ਦੌਰਾਨ ਪਾਣੀ ਇਕੱਠਾ ਹੋਣ ਕਾਰਨ ਪੈਦਾ ਹੋਣ ਵਾਲੀਆਂ ਬਿਮਾਰੀਆਂ ਦੇ ਖਤਰੇ ਤੋਂ ਬਚਾਅ ਲਈ ਸਾਵਧਾਨੀਆਂ ਵਰਤਣਾ ਬਹੁਤ ਜ਼ਰੂਰੀ ਹੈ।ਡਾ: ਗੁਰਪ੍ਰੀਤ ਸਿੰਘ ਰਾਏ ਨੇ ਦੱਸਿਆ ਕਿ ਦੂਸ਼ਿਤ ਪਾਣੀ ਕਾਰਨ ਹੈਜ਼ਾ, ਦਸਤ ਰੋਗ, ਡੇਂਗੂ, ਚਿਕਨਗੁਨੀਆ, ਮਲੇਰੀਆ, ਪੀਲੀਆ, ਚਮੜੀ ਦੇ ਰੋਗਾਂ ਦੀਆ ਬਿਮਾਰੀਆਂ ਆਦਿ ਹੋ ਸਕਦੀਆਂ ਹਨ।ਉਨ੍ਹਾਂ ਜ਼ਿਲ੍ਹਾ ਨਿਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਸਿਹਤ ਵਿਭਾਗ ਵੱਲੋ ਦਿੱਤੀ ਸਲਾਹ ਤੇ ਅਮਲ ਕਰਨ ਅਤੇ ਸਮੱਸਿਆ ਸੰਬੰਧੀ ਮੈਡੀਕਲ ਸਹਾਇਤਾ ਕੈਂਪਾਂ ਨਾਲ ਸੰਪਰਕ ਕੀਤਾ ਜਾਵੇ।ਇਸ ਸੰਬੰਧੀ ਡਾ: ਰਾਏ ਨੇ ਆਮ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜੇਕਰ ਕਿਸੇ ਨੂੰ ਦਸਤ, ਹੈਜ਼ਾ, ਟੱਟੀਆਂ, ਉਲਟੀਆਂ, ਡੇਂਗੂ, ਚਿਕਨਗੁਨੀਆ, ਮਲੇਰੀਆ ਜਾਂ ਖਾਰਸ਼ ਆਦਿ ਦੀ ਸਮੱਸਿਆ ਆਉਂਦੀ ਹੈ ਤਾਂ ਹੜ੍ਹਾਂ ਦੌਰਾਨ ਲਗਾਏ ਗਏ ਮੈਡੀਕਲ ਸਹਾਇਤਾਂ ਕੈਂਪਾਂ ਜਾ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਜਾ ਕੇ ਆਪਣਾ ਇਲਾਜ ਬਿਲਕੁਲ ਮੁਫਤ ਕਰਵਾਇਆ ਜਾਵੇ।



## ਹੜ੍ਹਾਂ ਦੀ ਮਾਰ ਹੇਠ ਆਏ ਪਰਿਵਾਰਾਂ ਲਈ ਤਰਪਾਲਾਂ ਅਤੇ ਰਾਸ਼ਨ ਕਿੱਟਾਂ ਤਕਸੀਮ



**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**- ਮਾਤਾ ਸਵਿਤਰੀ ਬਾਈ ਫੂਲੇ ਐਜੂਕੇਸ਼ਨਲ ਸੁਸਾਇਟੀ ਪਠਾਨਕੋਟ ਵੱਲੋਂ ਇੱਕ ਸਾਂਝਾ ਉਪਰਾਲਾ ਕਰਕੇ ਦੋ ਗੱਡੀਆਂ ਰਾਸ਼ਨ ਸਮੱਗਰੀ ਅਤੇ ਤਰਪਾਲਾਂ ਦੀ ਪਿੰਡ ਬਸਊ ਬਾੜਵਾ ਅਤੇ ਗੱਜੂ ਜਗੀਰ ਵਿੱਚ ਵੰਡ ਕੀਤੀ ਗਈ।ਵਿਸ਼ੇਸ਼ ਤੌਰ 'ਤੇ ਤਮੰਨਾ ਠਾਕੁਰ ਨੇ ਵੀ ਇਸ ਮੁਹਿੰਮ ਵਿੱਚ ਯੋਗਦਾਨ ਪਾਇਆ।ਚੇਅਰਪਰਸਨ ਗੀਨਾ ਸਰਮਾਲ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜਿਹੜੇ ਪਰਿਵਾਰ ਘਰਾਂ ਤੋਂ ਬਾਹਰ ਆ ਗਏ ਹਨ, ਉਨ੍ਹਾਂ ਨੂੰ ਮੰਜੇ, ਰਜਾਈਆਂ, ਕੰਬਲ ਅਤੇ ਸੁੱਕਾ ਰਾਸ਼ਨ ਮਿਲਣਾ ਬਹੁਤ ਜ਼ਰੂਰੀ ਹੈ।ਜੋ ਵੀਰ-ਭੈਣ ਸਾਮਾਨ ਭੇਜਣਾ ਚਾਹੁੰਦੇ ਹਨ ਉਹ ਅਨੋਖੀ ਦੁਕਾਨ ਪਰਮਾਨੰਦ 'ਤੇ ਭੇਜ ਸਕਦੇ ਹਨ।ਉਨ੍ਹਾਂ ਨੂੰ ਬੇਨਤੀ ਕੀਤੀ ਗਈ ਕਿ ਸਾਮਾਨ ਪਿੰਡਾਂ ਵਿੱਚ ਸੜਕ 'ਤੇ ਨਾ ਵੰਡਿਆ ਜਾਵੇ, ਸਿੱਧਾ ਲੋੜਵੰਦ ਪਰਿਵਾਰਾਂ ਤੱਕ ਪਹੁੰਚਾਇਆ ਜਾਵੇ।ਇਸ ਸਮੇਂ ਸਮਾਜਿਕ ਕਾਰਜ ਵਿੱਚ ਮਾਤਾ ਸਵਿੱਤਰੀ ਬਾਈ ਫੂਲੇ ਐਜੂਕੇਸ਼ਨਲ ਸੁਸਾਇਟੀ ਪਠਾਨਕੋਟ ਪ੍ਰਧਾਨ ਦਰਸ਼ਨ ਲਾਲ ਪਾਠੀ, ਚੇਅਰਪਰਸਨ ਗੀਨਾ ਸਰਮਾਲ, ਪ੍ਰਧਾਨ ਸਤਨਾਮ ਸਿੰਘ, ਕੋਆਰਡੀਨੇਟਰ ਇੰਦਰਜੀਤ ਕੌਰ, ਸ਼ੁਭਮ ਕਲੀਜਪੁਰ, ਤਮੰਨਾ ਠਾਕੁਰ, ਅਰਚਨਾ ਪਠਾਣੀਆ, ਕੰਚਨ ਠਾਕੁਰ ਆਦਿ ਸਮਾਜ ਸੇਵਕ ਮੌਜੂਦ ਸਨ।ਸਾਰੇ ਵੀਰ-ਭੈਣਾਂ ਅਤੇ ਸਹਿਯੋਗੀਆਂ ਦਾ ਦਿਲੋਂ ਧੰਨਵਾਦ, ਜਿਨ੍ਹਾਂ ਨੇ ਆਪਣੇ ਯੋਗਦਾਨ ਨਾਲ ਹੜ੍ਹ ਪੀੜਤ ਪਰਿਵਾਰਾਂ ਦੀ ਮਦਦ ਕੀਤੀ।

## ਵੱਖ-ਵੱਖ ਮਾਮਲਿਆਂ 'ਚ ਨਸ਼ਾ ਤਸਕਰਾਂ ਖ਼ਿਲਾਫ਼ ਮਾਮਲੇ ਦਰਜ

**ਗੁਰਦਾਸਪੁਰ (ਜਨਕ ਮਹਾਜਨ)**- ਥਾਣਾ ਕਲਾਨੌਰ ਦੇ ਐੱਸਆਈ ਪ੍ਰਲਾਦ ਸਿੰਘ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਿਸ ਪਾਰਟੀ ਟੀ. ਪੁਆਇੰਟ ਗੇਟ ਨਾਹਰਪੁਰ ਖੱਦਰ ਕਲਾਨੌਰ ਰੋਡ ਤੋਂ ਅਮਰਜੀਤ ਲਾਲ ਪੁੱਤਰ ਕੁੰਨਣ ਲਾਲ ਵਾਸੀ ਚੰਦੂ ਵਡਾਲਾ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਉਸ ਪਾਸੋਂ ਬਰਾਮਦ ਮੋਮੀ ਲਿਫਾਫੇ ਨੂੰ ਚੈਕ ਕੀਤਾ, ਜਿਸ ਵਿਚੋਂ 6 ਗਰਾਮ ਹੈਰੋਇਨ ਬਰਾਮਦ ਹੋਈ ਹੈ। ਥਾਣਾ ਸਿਟੀ ਗੁਰਦਾਸਪੁਰ ਦੇ ਐੱਸਆਈ ਅਜੇ ਕੁਮਾਰ ਨੇ ਸਮੇਤ ਪੁਲਸ ਪਾਰਟੀ ਨਹਿਰੂ ਪਾਰਕ ਗੁਰਦਾਸਪੁਰ ਤੋਂ ਮਨਜਿੰਦਰ ਸਿੰਘ ਪੁੱਤਰ ਕੁਲਵੰਤ ਸਿੰਘ ਬਬਵਾਲਾ ਰੋਡ ਗੁਰਦਾਸਪੁਰ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਉਸ ਪਾਸੋਂ 5 ਗ੍ਰਾਮ ਹੈਰੋਇਨ ਬਰਾਮਦ ਹੋਈ ਹੈ। ਥਾਣਾ ਦੀਨਾਨਗਰ ਦੇ ਏਐੱਸਆਈ ਲੇਖ ਰਾਜ ਨੇ ਸਮੇਤ ਪੁਲਸ ਪਾਰਟੀ ਮੁੱਖਬਰ ਖਾਸ ਦੀ ਇਤਲਾਹ 'ਤੇ ਜਗਦੀਸ਼ ਰਾਜ ਬਿੱਟੂ ਪੁੱਤਰ ਰਾਮ ਲਾਲ ਵਾਸੀ ਬਰਿਆਰ ਦੇ ਘਰ ਰੇਡ ਕਰਕੇ ਉਸ ਨੂੰ 7500 ਐੱਮਐੱਲ ਨਜਾਇਜ਼ ਸ਼ਰਾਬ ਸਮੇਤ ਕਾਬੂ ਕੀਤਾ ਹੈ। ਪੁਲਸ ਨੇ ਇਨ੍ਹਾਂ ਨਸ਼ਾ ਤਸਕਰਾਂ ਖ਼ਿਲਾਫ਼ ਐੱਨਡੀਪੀਐੱਸ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

## ਵਿਦਿਅਕ ਮੁਕਾਬਲਿਆਂ ਵਿੱਚ ਵਿਦਿਆਰਥੀਆਂ ਤੇ ਅਧਿਆਪਕਾਂ ਵੱਲੋਂ ਸ਼ਾਨਦਾਰ ਪ੍ਰਦਰਸ਼ਨ

**ਕਾਲਾ ਸੰਘਿਆਂ (ਮਨਜੀਤ ਮਾਨ)**- ਬੀਤੇ ਦਿਨੀ ਹੋਏ ਜ਼ਿਲ੍ਹਾ ਅਤੇ ਬਲਾਕ ਪੱਧਰੀ ਵਿਦਿਅਕ ਮੁਕਾਬਲਿਆਂ ਵਿੱਚ ਗਦਰੀ ਬਾਬਾ ਹਰਨਾਮ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਲਾ ਸੰਘਿਆ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਵੱਲੋਂ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ। ਖਾਲਸਾ ਕਾਲਜ ਕਪੂਰਥਲਾ ਵਿਖੇ 'ਕਿਸ਼ੋਰ ਸਿੱਖਿਆ' ਸੰਬੰਧੀ ਹੋਏ ਜ਼ਿਲ੍ਹਾ ਪੱਧਰੀ ਕੁਇਜ ਮੁਕਾਬਲੇ ਵਿੱਚ ਸਕੂਲ ਦੇ ਵਿਦਿਆਰਥੀਆਂ ਸੁਖਰਾਜ ਸਿੰਘ ਅਤੇ ਦਿਵਆਂਸ਼ੂ ਵਲੋਂ ਟੀਮ ਦੇ ਤੌਰ ਤੇ ਮੈਡਮ ਰੋਜੀ ਲੈਕਚਰਾਰ ਕੈਮਿਸਟਰੀ ਦੀ ਅਗਵਾਈ ਹੇਠ ਭਾਗ ਲੈਂਦਿਆਂ ਹੋਇਆਂ ਪੂਰੇ ਜ਼ਿਲ੍ਹੇ ਦੀਆਂ ਤੀਹ ਟੀਮਾਂ ਵਿੱਚੋਂ ਤੀਜਾ ਸਥਾਨ ਹਾਸਲ ਕੀਤਾ। ਦੂਜਾ ਮੁਕਾਬਲਾ ਸ ਸ ਸ ਸ ਕਾਂਜਲੀ ਵਿੱਖੇ ਕਪੂਥਲਾ ਦੇ ਬਲਾਕ 1,2 ਅਤੇ 3 ਦੇ ਚੋਣਵੇਂ ਅਧਿਆਪਕਾਂ ਵਿੱਚਕਾਰ ਕਰਵਾਇਆ ਗਿਆ। ਇਸ ਮੁਕਾਬਲੇ ਵਿੱਚ ਅਧਿਆਪਕਾਂ ਵੱਲੋਂ 'ਸਮਰਿੱਧੀ' ਪ੍ਰੋਗਰਾਮ ਅਧੀਨ ਕਲਾ ਆਧਾਰਿਤ ਵਿਸ਼ਾ ਪਾਠ ਯੋਜਨਾਵਾਂ ਦੇ ਪੇਸ਼ਕਾਰੀ ਕੀਤੀ ਗਈ। ਇਸ ਸਖਤ ਮੁਕਾਬਲੇ ਵਿੱਚ ਸਕੂਲ ਦੇ ਕੰਪਿਊਟਰ ਅਧਿਆਪਕ ਅਮਰੀਕ ਸਿੰਘ ਨੇ ਪਹਿਲਾ ਸਥਾਨ ਹਾਸਲ ਕੀਤਾ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਗੁਰਚਰਨ ਸਿੰਘ ਚਾਹਲ ਵੱਲੋਂ ਸਵੇਰ ਦੀ ਸਭਾ ਦੌਰਾਨ ਜੇਤੂ ਵਿਦਿਆਰਥੀਆਂ ਅਤੇ ਅਮਰੀਕ ਸਿੰਘ ਨੂੰ ਵਧਾਈ ਪੇਸ਼ ਕਰਦਿਆਂ ਹੋਇਆਂ ਵੱਧ ਤੋਂ ਵੱਧ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਵਿਦਿਅਕ ਮੁਕਾਬਲਿਆਂ ਵਿੱਚ ਵੱਧ ਚੜ੍ਹ ਕੇ ਭਾਗ ਲੈਣ ਲਈ ਪ੍ਰੇਰਿਤ ਕੀਤਾ।



ਨਵਾਂ ਜ਼ਮਾਨਾ
ਸ਼ੁੱਕਰਵਾਰ 12 ਸਤੰਬਰ 2025

# ਪੈਟਰੋਲ ਲਾਬੀ

*ਈ-20 ਫਿਊਲ ਯਾਨਿ 20 ਫੀਸਦੀ ਐਥੇਨੋਲ ਮਿਸ਼ਰਤ ਪੈਟਰੋਲ ਨੂੰ ਲੈ ਕੇ ਚੱਲ ਰਹੇ ਵਿਵਾਦ ਦਰਮਿਆਨ ਕੇਂਦਰੀ ਸੜਕ ਟਰਾਂਸਪੋਰਟ ਤੇ ਹਾਈਵੇ ਮੰਤਰੀ ਨਿਤਿਨ ਗਡਕਰੀ ਨੇ ਕਿਹਾ ਹੈ ਕਿ ਉਨ੍ਹਾ ਖਿਲਾਫ ਪੈਟਰੋਲ ਲਾਬੀ ਸੋਸ਼ਲ ਮੀਡੀਆ 'ਤੇ ਗਿਣਮਿਥ ਕੇ ਮੁਹਿੰਮ ਚਲਾ ਰਹੀ ਹੈ। ਸੋਸ਼ਲ ਮੀਡੀਆ 'ਤੇ ਇਹ ਧੁਮਾਇਆ ਜਾ ਰਿਹਾ ਹੈ ਕਿ ਈ-20 ਫਿਊਲ ਨਾਲ ਗੱਡੀਆਂ ਦੀ ਮਾਈਲੇਜ ਘਟ ਸਕਦੀ ਹੈ, ਖਾਸਕਰ ਪੁਰਾਣੀਆਂ ਗੱਡੀਆਂ ਦੀ। ਇਹ ਵੀ ਦਾਅਵਾ ਕੀਤਾ ਜਾ ਰਿਹਾ ਹੈ ਕਿ ਗੱਡੀਆਂ ਦੀਆਂ ਟੈਂਕੀਆਂ ਵਿੱਚ ਪਾਣੀ ਵੜ ਸਕਦਾ ਹੈ, ਜਿਸ ਨਾਲ ਇੰਜਣ ਦਾ ਨੁਕਸਾਨ ਹੋ ਸਕਦਾ ਹੈ। ਗਡਕਰੀ ਨੇ ਫੈਡਰੇਸ਼ਨ ਆਫ ਆਟੋਮੋਬਾਈਲਜ਼ ਡੀਲਰਜ਼ ਐਸੋਸੀਏਸ਼ਨ ਦੀ ਸਾਲਾਨਾ ਆਟੋ ਰਿਟੇਲ ਕਾਨਕਲੇਵ ਵਿੱਚ ਕਿਹਾ ਕਿ ਈ-ਫਿਊਲ ਦੀ ਅਲੋਚਨਾ ਪਿੱਛੇ ਪੈਟਰੋਲ ਲਾਬੀ ਹੈ, ਜਿਹੜੀ ਕਿ ਅਮੀਰ ਤੇ ਮਜ਼ਬੂਤ ਹੈ। ਇਹ ਲਾਬੀ ਈ-20 ਦਾ ਇਸ ਕਰਕੇ ਵਿਰੋਧ ਕਰ ਰਹੀ ਹੈ, ਕਿਉਂਕਿ ਇਸ ਨਾਲ ਦਰਾਮਦੀ ਤੇਲ 'ਤੇ ਨਿਰਭਰਤਾ ਘਟਣ ਕਰਕੇ ਤੇਲ ਕੰਪਨੀਆਂ ਦੇ ਹਿੱਤ ਪ੍ਰਭਾਵਤ ਹੋਣਗੇ।*

*ਈ-20 ਫਿਊਲ ਇੱਕ ਮਿਸ਼ਰਤ ਬਾਲਣ ਹੈ, ਜਿਸ ਵਿੱਚ 80 ਫੀਸਦੀ ਪੈਟਰੋਲ ਤੇ 20 ਫੀਸਦੀ ਐਥੇਨੋਲ ਹੁੰਦਾ ਹੈ। ਐਥੇਨੋਲ ਗੰਨੇ, ਮੱਕੀ ਤੇ ਹੋਰ ਖੇਤੀ ਉਤਪਾਦਾਂ ਤੋਂ ਬਣਾਇਆ ਜਾਂਦਾ ਹੈ। ਭਾਰਤ ਸਰਕਾਰ ਨੇ 2025 ਤੱਕ ਪੈਟਰੋਲ ਵਿੱਚ 20 ਫੀਸਦੀ ਐਥੇਨੋਲ ਮਿਲਾਉਣ ਦਾ ਟੀਚਾ ਰੱਖਿਆ ਸੀ, ਜਿਹੜਾ ਜੁਲਾਈ 2024 ਵਿੱਚ ਹਾਸਲ ਕਰ ਲਿਆ ਗਿਆ। ਈ-20 ਨਾਲ ਗੱਡੀਆਂ ਵਿੱਚੋਂ ਕਾਰਬਨ ਘੱਟ ਨਿਕਲਦਾ ਹੈ, ਜੋ ਵਾਤਾਵਰਣ ਲਈ ਫਾਇਦੇਮੰਦ ਹੈ। ਬਾਹਰੋਂ ਤੇਲ ਘੱਟ ਮੰਗਵਾਉਣਾ ਪੈਂਦਾ ਹੈ, ਜਿਸ ਨਾਲ ਵਿਦੇਸ਼ੀ ਕਰੰਸੀ ਦੀ ਬੱਚਤ ਹੁੰਦੀ ਹੈ। ਐਥੇਨੋਲ ਉਤਪਾਦਨ ਨਾਲ ਕਿਸਾਨਾਂ ਨੂੰ ਵੀ ਲਾਭ ਹੁੰਦਾ ਹੈ।*

*ਹਾਲ ਹੀ ਵਿੱਚ ਸੁਪਰੀਮ ਕੋਰਟ 'ਚ ਪਟੀਸ਼ਨ ਦਾਇਰ ਕੀਤੀ ਗਈ ਸੀ ਕਿ ਐਥੇਨੋਲ-ਮੁਕਤ ਪੈਟਰੋਲ ਦੀ ਵਰਤੋਂ ਦਾ ਬਦਲ ਦਿੱਤਾ ਜਾਵੇ, ਪਰ ਸੁਪਰੀਮ ਕੋਰਟ ਨੇ ਇਸ ਨੂੰ ਖਾਰਜ ਕਰ ਦਿੱਤਾ। ਸਰਕਾਰ ਦਾ ਕਹਿਣਾ ਸੀ ਕਿ ਇਹ ਨੀਤੀ ਪਰਿਆਵਰਣ ਤੇ ਅਰਥ ਵਿਵਸਥਾ ਲਈ ਜ਼ਰੂਰੀ ਹੈ, ਇਸ ਲਈ ਇਸ ਨੂੰ ਵਾਪਸ ਲੈਣਾ ਆਤਮ-ਨਿਰਭਰਤਾ ਦੀ ਦਿਸ਼ਾ ਵਿੱਚ ਕੀਤੀ ਗਈ ਪ੍ਰਗਤੀ ਨੂੰ ਨਕਸਾਨ ਪਹੁੰਚਾਏਗਾ। ਸੁਸਾਇਟੀ ਆਫ ਇੰਡੀਅਨ ਆਟੋਮੋਬਾਈਲ ਮੈਨੂਫੈਕਚਰਰਜ਼ ਤੇ ਆਟੋਮੋਟਿਵ ਰਿਸਰਚ ਐਸੋਸੀਏਸ਼ਨ ਆਫ ਇੰਡੀਆ ਦਾ ਵੀ ਕਹਿਣਾ ਹੈ ਕਿ ਈ-20 ਫਿਊਲ ਨਾਲ ਗੱਡੀਆਂ ਵਿੱਚ ਕੋਈ ਵੱਡੀ ਸਮੱਸਿਆ ਨਹੀਂ ਦੇਖੀ ਗਈ। ਪੁਰਾਣੀਆਂ ਗੱਡੀਆਂ ਵਿੱਚ ਮਾਮੂਲੀ ਰੱਖ-ਰਖਾਅ ਨਾਲ ਮਾਈਲੇਜ ਦੀ ਸਮੱਸਿਆ 'ਤੇ ਕਾਬੂ ਪਾਇਆ ਜਾ ਸਕਦਾ ਹੈ।*

*ਰੂਸ-ਯੂਕਰੇਨ ਲੜਾਈ ਦੌਰਾਨ ਭਾਰਤੀ ਤੇਲ ਕੰਪਨੀਆਂ, ਜਿਨ੍ਹਾਂ ਵਿੱਚ ਰਿਲਾਇੰਸ ਵੀ ਸ਼ਾਮਲ ਹੈ, ਨੇ ਰੂਸ ਤੋਂ ਡਿਸਕਾਊਂਟ 'ਤੇ ਕੱਚਾ ਤੇਲ ਲੈ ਕੇ ਕਾਫੀ ਮੁਨਾਫਾ ਕਮਾਇਆ ਹੈ। ਈ-20 ਫਿਊਲ ਦੀ ਵਰਤੋਂ ਨਾਲ ਉਨ੍ਹਾਂ ਦੇ ਮੁਨਾਫੇ ਵਿੱਚ ਕਮੀ ਆਉਣੀ ਹੈ। ਇਸ ਸੰਦਰਭ ਵਿੱਚ ਗਡਕਰੀ ਦੇ ਇਸ ਬਿਆਨ ਵਿੱਚ ਕਾਫੀ ਵਜ਼ਨ ਹੈ ਕਿ ਤੇਲ ਲਾਬੀ ਸਰਕਾਰੀ ਨੀਤੀ ਨੂੰ ਉਲਟਾਉਣ 'ਤੇ ਤੁਲੀ ਹੋਈ ਹੈ।*

# ਵੱਡੇ ਡੂੰਘੇ ਝੂਠ ਅਤੇ ਭਾਰਤੀ ਸਿੱਖਿਆ ਨੀਤੀ

**ਤਰਸੇਮ ਲਾਲ**

22 ਜਨਵਰੀ 2024 ਦਾ ਦਿਨ ਹਿੰਦੂ ਰਾਸ਼ਟਰ ਦੇ ਹਿੰਦੂ ਰਾਜ ਦੇ ਆਗਮਨ ਦਾ ਪਲ ਸੀ। ਜਦੋਂ ਰਾਮ ਦੇ ਪੱਥਰ ਦੇ ਬੁੱਤ ਵਿਚ ਪਰਾਨ ਪਾਏ ਜਾ ਰਹੇ ਸਨ। ਉਸੇ ਸਮੇਂ ਭਾਰਤੀ ਸੰਵਿਧਾਨ ਦੀ ਧਰਮ ਨਿਰਪੱਖਤਾ ਦੇ ਸਾਹ ਸੂਤੇ ਜਾ ਰਹੇ ਸਨ।ਬਸਤੀਵਾਦੀ ਕਦਰਾਂ-ਕੀਮਤਾਂ ਨੂੰ ਖਤਮ ਕਰਨ ਦੇ ਨਾਂਅ 'ਤੇ ਸੱਚਾਈ ਅਤੇ ਅਸਲੀਅਤ ਨੂੰ ਨਵੇਂ ਰੂਪ ਵਿਚ ਹਿੰਦੂਤਵੀ ਵੈਦਿਕ ਧਾਰਨਾਵਾਂ ਦੇ ਰੂਪ ਵਿਚ ਘੜਿਆ ਜਾ ਰਿਹਾ ਸੀ।

ਇਹ ਜਜ਼ਬਾਤੀ ਭਾਰਤ ਗੁੰਡਾਗਰਦੀ ਅਤੇ ਅਸਲੀਅਤ ਦੇ ਸੱਭਿਆਚਾਰ ਦਾ ਪ੍ਰਗਟਾਵਾ ਹੈ। ਅਮਰੀਕਾ ਦੇ ਪਹਿਲੇ ਰਾਸ਼ਟਰਵਾਦੀ ਅਤੇ ਭਾਰਤ ਦੇ ਪਹਿਲੇ ਹਿੰਦੂਤਵੀ ਭਰਾ ਆਪਣੇ-ਆਪਣੇ ਦੇਸ਼ਾਂ ਦੇ ਸਮਾਜਾਂ ਦਾ ਧਰਮ ਨਿਰਪੱਖ ਜਮਹੂਰੀ ਤਾਣਾ-ਬਾਣਾ ਲੀਰੋ-ਲੀਰ ਕਰਨ 'ਤੇ ਉੱਤਰ ਗਏ ਹਨ। ਭਾਰਤ ਵਿਚ ਰਾਜ ਪੱਧਰ 'ਤੇ ਹੀ ਹਿੰਦੂ ਰਾਸ਼ਟਰਵਾਦ ਦਾ ਐਲਾਨ ਕਰ ਦਿੱਤਾ ਗਿਆ ਹੈ। ਹਿੰਦੂਆਂ ਦਾ ਹਿੰਦੂਆਂ ਲਈ ਰਾਜ, ਜਦੋਂਕਿ ਈਸਾਈ ਰਾਸ਼ਟਰਵਾਦੀ ਅਮਰੀਕਾ ਵਿਚ ਅਜਿਹਾ ਐਲਾਨ ਕਰਨ ਤੋਂ ਹਿਚਕ ਰਹੇ ਹਨ। ਇਹ ਦੋਨੋਂ 'ਲੋਕਤੰਤਰ' ਜਜ਼ਬਾਤੀ ਕਲਯੁੱਗ ਵਿਚ ਦਾਖਲ ਹੋ ਗਏ ਹਨ, ਜਿਥੇ ਝੂਠ ਦੀ ਹੀ ਹਮੇਸ਼ਾ ਜਿੱਤ ਹੁੰਦੀ ਹੈ।

ਇਹ ਜਜ਼ਬਾਤੀ (Post Truth) ਸ਼ਬਦ 2016 ਵਿਚ ਹੋਂਦ ਵਿਚ ਆਇਆ, ਜਿਸ ਦਾ ਭਾਵ ਹੈ ਕਿ ਉਹ ਹਾਲਤ ਜਦੋਂ ਵਸਤੂਗਤ ਸੱਚਾਈਆਂ ਦੀ ਥਾਂ ਜਜ਼ਬਾਤ ਅਤੇ ਨਿੱਜੀ ਵਿਸ਼ਵਾਸ ਲੋਕ ਰਾਏ ਬਣਨ ਲਈ ਭਾਰੂ ਹੋ ਜਾਣ। ਪੋਸਟ ਤੋਂ ਭਾਵ ਵੀ ਸੱਚਾਈ ਤੋਂ ਬਾਅਦ ਦਾ ਸਮਾਂ ਨਹੀਂ। ਸੱਚਾਈ ਤੋਂ ਬਾਅਦ ਦਾ ਸਮਾ ਮਰ ਚੁੱਕਿਆ ਹੈ। ਜੇ ਸੱਚਾਈ ਦਾ ਸਮਾਂ ਹੀ ਅਲੋਪ ਹੋ ਜਾਏ ਅਸੀਂ ਝੂਠ, ਅੱਧਾ ਝੂਠ ਚੌਥਾ ਹਿੱਸਾ ਝੂਠ ਜਾਂ ਕੋਰੀ ਬਕਵਾਸ ਕਿਵੇਂ ਲੱਭਾਂਗੇ।

ਦੋ ਅਤੇ ਦੋ ਚਾਰ ਹੀ ਹੁੰਦੇ ਹਨ। ਟਰੰਪ 2020 ਦੀ ਚੋਣ ਹਾਰ ਜਾਂਦਾ ਹੈ।ਸੰਘ ਪਰਵਾਰ ਦੇ ਘੱਟ ਗਿਣਤੀਆਂ ਦੇ ਤੁਸ਼ਟੀਕਰਨ ਦੇ ਝੂਠ, ਝੂਠ ਹੀ ਹਨ, ਭਾਵੇਂ ਕੋਈ ਇਨ੍ਹਾਂ ਨੂੰ ਕਿੰਨੇ ਵਾਰ ਦੁਹਰਾਈ ਜਾਵੇ। ਜਜ਼ਬਾਤੀ ਸੰਸਾਰ ਵਿਚ ਵਸਤੂਗਤ ਸਿੱਧ ਕਰਨ ਯੋਗ ਸੱਚਾਈ ਦੀ ਸਮਾਜ ਅੰਦਰ ਮਹੱਤਤਾ ਖੁਸ ਜਾਂਦੀ ਹੈ।ਲੋਕ ਏਨੇ ਜ਼ਿਆਦਾ ਢੀਠ ਹੋ ਜਾਂਦੇ ਹਨ ਕਿ ਝੂਠ ਅਤੇ ਬਣਾਉਟੀ ਵਿਗਿਆਨ ਉਸ ਦੀ ਖੁਰਾਕ ਬਣ ਜਾਂਦੇ ਹਨ। ਸੱਚ ਨੂੰ ਸੱਚ ਅਤੇ ਝੂਠ ਨੂੰ ਝੂਠ ਅਤੇ ਭ੍ਰਿਸ਼ਟਾਚਾਰ ਨੂੰ ਭ੍ਰਿਸ਼ਟਾਚਾਰ ਕਹਿਣ ਦੀ ਹਿੰਮਤ ਵੀ ਗੁਆ ਲੈਂਦੇ ਹਨ।

ਜਿਵੇਂ ਕਿਸੇ ਨਦੀ, ਨਾਲੇ ਵਿਚਲਾ ਘਾਹ ਉਸ ਨੂੰ ਚੌਕ ਕਰ ਦਿੰਦਾ ਹੈ, ਇਸ ਤਰ੍ਹਾਂ ਇਹ ਬੇਵਕੂਫੀ ਪੂਰੇ ਸਮਾਜ ਨੂੰ ਆਪਣੀ ਗ੍ਰਿਫ਼ਤ ਵਿਚ ਲੈ ਕੇ ਜਜ਼ਬਾਤੀ ਬਣਾ ਦਿੰਦੀ ਹੈ। ਝੂਠੇ ਨੂੰ ਪਤਾ ਹੁੰਦਾ ਹੈ ਕਿ ਜੋ ਉਹ ਬੋਲ ਰਿਹਾ ਹੈ ਸੱਚ ਨਹੀਂ ਹੈ ਅਤੇ ਬਦਮਾਸ਼ ਨੂੰ ਇਸ ਦੀ ਪ੍ਰਵਾਹ ਹੀ ਨਹੀਂ ਹੁੰਦੀ ਕਿ ਜੋ ਉਹ ਬੋਲ ਰਿਹਾ ਹੈ, ਸੱਚਾ ਹੈ ਜਾਂ ਝੂਠਾ ਜਿੰਨੀ ਦੇਰ ਉਸ ਨੂੰ ਉਹ ਚੀਜ਼ ਪ੍ਰਾਪਤ ਨਹੀਂ ਹੋ ਜਾਂਦੀ, ਜੋ ਉਹ ਚਾਹੁੰਦਾ ਏ। ਝੂਠੇ ਨੂੰ ਸੱਚਾਈ ਦਾ ਪਤਾ ਹੁੰਦਾ, ਪ੍ਰੰਤੂ ਉਹ ਉਸ ਨੂੰ ਛੁਪਾਉਂਦਾ ਹੈ, ਜਦੋਂਕਿ ਬਦਮਾਸ਼ ਨੂੰ ਇਸ ਦੀ ਕੋਈ ਪ੍ਰਵਾਹ ਹੀ ਨਹੀਂ।

ਬਦਮਾਸ਼ੀ ਵਿਚ ਕੋਈ ਟਰੰਪ ਨੂੰ ਟਰੰਪ ਨਹੀਂ ਕਰ ਸਕਦਾ। ਉਸ ਦੀ ਇਸ ਬਦਮਾਸ਼ੀ ਨੇ ਉਸ ਨੂੰ ਵਾਈਟ ਹਾਊਸ ਦੀ ਕੁਰਸੀ 'ਤੇ ਬਿਠਾ ਦਿੱਤਾ।

ਭਾਰਤੀ ਦੀ ਬਦਮਾਸ਼ੀ ਬਣਾਉਟੀ ਵਿਗਿਆਨ ਦੇ ਰੂਪ ਵਿਚ 'ਉਚ ਮਾਹਰਾਂ' ਵਲੋਂ ਉਛਾਲੀ ਜਾਂਦੀ ਹੈ, ਜਿਸ ਨੂੰ ਸਪੇਰਿਆਂ ਦਾ ਸਹਾਰਾ ਵੀ ਮਿਲ ਜਾਂਦਾ ਹੈ। ਇਹ ਅਜਿਹੇ ਦਾਅਵੇ ਕਰਦੇ ਹਨ ਕਿ ਵਿਗਿਆਨਕ ਸਚਾਈਆਂ ਦੇ ਅਧਾਰ 'ਤੇ ਹਨ, ਜਦੋਂਕਿ ਕਿਸੇ ਵੀ ਵਿਗਿਆਨਕ ਵਿਧੀ ਨਾਲ ਇਸ ਦਾ ਦੂਰ ਦਾ ਵਾਸਤਾ ਵੀ ਨਹੀਂ ਹੁੰਦਾ। ਇਹ ਬਦਮਾਸ਼ ਅਤੇ ਨਕਲੀ ਵਿਗਿਆਨੀ ਕੋਰੇ ਝੂਠੇ ਵਿਅਕਤੀਆਂ ਨਾਲੋਂ ਵੱਧ ਖਤਰਨਾਕ ਹੁੰਦੇ ਹਨ। ਝੂਠਾਂ ਨੂੰ ਕਿਸੇ ਕਸਵੱਟੀ 'ਤੇ ਝੂਠ ਸਾਬਤ ਕੀਤਾ ਜਾ ਸਕਦਾ ਹੈ, ਜਦੋਂਕਿ ਟਰੰਪ ਆਲੀ ਬਦਮਾਸ਼ੀ ਵੱਡੇ ਝੂਠਾਂ ਨੂੰ ਅਮਰੀਕਾ ਵਿਚ ਸੱਚ ਬਣਾ ਦਿੰਦੀ ਹੈ ਅਤੇ ਭਾਰਤ ਅੰਦਰ ਭੇਦ ਭਰੇ ਝੂਠਾਂ ਵਿਚ ਤਬਦੀਲ ਕਰ ਦਿੰਦੀ ਹੈ।

ਦੋ ਤਰੀਕਿਆਂ ਨਾਲ ਸੱਚਾਈ ਨੂੰ ਜਜ਼ਬਾਤੀ ਦੌਰ ਵਿੱਚ ਖੋਖਲਾ ਕੀਤਾ ਜਾਂਦਾ ਹੈ। ਪਹਿਲਾ ਤਰੀਕਾ ਪੂਰੀ ਬਦਮਾਸ਼ੀ ਨਾਲ ਨੰਗੀਆਂ-ਚਿੱਟੀਆਂ ਝੂਠੀਆਂ ਗੱਲਾਂ ਨੂੰ ਜੋ ਸੱਚਾਈ ਤੋਂ ਕੋਹਾਂ ਦੂਰ ਹੁੰਦੀਆਂ ਹਨ, ਸੱਚੀਆਂ ਸਾਬਤਾ ਕੀਤਾ ਜਾਂਦਾ ਹੈ। ਇਹ ਅੱਜ ਦੇ ਸੋਸ਼ਲ ਮੀਡੀਆ ਦੇ ਦੌਰ ਵਿਚ ਕਿਸੇ ਵੀ ਝੂਠ ਨੂੰ ਸੱਚਾਈ ਕਹਿ ਕੇ ਪਰੋਸ ਦਿੱਤਾ ਜਾਂਦਾ ਹੈ।

ਦੂਜੇ ਕਿਸਮ ਦੀ ਧਾਰਮਿਕ ਮੂਲਵਾਦ ਨਾਲ ਗੜੁੱਚ ਰਵਾਇਤੀ ਬਹੁਗਿਣਤੀ ਧਰਮ ਨੂੰ ਤਰਕਸੰਗਤ ਅਤੇ ਠੀਕ ਲੱਗਣੀ ਚਾਹੀਦੀ ਹੈ। ਇਹ ਅਸਲ ਸੱਚਾਈ ਅਤੇ ਧਾਰਮਿਕ ਸਿਧਾਂਤ ਵਿਚਕਾਰਲੇ ਸਾਰੇ ਫਰਕ ਮਿਟਾ ਦਿੰਦੀ ਹੈ। ਇਹ ਮੂਲ ਸਬੂਤਾਂ ਦੁਆਰਾ ਸਥਾਪਤ ਸੱਚਾਈਆਂ ਅਤੇ ਦੇਵਤਿਆਂ ਅਤੇ ਧਾਰਮਿਕ ਪੂਰਵਜ਼ਾਂ ਦੁਆਰਾ ਦੱਸੀਆਂ ਸੱਚਾਈਆਂ, ਇਸੇ ਤਰ੍ਹਾਂ ਇਤਿਹਾਸ ਅਤੇ ਮਿਥਿਹਾਸ ਵਿਚਕਾਰਲੇ ਸਾਰੇ ਫਰਕ ਦੂਰ ਕਰ ਦਿੰਦੀ ਹੈ। ਇਹ ਬਦਮਾਸ਼ੀ ਨੂੰ ਰੱਦ ਕਰਨਾ ਹੋਰ ਵੀ ਔਖਾ ਹੈ, ਕਿਉਂਕਿ ਇਹ ਧਰਮ ਨਿਰਪੱਖ-ਤਰਕ ਸੰਗਤ ਵਿਚਾਰਾਂ ਨੂੰ ਪੱਛਮੀ ਅਤੇ 'ਵਿਗਿਆਨਕ' ਕਹਿ ਕੇ ਚਿੜਾਇਆ ਜਾਂਦਾ ਹੈ। ਇਹ ਦੂਜੀ ਕਿਸਮ ਦੇ ਵੱਡੇ ਝੂਠ ਰੱਦ ਕਰਨੇ ਹੋਰ ਵੀ ਔਖੇ ਹਨ। ਦੋਨੋਂ ਕਿਸਮ ਦੇ ਝੂਠ ਵਸਤੂਗਤ ਸੱਚਾਈਆਂ ਦਾ ਮਖੌਲ ਉਡਾਉਂਦੇ ਹਨ ਅਤੇ ਪੜਤਾਲ ਨੂੰ ਰੱਦ ਕਰਦੇ ਹਨ।

## ਰਾਸ਼ਟਰੀ ਸਿੱਖਿਆ ਨੀਤੀ-ਗੁੱਝਾ ਡੂੰਘਾ ਝੂਠ

ਵੱਡੇ ਝੂਠ ਅਤੇ ਗੁੱਝੇ ਝੂਠ ਵਿਚ ਅੰਤਰ ਦੇਖਣ ਲਈ ਟਰੰਪ ਦਾ ਅਮਰੀਕਾ ਅੰਦਰ ਵੱਡਾ ਝੂਠ ਸਕੂਲ ਬੋਰਡਾਂ, ਕਾਲਜਾਂ, ਯੂਨੀਵਰਸਿਟੀਆਂ ਵਿਚ ਟਰੰਪੀਅਨ ਕੋਰਸ ਲਾਗੂ ਕਰਨਾ ਨਹੀਂ ਸੀ ਤਾਂ ਜੋ ਬਦਲਵੇਂ ਤੱਥ ਘੁੰਮਾਏ ਜਾਣ। ਟਰੰਪ ਅਤੇ ਉਸ ਦੀ ਰਿਪਬਲਿਨ ਪਾਰਟੀ ਵੱਲੋਂ ਸੱਭਿਆਚਾਰਕ ਜੰਗ ਨੂੰ ਹਵਾ ਦਿੱਤੀ, ਜੋ ਨਫਰਤੀ, ਮੂਲਵਾਸੀ ਸਿਆਸਤ ਦੀ ਲਗਾਤਾਰ ਗੂੰਜ ਪੈਦਾ ਕਰ ਰਹੀ ਸੀ। ਸਿੱਖਿਆ ਸੰਸਥਾਵਾਂ ਅੰਦਰ ਜਾਤ, ਲਿੰਗਤਾ ਅਤੇ ਅਮਰੀਕੀ ਇਤਿਹਾਸ ਬਾਰੇ ਅਧਿਆਪਕ 'ਤੇ ਪਾਬੰਦੀਆਂ ਲਗਾ ਦਿੱਤੀਆਂ ਗਈਆਂ ਕਿ ਉਹ ਉਨ੍ਹਾਂ ਵੱਲੋਂ ਤਹਿ ਕੀਤੇ ਮਿਆਰਾਂ ਅਨੁਸਾਰ ਹੀ ਬੋਲਣਗੇ, ਪ੍ਰੰਤੂ ਤਰਕ ਨਾਲ ਸੋਚਣ ਵਾਲੇ ਮੁੜ ਜਾਰਜ ਆਰਵੈਲ ਲੀਊਸ ਅਤੇ ਹੈਵਲ ਪੜ੍ਹਨ ਲੱਗ ਪਏ, ਜੋ ਏਕਾਧਿਕਾਰਵਾਦੀ ਰਾਜ ਦੇ ਆਲੋਚਕ ਰਹੇ ਹਨ। ਇਸ ਤਰ੍ਹਾਂ ਲੋਕਤੰਤਰੀ ਪ੍ਰਗਟਾਵੇ ਰਾਹੀਂ ਬੁੱਧੀਜੀਵੀਆਂ ਨੇ ਵਿਗਿਆਨ ਅਤੇ ਤਰਕ ਭਰਪੂਰ ਸੋਚਣੀ ਲਈ ਨਵਾਂ ਸਥਾਨ ਲੱਭ ਲਿਆ।

ਇਸ ਦੇ ਮੁਕਾਬਲੇ ਭਾਰਤ ਵਿਚ ਵੱਡੇ ਝੂਠ, ਨਵੀਂ ਸਿੱਖਿਆ ਨੀਤੀ 2020 ਵਿੱਚ ਉਪਰੋਂ ਹੇਠਾਂ ਵੱਡੇ ਸੁਧਾਰ ਕਰਕੇ ਸਦੀਆਂ ਪੁਰਾਣੀ ਹਿੰਦੂਤਵੀ ਵਿਗਿਆਨਕ ਅਤੇ ਦਰਸ਼ਨ ਦੀ ਉਚਤਾ ਸਥਾਪਤ ਕਰਨ ਲਈ ਲਗਾ ਦਿੱਤੇ ਗਏ। ਸੁਝਾਈਆਂ ਗਈਆਂ ਤਬਦੀਲੀਆਂ, ਅਸਲੀ ਮਾਨਤਾਵਾਂ ਲਈ ਮੁਢਲੇ ਨਿਯਮ ਦੁਆਰਾ ਲਿਖ ਕੇ ਸੰਭਵ ਬਣਾਈਆਂ ਗਈਆਂ। ਜੋ ਆਧੁਨਿਕ ਧਰਮ ਨਿਰਪੱਖ ਸਿੱਖਿਆ ਤਰਕ-ਭਰਪੂਰ ਸੋਚਣ ਵਿਧੀ ਰਾਹੀਂ, ਪ੍ਰਸ਼ਨ ਕਰਨ, ਮੁੜ ਦੁਹਰਾਈ ਕਰਨ ਅਤੇ ਅਜਿਹੇ ਵਿਚਾਰ, ਜੋ ਇਨ੍ਹਾਂ ਮਿਆਰਾਂ 'ਤੇ ਖਰੇ ਨਹੀਂ ਉੱਤਰਦੇ, ਉਨ੍ਹਾਂ ਨੂੰ ਤਿਆਗ ਦੇਣ ਦੀ ਨੀਤੀ ਅਨੁਸਾਰ ਸਨ। ਨਵੀਂ ਨੀਤੀ ਹਿੰਦੂਤਵੀ ਵਿਰਾਸਤ ਅਤੇ ਉਸ ਵਿਰਾਸਤ ਦੇ ਪੈਰੋਕਾਰਾਂ ਮੁਤਾਬਕ ਸੋਚਣ ਅਤੇ ਉਸ ਨੂੰ ਦੇਸ਼ ਭਗਤੀ ਦੀ ਮਿਸਾਲ ਦੇ ਤੌਰ 'ਤੇ ਦੇਖਣ।

ਨਵੀਂ ਸਿੱਖਿਆ ਨੀਤੀ ਦਾ ਮੁੱਖ ਮਕਸਦ ਗੈਰ-ਬਸਤੀਵਾਦੀਕਰਨ ਅਤੇ ਸਿੱਖਿਆ ਦੀ ਅਧਿਆਤਮਕਤਾ ਕਾਇਮ ਕਰਨਾ ਹੈ।1998-2004 ਦੀ ਭਾਜਪਾ ਸਰਕਾਰ ਵੇਲੇ ਦੇ ਕੁੱਢਰ ਢੰਗ ਜਿਸ ਰਾਹੀਂ ਗ੍ਰਹਿ ਸ਼ਾਸਤਰ ਅਤੇ ਧਾਰਮਿਕ ਰਸਮਾਂ ਦੇ ਡਿਗਰੀ ਕੋਰਸ ਸ਼ੁਰੂ ਕਰਨ ਦੀ ਥਾਂ ਮੋਦੀ ਦੀ ਸਿੱਖਿਆ ਨੀਤੀ ਰਵਾਇਤੀ ਵਿਗਿਆਨ ਦਰਸ਼ਨ ਨੂੰ ਭਾਰਤੀ ਗਿਆਨ ਸਿਸਟਮ (IKS) ਦੇ ਨਾਂਅ ਹੇਠ ਹਰ ਪੱਧਰ 'ਤੇ ਹਰ ਤਰ੍ਹਾਂ ਦੇ ਕੋਰਸਾਂ ਵਿਚ ਸ਼ਾਮਲ ਕਰ ਰਹੀ ਹੈ। ਇਸ ਦਾ ਮਕਸਦ ਹੈ ਕਿ ਰਵਾਇਤੀ ਹਿੰਦੂ ਅਧਿਆਤਮਕ ਚੇਤਨਾ ਰਾਹੀਂ ਪੈਦਾ ਕੀਤੇ ਵਿਸ਼ਵਾਸਾਂ ਦਾ ਜਾਲ ਬੁਣਿਆ ਜਾ ਸਕੇ। ਇਹ ਸ਼ਕਤੀਆਂ ਭੌਤਿਕ ਜਗਤ ਨੂੰ ਕਿਸੇ ਅਧਿਆਤਮਕ ਸ਼ਕਤੀ ਦੁਆਰਾ ਪੈਦਾ ਹੋਇਆ ਮੰਨਦੀਆਂ ਹਨ ਅਤੇ ਵੇਲਾ ਵਿਹਾ ਚੁੱਕੀਆਂ ਮਾਨਤਾਵਾਂ ਅਤੇ ਸਾਧੂ-ਸੰਤਾਂ ਦੁਆਰਾ ਪ੍ਰਚਾਰੇ ਜਾਂਦੇ ਅਧਿਆਤਮਕ ਗਿਆਨ ਨੂੰ ਸਬੂਤ ਦੇ ਤੌਰ 'ਤੇ ਪ੍ਰਚਾਰਨਾ ਇਨ੍ਹਾਂ ਦਾ ਮੁੱਖ ਮਕਸਦ ਹੈ। ਬਹੁਤ ਸ਼ੋਰਗੁਲ ਦੁਆਰਾ ਪੈਦਾ ਕੀਤਾ ਇਹ ਗਿਆਨ ਪ੍ਰਬੰਧ ਹਿੰਦੂ ਧਾਰਮਿਕ ਰਵਾਇਤਾਂ ਦਾ ਅਨਿੱਖੜਵਾਂ ਅੰਗ ਹੈ, ਜਿਸ ਦਾ ਮਕਸਦ ਵਸਤੂਗਤ ਗਿਆਨ ਜੋ ਪੂਰੇ ਸੰਸਾਰ ਵਿਚ ਪੈਦਾ ਹੋ ਰਿਹਾ ਹੈ, ਤੋਂ ਧਿਆਨ ਮੋੜ ਕੇ ਭੌਤਿਕ ਸੰਸਾਰ ਤੋਂ ਆਤਮਿਕ ਮੁਕਤੀ ਵਾਲੇ ਪਾਸੇ ਲੈ ਕੇ ਜਾਣਾ ਹੈ। ਇਨ੍ਹਾਂ ਧਾਰਮਿਕ ਰਵਾਇਤਾਂ ਦਾ ਧਰਮ ਨਿਰਪੱਖ ਸਿੱਖਿਆ ਵਿਚ ਦਖ਼ਲ ਕਿਸੇ ਮਕਸਦ ਦੀ ਪੂਰਤੀ ਨਹੀਂ ਕਰਦਾ।

ਇਹ ਰਵਾਇਤੀ ਢੰਗ-ਤਰੀਕਿਆਂ ਦਾ ਭਾਰਤੀ ਸਿੱਖਿਆ ਪ੍ਰਣਾਲੀ ਵਿਚ ਦਾਖਲਾ ਨੁਕਸਾਨ ਰਹਿਤ ਹੀ ਨਹੀਂ, ਸਗੋਂ ਪੱਛਮੀਕਰਨ ਤੋਂ ਛੁਟਕਾਰਾ ਵੀ ਦਿਵਾਉਂਦਾ ਹੈ। ਮੋਦੀ ਦੇ ਆਲੋਚਕ ਵੀ ਇਸ ਭਾਰਤੀ ਗਿਆਨ ਪ੍ਰਬੰਧਕ (IKS) 'ਤੇ ਕੱਛਾ ਵਜਾਉਂਦੇ ਹਨ। ਉਹ ਦਲੀਲ ਦਿੰਦੇ ਹਨ ਕਿ ਫਿਰ ਵੀ ਵਿਦਿਆਰਥੀ ਆਧੁਨਿਕ ਵਿਸ਼ੇ ਪੜ੍ਹਨਗੇ ਅਤੇ ਵਿਗਿਆਨ ਅਤੇ ਤਕਨੀਕ ਦੀਆਂ ਸੰਸਥਾਵਾਂ ਬੰਦ ਤਾਂ ਨਹੀਂ ਹੋਣ ਲੱਗੀਆਂ। ਫਿਰ ਇਹ ਦੇਸੀ ਗਿਆਨ ਪ੍ਰਬੰਧ ਦਾ ਕੀ ਨੁਕਸਾਨ ਹੈ?

ਉਹ ਇਹ ਨਹੀਂ ਸਮਝਦੇ ਕਿ ਇਹ ਭਾਰਤੀ ਗਿਆਨ ਪ੍ਰਬੰਧ ਹਿੰਦੂਤਵੀ ਵਿਚਾਰਾਂ ਦਾ ਕਪਟੀ ਘੋੜਾ (Trofan Horsh) ਹੈ। ਭਾਰਤੀ ਗਿਆਨ ਪ੍ਰਬੰਧ ਦਾ ਸਕੂਲੀ ਸਿਲੇਬਸ ਵਿਚ ਦਾਖਲਾ ਅਮਰੀਕਾ ਅੰਦਰ ਬੁਸ਼ ਦੇ ਰਾਜ-ਭਾਗ ਸਮੇਂ ਡਾਰਵਿਨ ਦੇ ਵਿਕਾਸਵਾਦ ਦੇ ਨਾਲ-ਨਾਲ ਪ੍ਰਮਾਤਮਾ ਦੁਆਰਾ ਸ੍ਰਿਸ਼ਟੀ ਦੀ ਰਚਨਾ ਦਾ ਸਿਧਾਂਤ ਪੜ੍ਹਾ ਕੇ ਭੰਬਲਭੂਸਾ ਪੈਦਾ ਕਰਨ ਵਾਂਗ ਹੀ ਹੈ। ਅਮਰੀਕਾ ਵਿਚ ਪਹਿਲੀ ਸੋਧ ਹੀ ਧਰਮ ਦੇ ਸਰਕਾਰੀ ਪ੍ਰਬੰਧ ਵਿਚ ਦਾਖਲੇ 'ਤੇ ਰੋਕ ਲਗਾਉਂਦੀ ਹੈ। ਇਸ ਲਈ ਅਦਾਲਤਾਂ ਨੇ ਇਹ ਕਹਿ ਕੇ ਇਸ ਨੂੰ ਰੱਦ ਕਰ ਦਿੱਤਾ ਹੈ ਕਿ ਇਹ ਸਿਆਣਪ ਵਾਲਾ ਕਾਰਜ ਵਿਗਿਆਨਕ ਨਹੀਂ, ਕਿਉਂਕਿ ਇਹ ਬਿਨਾਂ ਸਿੱਧ ਕੀਤੇ ਹੋਏ ਈਸਾਈਅਤ ਦੇ ਪ੍ਰਮਾਤਮਾ ਦੀ ਹੋਂਦ ਨਾਲ ਸੰਬੰਧਤ ਹੈ। ਭਾਰਤ ਵਿਚ ਅਜਿਹੇ ਹਿੰਦੂਤਵੀ ਗਿਆਨ ਪ੍ਰਬੰਧ ਦੇ ਦਾਖਲੇ 'ਤੇ ਕੋਈ ਰੋਕ ਨਹੀਂ, ਜੋ ਸਰਬਵਿਆਪੀ ਅਤੇ ਸਰਬ ਗਿਆਨੀ ਹੈ।

ਨਵੀਂ ਸਿੱਖਿਆ ਨੀਤੀ ਧਰਮ ਨਿਰਪੱਖ ਸਿੱਖਿਆ 'ਤੇ ਕੀਤਾ ਚੁੱਪ-ਚੁਪੀਤਾ ਹਮਲਾ ਹੈ। ਹਿੰਦੂਤਵੀ ਅਧਿਆਤਮਕ ਦੇ ਟੀਕੇ ਧਰਮ ਨਿਰਪੱਖ ਸੋਚਣੀ 'ਤੇ ਜੋ ਭਾਰੂ ਨਹੀਂ ਵੀ ਹੁੰਦੇ ਤਾਂ ਵੀ ਸੋਚਣ ਦਾ ਇਕ ਬਦਲਵਾਂ ਢੰਗ ਪੈਦਾ ਕਰਦੇ ਹਨ, ਤਾਂ ਜੋ ਬਦਲਵੀਆਂ ਸੱਚਾਈਆਂ ਸੱਚ ਜਾਪਣ ਲੱਗ ਜਾਣ। 21ਵੀਂ ਸਦੀ ਵਿੱਚ ਵਿਗਿਆਨ ਵਿਚ ਹੋਈਆਂ ਖੋਜੀ ਵੱਡੀਆਂ ਪੁਲਾਂਘਾਂ ਦੇ ਬਾਵਜੂਦ ਅਜਿਹੇ ਨਵੇਂ ਰੱਦ ਕੀਤੇ ਹੋਏ ਢੰਗ-ਤਰੀਕੇ ਘੁਸੇੜ ਕੇ ਵਿਗਿਆਨ ਨੂੰ ਨਵੇਂ ਢੰਗ ਨਾਲ ਲਿਖ ਕੇ, ਆਰੀਆ ਭੱਟ ਅਤੇ ਕੌਟਿਲਿਆ ਨੂੰ ਤਾਰਾ ਵਿਗਿਆਨ ਅਤੇ ਅਰਥ ਸ਼ਾਸਤਰ ਦੇ ਪਿਤਾਮਾ ਦੱਸ ਕੇ ਆਧੁਨਿਕ ਵਿਚਾਰਾਂ 'ਤੇ ਹਿੰਦੂ ਭਾਰਤ ਦੀ ਚੌਧਰ ਕਾਇਮ ਕੀਤੀ ਜਾਂਦੀ ਹੈ।ਇਸ ਤਰ੍ਹਾਂ ਪ੍ਰਾਚੀਨ ਨੂੰ ਆਧੁਨਿਕ ਦਾ ਸਮਕਾਲੀ ਬਣਾ ਕੇ ਵਿਦਿਆਰਥੀਆਂ ਵੱਲੋਂ ਆਲੋਚਨਾਤਮਕ ਢੰਗ ਨਾਲ ਸੋਚਣ ਦੇ ਢੰਗ ਨੂੰ ਮੁੱਢੋਂ ਹੀ ਬੰਦ ਕਰ ਦਿੱਤਾ ਜਾਂਦਾ ਹੈ।

ਛੋਟੇ-ਵੱਡੇ ਝੂਠਾਂ ਨੂੰ ਵਿਗਿਆਨਕ ਤੱਥਾਂ ਰਾਹੀਂ ਝੁਠਲਾਇਆ ਜਾ ਸਕਦਾ ਹੈ। ਡੂੰਘੇ, ਗੁੱਝੇ ਝੂਠ, ਜੋ ਭਾਰਤੀ ਪ੍ਰੰਪਰਾਵਾਂ, ਰਵਾਇਤਾਂ ਰਾਹੀਂ ਪੈਦਾ ਕੀਤੇ ਜਾਂਦੇ ਹਨ, ਨੂੰ ਝੂਠੇ ਸਾਬਤ ਕਰਨਾ ਹਿੰਦੂ ਵਿਚਾਰਾਂ ਨੂੰ ਝੂਠੇ ਸਾਬਤ ਕਰਨਾ ਹੋਵੇਗਾ, ਜੋ ਕੋਈ ਵੀ ਕਰਨ ਦਾ ਹੀਆ ਨਹੀਂ ਕਰਦਾ।(ਮੀਰਾ ਨੰਦ ਦੇ 'ਵਾਇਰ' ਵਿਚ ਲਿਖੇ ਆਰਟੀਕਲ ਦਾ ਸੰਖੇਪ ਰੂਪ)

**# ਸੰਪਰਕ : 94632-18707**

**ਗੁਰਗੱਦੀ ਦਿਵਸ 'ਤੇ ਵਿਸ਼ੇਸ਼**

# ਸ੍ਰੀ ਗੁਰੂ ਅੰਗਦ ਦੇਵ ਜੀ

**ਪਿਰਥੀਪਾਲ ਸਿੰਘ ਮਾੜੀਮੇਘਾ**

ਭਾਈ ਲਹਿਣੇ ਨੂੰ ਗੁਰਗੱਦੀ ਸੰਭਾਲਣ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਦਾ ਨਾਂਅ ਦਿੱਤਾ ਸੀ। ਭਾਈ ਲਹਿਣੇ ਦਾ ਜਨਮ ਬਾਬਾ ਫੇਰੂ ਮੱਲ ਦੇ ਘਰ ਅਤੇ ਮਾਤਾ ਰਾਮੋ ਦੀ ਕੁੱਖੋਂ ਹਰੀਏ, ਕੇ ਮੱਤੇ ਦੀ ਸਰਾਂ ਵਿੱਚ 31 ਮਾਰਚ 1504 ਈਸਵੀ ਨੂੰ ਹੋਇਆ। ਉਨ੍ਹਾ ਦੇ ਪਿਤਾ ਨੇ ਆਪਣੇ ਪੁੱਤਰ ਵਾਸਤੇ ਪੜ੍ਹਾਈ ਦਾ ਪੂਰਾ ਪ੍ਰਬੰਧ ਕੀਤਾ ਅਤੇ ਦਿਵਾਈ।

ਭਾਈ ਬਲਵੰਡ ਭਾਈ ਲਹਿਣੇ ਦੀ ਉਪਮਾ ਬਾਰੇ ਲਿਖਦੇ ਹਨ, 'ਜਿਨਿ ਐਵਡ ਪਿੰਡ ਠਿਣਕਿਓਨ॥' ਜਿਸ ਦਾ ਅਰਥ ਹੈ ਕਿ ਭਾਈ ਲਹਿਣੇ ਦੀ ਬਹੁਤ ਉੱਚੀ ਆਤਮਾ ਸੀ। ਸੱਤ ਭਰਾਵਾਂ ਦੀ ਭੈਣ ਮਾਈ ਵਿਰਾਈ ਖਡੂਰ ਸਾਹਿਬ ਰਹਿੰਦੀ ਸੀ। ਉਸ ਨੇ ਭਾਈ ਲਹਿਣੇ ਦਾ ਰਿਸ਼ਤਾ ਸੰਘਰ (ਨੇੜੇ ਖਡੂਰ ਸਾਹਿਬ) ਪਿੰਡ ਦੇ ਸ਼ਾਹੂਕਾਰ ਦੇਵੀ ਚੰਦ ਦੀ ਧੀ ਖੀਵੀ ਨਾਲ ਕਰਵਾ ਦਿੱਤਾ। ਭਾਈ ਲਹਿਣੇ ਦੀ ਸ਼ਾਦੀ 1521 ਈਸਵੀ ਵਿੱਚ ਹੋ ਗਈ। ਜਦੋਂ ਭਾਈ ਲਹਿਣੇ ਦੀ ਸ਼ਾਦੀ ਹੋਈ ਤੇ ਦੂਜੇ ਬੰਨਿਓਂ ਮੁਗਲ ਹਾਕਮ ਬਾਬਰ ਨੇ ਹਮਲੇ ਆਰੰਭ ਕਰ ਦਿੱਤੇ। ਹਮਲਿਆਂ ਨਾਲ ਮੱਤੇ ਦੀ ਸਰਾਂ ਉੱਜੜ ਗਈ ਅਤੇ ਸਾਰਾ ਵਪਾਰ ਠੱਪ ਹੋ ਗਿਆ।

ਭਾਈ ਲਹਿਣੇ ਦਾ ਪਰਵਾਰ ਹਰੀਕੇ ਪੱਤਣ ਆ ਗਿਆ। ਇਥੋਂ ਅੱਗੇ ਸੰਘਰ ਪਹੁੰਚ ਗਏ। ਸੰਘਰ ਆ ਕੇ ਲੂਣ ਦੇ ਵਪਾਰ ਵਿੱਚ ਪੈ ਗਏ। ਭਾਈ ਲਹਿਣੇ ਦੇ ਬਾਪ ਦੀ ਮੌਤ ਹੋ ਗਈ ਤੇ ਆਪ ਨੇ ਖਡੂਰ ਸਾਹਿਬ ਆ ਕੇ ਵਪਾਰ ਸ਼ੁਰੂ ਕੀਤਾ। ਇਥੇ ਭਾਈ ਲਹਿਣਾ ਜੀ ਆਪਣੇ ਬਾਪ ਦੀ ਤਰ੍ਹਾਂ ਸੰਗਤ ਦਾ ਇਕੱਠ ਕਰਕੇ ਗੀਤਾਂ ਰਾਹੀਂ ਆਪਣੀ ਗੱਲ ਸੰਗਤ ਨਾਲ ਵੀ ਸਾਂਝੀ ਕਰਦੇ ਸਨ।

ਭਾਈ ਲਹਿਣੇ ਦੀ ਪਤਨੀ ਖੀਵੀ ਨੂੰ ਲੋਕਾਂ ਚੁੱਕਣਾ ਸ਼ੁਰੂ ਕਰ ਦਿੱਤਾ ਕਿ ਤੇਰਾ ਪਤੀ ਤੇ ਤਪੇ ਨਾਨਕ ਮਗਰ ਲੱਗ ਕੇ ਸਾਧ ਬਣਿਆ ਫਿਰਦਾ ਹੈ। ਖੀਵੀ ਨੇ ਉਨ੍ਹਾ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਭਾਈ ਲਹਿਣਾ ਦੋ ਚਾਰ ਦਿਨ ਘਰ ਰਿਹਾ ਅਤੇ ਆਪਣੀ ਪਤਨੀ ਨੂੰ ਸਮਝਾਇਆ।ਆਪ ਪਹਿਲਾਂ ਦੀ ਤਰ੍ਹਾਂ ਮਰਦਾਨੇ ਦੇ ਪੁੱਤਰ ਰਜਾਦਾ ਅਤੇ ਪਿੱਛੋਂ ਬਲਵੰਡ ਨਾਲ ਕੀਰਤਨ ਕਰਦੇ ਰਹੇ।

ਬਾਬੇ ਨਾਨਕ ਨੇ ਭਾਈ ਲਹਿਣੇ ਨੂੰ ਗੁਰਗੱਦੀ ਦੇਣ ਤੋਂ ਪਹਿਲਾਂ ਬਹੁਤ ਇਮਤਿਹਾਨ ਲਿਆ। ਲਹਿਣਾ ਜੀ ਹਰੇਕ ਇਮਤਿਹਾਨ 'ਚੋਂ ਪਾਸ ਹੁੰਦੇ ਰਹੇ। ਅੰਤ ਲਹਿਣੇ ਨੇ ਕਿਹਾ-ਮੇਰੇ ਸਾਹਿਬਾ, ਮੇਰਾ ਤੁਹਾਡੇ ਬਗੈਰ ਕੋਈ ਨਹੀਂ। ਗੁਰੂ ਨਾਨਕ ਅੱਗੋਂ ਬੋਲੇ, ਲਹਿਣਾ ਜੀ, ਤੁਹਾਡੇ ਬਗੈਰ ਮੇਰਾ ਵੀ ਹੁਣ ਕੋਈ ਟਿਕਾਣਾ ਨਹੀਂ। ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣੇ ਨੂੰ 7 ਸਤੰਬਰ 1539 ਨੂੰ ਗੁਰਗੱਦੀ ਸੌਂਪ ਕੇ ਸਿਰ ਨਵਾਇਆ ਤੇ ਮੱਥਾ ਟੇਕਿਆ। ਇਸ ਮੌਕੇ ਬਲਵੰਡ ਨੇ ਇਸ ਕੌਤਕ ਨੂੰ ਉਲਟੀ ਗੰਗਾ ਵਹਾਉਣਾ ਕਿਹਾ ਸੀ, ਕਿਉਂਕਿ ਭਾਈ ਲਹਿਣੇ ਦਾ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਦੂਰ ਦਾ ਵੀ ਰਿਸ਼ਤਾ ਨਹੀਂ ਸੀ। ਇਸ ਵਾਰ ਗੁਰਗੱਦੀ ਦਿਵਸ 12 ਸਤੰਬਰ ਨੂੰ ਹੈ, ਜਿਸ ਦਿਨ ਖਡੂਰ ਸਾਹਿਬ ਮੇਲਾ ਲੱਗ ਰਿਹਾ ਹੈ।

ਬਾਬੇ ਨਾਨਕ ਨੇ ਵੇਖ ਲਿਆ ਸੀ ਕਿ ਲਹਿਣੇ ਨੂੰ ਗੱਦੀ ਸੌਂਪਣ ਵੇਲੇ ਉਨ੍ਹਾ ਦੇ ਪੁੱਤਰਾਂ, ਬਰਾਦਰੀ ਵਾਲਿਆਂ ਅਤੇ ਹੋਰ ਈਰਖਾ ਕਰਨ ਵਾਲੇ ਲੋਕਾਂ ਨੇ ਕਿੰਨਾ ਰੌਲਾ ਪਾਇਆ ਸੀ।ਇਸ ਲਈ ਝਗੜਾ ਵਧਣ ਦੇ ਡਰ ਤੋਂ ਬਾਬੇ ਨਾਨਕ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਹੁਕਮ ਦਿੱਤਾ ਕਿ ਉਹ ਖਡੂਰ ਸਾਹਿਬ ਚਲੇ ਜਾਣ। ਗੁਰੂ ਅੰਗਦ ਦੇਵ ਜੀ ਖਡੂਰ ਸਾਹਿਬ ਵਿਖੇ ਮਾਈ ਵਿਰਾਈ ਦੇ ਘਰ ਆ ਗਏ।

ਗੁਰੂ ਅੰਗਦ ਦੇਵ ਜੀ ਨੇ ਮਾਈ ਵਿਰਾਈ ਨੂੰ ਕਿਹਾ ਕਿ ਮੇਰੇ ਆਉਣ ਬਾਰੇ ਬਾਹਰ ਕਿਸੇ ਨਾਲ ਗੱਲ ਨਹੀਂ ਕਰਨੀ। ਮਾਈ ਵਿਰਾਈ ਨੇ ਗੁਰੂ ਜੀ ਦਾ ਹੁਕਮ ਮੰਨ ਕੇ ਕਿਸੇ ਨੂੰ ਨਾ ਦੱਸਿਆ। ਗੁਰੂ ਜੀ ਨੂੰ ਖਾਣਾ ਦੇਣ ਗਈ ਮਾਈ ਵੇਖਦੀ ਕਿ ਗੁਰੂ ਜੀ ਆਪਣੇ ਗਿਆਨ ਦੀ ਪੂਰਤੀ ਕਰਨ ਲਈ ਪੜ੍ਹਾਈ ਵਿੱਚ ਹਮੇਸ਼ਾ ਮਗਨ ਰਹਿੰਦੇ ਹਨ। ਉਂਝ ਮਾਈ ਵਿਰਾਈ ਗੁਰੂ ਜੀ ਨੂੰ ਵੇਖ ਕੇ ਹੈਰਾਨ ਸੀ ਕਿ ਗੁਰੂ ਜੀ ਇਸ ਤਰ੍ਹਾਂ ਛੁਪੇ ਕਿਉਂ ਹਨ।

ਸੰਗਤਾਂ ਗੁਰੂ ਅੰਗਦ ਦੇਵ ਨੂੰ ਕਰਤਾਰਪੁਰ ਵਿਖੇ ਮਿਲਣ ਆਉਂਦੀਆਂ, ਪਰ ਗੁਰੂ ਜੀ ਦਾ ਪਤਾ ਨਾ ਲਗਦਾ ਕਿ ਉਹ ਕਿਥੇ ਹਨ। ਕਈ ਸਿੱਖ ਗੁਰੂ ਜੀ ਨੂੰ ਲੱਭਣ ਜਾਂਦੇ, ਪਰ ਗੁਰੂ ਜੀ ਦਾ ਕੋਈ ਵੀ ਖੁਰਾ-ਖੋਜ ਨਾ ਮਿਲਦਾ। ਸੰਗਤ ਬਾਬਾ ਬੁੱਢਾ ਜੀ ਪਾਸ ਰਮਦਾਸ ਪਹੁੰਚੀ ਤੇ ਉਨ੍ਹਾ ਅੱਗੇ ਅਰਜ਼ੋਈ ਕੀਤੀ ਕਿ ਉਹ ਗੁਰੂ ਜੀ ਨੂੰ ਲੱਭਣ। ਬਾਬਾ ਬੁੱਢਾ ਜੀ ਪੰਜ ਸਿੱਖਾਂ ਨੂੰ ਨਾਲ ਲੈ ਕੇ ਮਾਈ ਵਿਰਾਈ ਦੇ ਘਰ ਵੱਲ ਨੂੰ ਤੁਰ ਪਏ ਅਤੇ ਮਾਈ ਵਿਰਾਈ ਉਨ੍ਹਾਂ ਨੂੰ ਵੇਖ ਕੇ ਘਰੋਂ ਬਾਹਰ ਨਿਕਲ ਆਈ। ਬਾਬਾ ਬੁੱਢਾ ਜੀ ਮਾਈ ਦੇ ਚਿਹਰੇ ਦੇ ਹਾਵ-ਭਾਵ ਤੋਂ ਸਮਝ ਗਏ ਕਿ ਗੁਰੂ ਜੀ ਇਸ ਦੇ ਹੀ ਘਰ ਹਨ। ਬਾਬਾ ਬੁੱਢਾ ਜੀ ਤੇ ਸਿੱਖਾਂ ਨੇ ਕਿਹਾ ਕਿ ਗੁਰੂ ਜੀ ਤੁਹਾਡੇ ਘਰ ਹਨ, ਸਾਨੂੰ ਮਿਲਾ ਦਿਓ, ਪਰ ਉਹ ਨਾ ਮੰਨੀ। ਬਾਬਾ ਬੁੱਢਾ ਜੀ ਨੇ ਭਾਈ ਬਲਵੰਡ ਨੂੰ ਕਿਹਾ ਕਿ ਰਬਾਬ ਵਜਾਇ ਸ਼ਬਦ ਗਾਓ, ਆਪੇ ਆਵਾਜ਼ ਸੁਣ ਕੇ ਬਾਹਰ ਆ ਜਾਣਗੇ। ਇੰਝ ਹੀ ਹੋਇਆ। ਗੁਰੂ ਜੀ ਆਵਾਜ਼ ਸੁਣ ਕੇ ਬਾਹਰ ਆ ਗਏ ਅਤੇ ਆਪਣੇ ਸਿੱਖਾਂ ਨੂੰ ਵੇਖ ਕੇ ਖ਼ੁਸ਼ ਹੋਏ। ਇਸੇ ਮੌਕੇ ਮਾਈ ਵਿਰਾਈ ਦੀ ਅਚਾਨਕ ਮੌਤ ਹੋ ਗਈ। ਮਾਈ ਦਾ ਸਸਕਾਰ ਕਰਨ ਤੋਂ ਬਾਅਦ ਗੁਰੂ ਜੀ ਨੇ ਸਿੱਖਾਂ ਨਾਲ ਸਲਾਹ-ਮਸ਼ਵਰਾ ਕੀਤਾ ਅਤੇ ਇਕਾਂਤ 'ਚੋਂ ਬਾਹਰ ਆ ਗਏ।

ਗੁਰੂ ਅੰਗਦ ਦੇਵ ਦੀ ਸੰਗਤ ਨੇ ਖਡੂਰ ਸਾਹਿਬ ਵਿਖੇ ਦਿਨਾਂ ਵਿੱਚ ਹੀ ਧਰਮਸ਼ਾਲਾ ਉਸਾਰ ਦਿੱਤੀ। ਸੰਗਤਾਂ ਪਤਾ ਲੱਗਣ 'ਤੇ ਵਹੀਰਾਂ ਘੱਤ ਕੇ ਖਡੂਰ ਸਾਹਿਬ ਪਹੁੰਚਣ ਲੱਗ ਪਈਆਂ। ਮਾਈ ਵਿਰਾਈ ਦੀ ਯਾਦ ਵਿੱਚ ਮਿੱਠਾ ਖੂਹ ਲਵਾ ਦਿੱਤਾ ਗਿਆ। ਸੰਗਤ ਵਿੱਚ ਕੋਈ ਜਾਤ- ਪਾਤ ਅਤੇ ਊਚ-ਨੀਚ ਦਾ ਖਿਆਲ ਨਹੀਂ ਸੀ। ਗੁਰੂ ਜੀ ਅਤੇ ਸਿੱਖ ਵਾਣ ਵੱਟ ਕੇ ਕਮਾਈ ਕਰਦੇ ਸਨ। ਉਹ ਕਮਾਈ ਲੰਗਰ ਵਿੱਚ ਪਾ ਦਿੱਤੀ ਜਾਂਦੀ ਸੀ।'ਹਿਸਟਰੀ ਆਫ ਇੰਡੀਜਿਨਸ ਐਜੂਕੇਸ਼ਨ ਇਨ ਪੰਜਾਬ' ਵਿੱਚ ਡਾਕਟਰ ਲਾਇਟਰਨ ਨੇ ਲਿਖਿਆ ਹੈ, 'ਗੁਰੂ ਅੰਗਦ ਦੇਵ ਜੀ ਨੇ ਪ੍ਰੋਫ਼ੈਸਰ ਹਕਸਲੇ ਵਾਂਗ ਬੱਚਿਆਂ ਲਈ ਬਾਲ ਬੋਧ ਦੇ ਕਾਇਦੇ ਲਿਖੇ ਤੇ ਅਜਿਹਾ ਕਰਨਾ ਕੋਈ ਸ਼ਾਨ ਤੋਂ ਨੀਵਾਂ ਜਾਂ ਹੀਣਾ ਕਰਮ ਨਾ ਜਾਣਿਆ।'

ਗੁਰੂ ਜੀ ਨੇ ਹੁਕਮ ਦਿੱਤਾ ਹੋਇਆ ਸੀ ਕਿ ਬੱਚਿਆਂ ਨੂੰ ਪੜ੍ਹਾਉਂਦੇ ਸਮੇਂ ਕੋਈ ਮੇਰੇ ਕੋਲ ਆਉਣਾ ਨਹੀਂ ਚਾਹੀਦਾ। ਇੱਕ ਦਿਨ ਗੁਰੂ ਜੀ ਬੱਚਿਆਂ ਨੂੰ ਪੜ੍ਹਾ ਰਹੇ ਸਨ ਤੇ ਹਾਰਿਆ ਹੋਇਆ ਬਾਦਸ਼ਾਹ ਹਿਮਾਂਯੂੰ ਆ ਗਿਆ, ਪਰ ਗੁਰੂ ਜੀ ਨੇ ਉਸ ਦੀ ਕੋਈ ਪ੍ਰਵਾਹ ਨਾ ਕੀਤੀ। ਹਿਮਾਂਯੂੰ ਨੇ ਗੁੱਸੇ ਵਿੱਚ ਆ ਕੇ ਗੁਰੂ ਜੀ 'ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ। ਗੁਰੂ ਜੀ ਪਹਿਲਵਾਨਾਂ ਦੀਆਂ ਕੁਸ਼ਤੀਆਂ ਵੀ ਕਰਵਾਉਂਦੇ ਸਨ।

ਗੁਰੂ ਜੀ ਨੇ ਸੰਗਤਾਂ ਨੂੰ ਸੱਦਾ ਦਿੱਤਾ ਕਿ ਉਹ ਧਨੀ ਲੋਕਾਂ ਦੇ ਦਬਾਅ ਹੇਠ ਨਾ ਆਉਣ। ਉਨ੍ਹਾਂ ਦੀ ਖੁਸ਼ਾਮਦ ਨਾ ਕਰਨ, ਇਸ ਨਾਲ ਸਹਿਮ ਤੇ ਨਿਤਾਣਾਪਣ ਵਧਦਾ ਹੈ। ਇਸ ਲਈ ਤੁਸੀਂ ਧਨੀ ਲੋਕਾਂ ਅੱਗੇ ਹੀਣੇ ਨਾ ਬਣੋ। ਗੁਰੂ ਜੀ ਫਰਮਾਉਂਦੇ ਹਨ ਕਿ ਮਨੁੱਖ ਸੁਤੰਤਰ ਪੈਦਾ ਹੋਇਆ ਹੈ ਅਤੇ ਰੀਤੀ-ਰਿਵਾਜਾਂ ਦੇ ਜੋ ਬੰਧਨ ਪਾਏ ਹਨ, ਇਹ ਨਿਰਮੂਲ ਹਨ।

ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਦੇ 35 ਅੱਖਰਾਂ ਨੂੰ ਹੋਰ ਸੰਵਾਰਨ ਤੇ ਪ੍ਰਚਾਰਨ ਦਾ ਕੰਮ ਕੀਤਾ। ਸ੍ਰੀ ਗੁਰੂ ਅੰਗਦ ਦੇਵ ਜੀ 47 ਸਾਲ ਉਮਰ ਭੋਗ ਕੇ 29 ਮਾਰਚ 1552 ਨੂੰ ਜੋਤੀ ਜੋਤਿ ਸਮਾ ਗਏ।

**# ਸੰਪਰਕ : 98760-78731**

# ਆਫਤਾਂ 'ਚੋਂ ਲੰਘ ਰਿਹਾ ਹੈ ਦੇਸ਼



**ਵਰਗਿਸ ਸਲਾਮਤ**

ਦੇਸ਼ ਵਿਚ ਹਰ ਪਾਸੇ ਹੜ੍ਹਾਂ ਵਾਲੀ ਸਥਿਤੀ ਬਣੀ ਰਹੀ ਹੈ। ਪੰਜਾਬ ਬੁਰੀ ਤਰਾਂ ਹੜਗ੍ਰਸਤ ਹੋ ਚੁੱਕਾ ਹੈ। ਵੱਡੇ ਪੱਧਰ 'ਤੇ ਪਹਾੜ ਖਿਸਕ ਰਹੇ ਹਨ, ਬੱਦਲ ਫਟ ਰਹੇ ਹਨ, ਸੜਕਾਂ ਧਰਤੀ ਵਿਚ ਧੱਸ ਰਹੀਆਂ ਹਨ, ਪੁਲ ਵਿਚਾਲਿਓਂ ਟੁੱਟਦੇ ਜਾ ਰਹੇ ਹਨ, ਕਈ ਮੰਜ਼ਿਲਾ ਘਰ ਢਹਿ-ਢੇਰੀ ਹੋ ਕੇ ਨਦੀਆਂ ਵਿਚ ਨਦੀ ਹੋ ਗਏ ਹਨ। ਕਹਿਣ ਨੂੰ ਇਹ ਕੁਦਰਤੀ ਆਫਤਾਂ ਹਨ। ਕਈ ਮਵੇਛੀ, ਕਈ ਮਨੁੱਖ ਅਤੇ ਕਈ ਤਰਾਂ ਦੀ ਮਸ਼ੀਨਰੀ ਮਲਬੇ ਹੇਠ ਦੱਬ ਗਏ ਹਨ ਜਾਂ ਫਿਰ ਬਹੁਤੇ ਤੇਜ਼ ਸੈਲਾਬ ਵਿਚ ਰੁੜ੍ਹ ਗਏ। ਅਜੇ ਤੱਕ ਇਸ ਭਾਰੀ ਨੁਕਸਾਨਪੂਰਾ ਅਨੁਮਾਨ ਨਹੀ ਲਗਾਇਆ ਜਾ ਸਕਿਆ। ਕਿਸਾਨ ਪਰੇਸ਼ਾਨ ਹਨ ਕਿ ਫਸਲਾਂ ਤਾਂ ਗਈਆਂ ਹੀ ਗਈਆਂ, ਘਰ ਵੀ ਡੁੱਬ ਚੁੱਕੇ ਹਨ। ਮਜ਼ਦੂਰ ਦੇ ਗੁਜ਼ਾਰੇ ਦਾ ਸਵਾਲ ਤਾਂ ਰੱਬ ਨੂੰ ਵੀ ਕਰਨਾ ਬਣਦਾ ਹੈ ਕਿ ਉਹ ਅਸਮਾਨ ਤੋਂ ਟੰਗੀ ਰੋਜ਼ ਦੀ ਰੋਟੀ ਕਿਵੇਂ ਲਾਉਣ ? ਸਵਾਲ ਇਹ ਵੀ ਹੈ ਕਿ ਇਸ ਨਾ ਪੂਰੇ ਹੋਣ ਵਾਲੇ ਵੱਡੇ ਨੁਕਸਾਨ ਦਾ ਜ਼ਿੰਮੇਵਾਰ ਕੌਣ ਹੈ। ਐਪਰ ਇਸ ਦੇ ਜ਼ਿੰਮੇਵਾਰ ਅਸੀ ਹਾਂ, ਸਰਕਾਰਾਂ ਹਨ, ਸਰਕਾਰਾਂ ਦਾ ਮਾੜਾ ਅਤੇ ਜਗਾੜੂ ਪ੍ਰਬੰਧ ਹੈ, ਗੈਰ-ਜ਼ਿੰਮੇਵਾਰਾਨਾ ਵਿਹਾਰ ਹੈ ਅਤੇ ਸਭ ਤੋਂ ਉੱਪਰ ਇੰਤਹਾ ਭ੍ਰਿਸ਼ਟਾਚਾਰ ਅਤੇ ਮੌਕਾਪ੍ਰਸਤੀ ਦੀ ਸੌੜੀ ਸਿਆਸਤ ਹੈ।

ਵੱਡੇ ਦਾਅਵਿਆਂ ਦੇ ਬਾਵਜੂਦ ਲੈਂਡ ਮਾਫੀਆ ਅਤੇ ਰੇਤ ਮਾਫੀਆ ਭੂ-ਕਟਾਈ ਅਤੇ ਭੂ-ਖੁਦਾਈ ਨਾਲ ਆਪਣੇ ਮਹਿਲ ਚੁਬਾਰੇ ਤਾਂ ਵਧੀਆ ਸਥਾਨਾਂ 'ਚ ਮਜ਼ਬੂਤੀ ਨਾਲ ਬਣਾ ਰਿਹਾ ਹੈ, ਪਰ ਉਹ ਪਹਾੜਾਂ, ਚੱਟਾਨਾਂ ਅਤੇ ਨਦੀਆਂ-ਨਾਲਿਆਂ ਨੂੰ ਖੋਖਲਾ ਅਤੇ ਖੋਚਲਾ ਕੀਤਾ ਜਾ ਰਿਹਾ ਹੈ। ਜੰਗਲਾਂ ਦੀ ਕਟਾਈ ਅਤੇ ਸ਼ਹਿਰੀਕਰਨ ਦੀ ਦੌੜ 'ਚ ਵਾਤਾਵਰਣ ਨਾਲ ਵੱਡੀ ਛੇੜਛਾੜ ਕੀਤੀ ਜਾ ਰਹੀ ਹੈ। ਜਲ, ਜੰਗਲ ਅਤੇ ਜ਼ਮੀਨ ਦੀ ਲੜਾਈ ਵੀ ਆਪਣੇ ਹੀ ਹਾਕਮਾਂ ਨਾਲ ਆਪਣੇ ਹੀ ਦੇਸ਼ 'ਚ ਲੜਨੀ ਪੈ ਰਹੀ ਹੈ। ਪੰਜਾਬੀਆਂ ਨੇ ਕਿਸਾਨੀ ਅੰਦੋਲਨ ਵਾਂਗ ਹੀ ਇਸ ਆਫਤ ਨਾਲ ਵੀ ਡਟ ਕੇ ਮੁਕਾਬਲਾ ਕੀਤਾ ਹੈ। ਦੁਨੀਆਂ ਲਈ ਭਾਈਚਾਰਕ ਸਾਂਝ ਦੀ ਉਦਾਹਰਣ ਕਾਇਮ ਕੀਤੀ ਹੈ। ਸਾਡੇ ਪ੍ਰਧਾਨ ਮੰਤਰੀ ਸਾਹਿਬ ਜਿੱਥੇ ਅਫਗਾਨਿਸਤਾਨ ਦੇ ਭੁਚਾਲ ਦਾ ਫਿਕਰ ਕਰ ਰਹੇ ਹਨ, ਉਥੇ ਪੰਜਾਬ ਦੇ ਇਸ ਹਾਲਤ ਨੂੰ ਰਾਸ਼ਟਰੀ ਆਪਦਾ ਐਲਾਣ ਕੇ ਪੰਜਾਬ ਅਤੇ ਬਾਕੀ ਰਾਜਾਂ ਦੇ ਲੋਕਾਂ ਨੂੰ ਡੁੱਬਣ ਤੋਂ ਬਚਾਉਂਦੇ ਅਤੇ ਪੀੜਤਾਂ ਨੂੰ ਵੱਡੀ ਰਾਹਤ ਦਿੰਦੇ, ਪਰ ਹੁਣ ਜਦੋਂ 50 ਫੀਸਦੀ ਤੋਂ ਵੱਧ ਪਾਣੀ ਲੱਥ ਚੁੱਕਾ ਹੈ। ਲੋਕਾਂ ਨੇ ਆਪਣੇ ਜੁਗਾੜਾਂ ਨਾਲ ਸਥਾਨਕ ਸੰਸਥਾਵਾਂ ਦੇ ਸਹਿਯੋਗ ਨਾਲ ਦੇਸ਼ ਭਰ ਦੇ ਸੈਲੀਬਰੀਟੀਜ਼ ਅਤੇ ਧਾਰਮਕ ਭਾਈਚਾਰੇ ਆਦਿ ਦੇ ਉਦਮਾਂ ਨਾਲ ਪੰਜਾਬ ਪੈਰਾਂ 'ਤੇ ਆ ਰਿਹਾ ਹੈ। ਸਾਡੇ ਪ੍ਰਧਾਨ ਮੰਤਰੀ ਪੰਜਾਬ ਦਾ ਦੌਰਾ ਕਰਕੇ ਗਏ ਹਨ।

ਪਹਿਲਗਾਮ ਬੇਸਰਨ ਘਾਟੀ ਦੀ ਟਾਰਗਟ ਕਿਲਿੰਗ ਦੀ ਆਫਤ ਤੋਂ ਬਾਅਦ ਭਾਰਤ ਲਗਾਤਾਰ ਮਾੜੇ ਦੌਰ ਵਿੱਚੋਂ ਲੰਘ ਰਿਹਾ ਹੈ। ਅਪਰੇਸ਼ਨ ਸਿੰਧੂਰ ਦੇ ਬੈਨਰ ਹੇਠ ਪਾਕਿਸਤਾਨ ਨਾਲ ਜੰਗ ਜਿੱਤ ਕੇ ਵੀ ਅਸੀ ਹਾਰੇ ਹੋਏ ਮਹਿਸੂਸ ਕਰ ਰਹੇ ਹਾਂ। ਅੱਤਵਾਦ ਦੀ ਇਸ ਟਾਰਗਟ ਕਿਲਿੰਗ ਦੀ ਇਸ ਕੋਝੀ ਸਾਜ਼ਿਸ਼ ਨੂੰ ਵੀ ਅਸੀਂ ਹਿੰਦੂ-ਮੁਸਲਿਮ ਕਰਨ ਦੀ ਕੋਸ਼ਿਸ਼ ਕੀਤੀ, ਜਦੋਂ ਕਿ ਉਥੇ ਬਾਕੀ ਧਰਮਾਂ ਦੇ ਲੋਕ ਵੀ ਸ਼ਹੀਦ ਹੋਏ ਅਤੇ ਬਹੁਤੇ ਲੋਕਾਂ ਦੀ ਜਾਨ ਮੁਸਲਮਾਨ ਵੀਰਾਂ ਨੇ ਬਚਾਈ, ਪਰ ਭਾਈਚਾਰਕ ਸਾਂਝ ਜਿਹੀਆਂ ਗੱਲਾਂ ਛੱਡ ਕੇ ਹਿੰਦੂ ਰਾਸ਼ਟਰ, ਹਿੰਦੂ ਰਾਸ਼ਟਰ ਦਾ ਮੰਤਰ ਪੜ੍ਹਨ ਵਾਲੇ ਲੋਕਾਂ ਨੇ ਦੋਗਲੀ ਅਤੇ ਸੌੜੀ ਰਾਜਨੀਤੀ ਕਰਕੇ ਦੇਸ਼ ਨੂੰ ਅੰਦਰੂਨੀ ਕਮਜ਼ੋਰ ਤਾਂ ਕੀਤਾ ਹੀ ਹੈ, ਬਾਹਰੀ ਵਿਸ਼ਵੀ ਕੈਨਵਸ 'ਤੇ ਵੀ ਕਾਹੇ ਜੋਗਾ ਨਹੀ ਛੱਡਿਆ। ਅਮਰੀਕਾ ਨੇ ਸਾਡੇ ਤੋਂ ਅੱਖਾਂ ਫੇਰ ਲਈਆਂ ਹਨ। ਰਸ਼ੀਆ ਸਾਡਾ ਹੱਥ ਹੁਣ ਢਿਲੇਂ ਹੱਥੀਂ ਫੜ ਰਿਹਾ ਹੈ। ਚੀਨ 'ਤੇ ਅਸੀ ਵਿਸ਼ਵਾਸ ਨਹੀ ਕਰ ਸਕਦੇ। ਇਜ਼ਰਾਇਲ ਨਾਲ ਅਸੀਂ ਆਪਣੇ ਆਪ ਨੂੰ ਐਵੇਂ ਅਤੇ ਆਪੇ ਜੋੜੀ ਜਾ ਰਹੇ ਹਾਂ ਅਤੇ ਈਰਾਨ, ਜੋ ਸਾਡਾ ਦੁੱਖ-ਸੁੱਖ ਦਾ ਭਾਗੀ ਹੈ, ਉਸ 'ਤੇ ਅਸੀ ਉਸ ਦੀ ਮੁਸੀਬਤ ਵੇਲੇ ਚੁੱਪੀ ਧਾਰ ਕੇ ਬੈਠੇ ਗਏ। ਸਾਡੀ ਵਿਦੇਸ਼ ਨੀਤੀ ਜਿਵੇਂ ਇਕ ਘੁੰਮਣ-ਘੇਰੀ ਵਿਚ ਫਸ ਚੁੱਕੀ ਹੈ।

ਪਾਰਦਰਸ਼ਿਤਾ ਅਤੇ ਬੋਲਣ ਦੀ ਆਜ਼ਾਦੀ ਲੋਕਤੰਤਰ ਦੀ ਖਾਸ ਅਤੇ ਅਹਿਮ ਵਿਸ਼ੇਸ਼ਤਾ ਹੈ, ਜੋ ਕੁਝ ਸਾਲਾਂ ਤੋ ਸੰਵਿਧਾਨ ਦੇ ਹੁੰਦਿਆਂ-ਸੁੰਦਿਆਂ ਵੀ ਛਿੱਕੇ ਟੰਗੀ ਜਾ ਰਹੀ ਹੈ। ਕਿਹੜਾ ਦੇਸ਼ ਹੋਵੇਗਾ, ਜਿਸ ਦਾ ਉੱਪ ਰਾਸ਼ਟਰਪਤੀ ਸਵੇਰ ਤੋਂ ਸ਼ਾਮ ਆਪਣੇ ਰੋਜ਼ਾਨਾ ਦੀ ਡਿਊਟੀ ਪੂਰੀ ਮੁਸ਼ਤੈਦੀ ਨਾਲ ਕਰੇ ਅਤੇ ਅਗਲੇ ਪਲ ਉਸ ਦਾ ਸਿਹਤ ਖਰਾਬ ਕਾਰਨ ਅਸਤੀਫਾ ਆ ਜਾਏ ਅਤੇ ਮਹੀਨੇ ਤੋਂ ਵੱਧ ਅੰਤਰਾਲ ਹੋਣ ਦੇ ਬਾਵਜੂਦ ਦੇਸ਼ ਦੀ ਉੱਚ ਪਦਵੀ ਦੇ ਦੂਸਰੇ ਸਥਾਨ 'ਤੇ ਬੈਠੀ ਹਸਤੀ ਦਾ ਕੁਝ ਪਤਾ ਵੀ ਨਾ ਚੱਲੇ। ਉਸ ਦੇ ਇਲਾਜ ਵਾਲੇ ਥਾਂ ਵੀ ਨਾ ਪਤਾ ਲੱਗੇ ਅਤੇ ਉਸ ਨੂੰ ਕੋਈ ਮਿਲ ਵੀ ਨਾ ਸਕੇ, ਇਥੋਂ ਤੱਕ ਕਿ ਉਸ ਦੇ ਪਰਵਾਰ ਨੂੰ ਵੀ ਨਾ ਮਿਲਣ ਦਿੱਤਾ ਜਾਵੇ। ਪਰਦਾ ਇਸ ਕਦਰ ਮੋਟਾ ਹੋਵੇ ਕਿ ਉਸ ਦਾ ਆਪਣਾ ਰਾਸ਼ਟਰਪਤੀ ਦਫਤਰ ਕੁਝ ਨਾ ਦੱਸ ਪਾਵੇ।

ਜੇ ਗੱਲ ਬੋਲਣ ਦੀ ਆਜ਼ਾਦੀ ਦੀ ਕਰੀਏ ਤਾਂ ਸੰਵਿਧਾਨ ਵਿਚ ਵਿਚਾਰਾਂ ਦਾ ਪ੍ਰਗਟਾਵਾ ਲੋਕਤੰਤਰ ਦੀ ਤੰਦਰੁਸਤ ਸਿਹਤ ਲਈ ਬਹੁਤ ਜ਼ਰੂਰੀ ਹੈ। ਵਾਦ-ਵਿਵਾਦ ਅਤੇ ਸੰਵਾਦ ਵਿਚਾਰ ਪ੍ਰਗਟਾਵੇ ਦੀ ਸਭ ਤੋ ਬਿਹਤਰ ਕਿਰਿਆ ਹੈ। ਮੰਨਿਆ ਜਾਂਦਾ ਹੈ ਕਿ ਵਿਰੋਧ ਵਿਚ ਹੀ ਵਿਕਾਸ ਹੈ, ਕਿਉਂਕਿ ਅਲੋਚਨਾ ਸੰਵਾਦ ਨੂੰ ਅੱਗੇ ਤੋਰਦੀ ਹੈ। ਇਹ ਕੰਮ ਹੁੰਦਾ ਸਰਕਾਰਾ ਦਾ ਚੌਥਾ ਥੰਮ੍ਹ ਕਹੇ ਜਾਣ ਵਾਲੇ ਮੀਡੀਏ ਦਾ, ਪਰ ਜੱਗ ਜ਼ਾਹਿਰ ਹੈ ਕਿ ਭਾਰਤ ਦਾ ਮੁੱਖ ਸਟਰੀਮ ਮੀਡੀਆ ਹੁਣ ਗੋਦੀ ਮੀਡੀਏ ਦੇ ਨਾਂਅ ਨਾਲ ਮਸ਼ਹੂਰ ਹੋ ਚੁੱਕਾ ਹੈ। ਉਹ ਲੋਕਾਂ ਦੇ ਮੰਨ ਦੀ ਬਾਤ ਨਹੀ ਆਪਣੇ ਆਕਾ ਦੇ ਮਨਭਾਉਂਦਾ ਪੇਸ਼ ਕਰਦਾ ਹੈ। ਸੁਤੰਤਰ ਮੀਡੀਆ ਅਤੇ ਕੁਝ ਯੂਟਿਊਬਰਜ਼ ਨੂੰ ਸਲੂਟ ਕਰਨਾ ਬਣਦਾ ਹੈ, ਜੋ ਆਪਣੇ ਸੀਮਿਤ ਸਾਧਨਾਂ ਨਾਲ ਦੇ ਬਾਵਜੂਦ ਕੁਝ ਤਿੱਖੇ ਅਤੇ ਸਿੱਧੇ ਸਵਾਲ ਖੜੇ ਕਰ ਰਿਹਾ ਹੈ ਅਤੇ ਗਰਾਉਂਡ ਲੈਵਲ 'ਤੇ ਲੋਕਾਂ ਦੇ ਮੁੱਦੇ ਉਜਾਗਰ ਕਰ ਰਿਹਾ ਹੈ।

ਵੋਟ ਲੋਕਤੰਤਰ ਦੇ ਮਜ਼ਬੂਤ ਕਿਲ੍ਹੇ ਦੀ ਚਾਬੀ ਹੁੰਦੀ ਹੈ। ਭਾਰਤੀ ਸੰਵਿਧਾਨ ਦੀ ਖੂਬਸੂਰਤੀ ਹੈ ਕਿ 18 ਸਾਲ ਪੂਰੇ ਹੁੰਦਿਆਂ ਹੀ ਬਿਨਾਂ ਕਿਸੇ ਭੇਦਭਾਵ ਦੇ ਦੇਸ਼ ਦੇ ਹਰ ਨਾਗਰਿਕ ਨੂੰ ਇਸ ਚਾਬੀ ਦਾ ਅਧਿਕਾਰ ਮਿਲ ਜਾਂਦਾਂ ਹੈ, ਪਰ ਜੇ ਇਹ ਚਾਬੀ ਹੀ ਚੋਰੀ ਹੋ ਜਾਏ ਤਾਂ ਸਮਝੋ ਲੋਕਤੰਤਰ ਲੁੱਟਿਆ ਗਿਆ। ਰਾਹੁਲ ਗਾਂਧੀ ਦਾ ਦਾਅਵਾ ਅਤੇ ਵੋਟ ਚੋਰੀ ਦਾ ਨਾਅਰਾ ਸਾਰੇ ਦੇਸ਼ ਗੂੰਜ ਰਿਹਾ ਹੈ। ਉਹਨਾ ਦਾ ਇਹ ਸਟੇਟਮੈਂਟ ਬਿਲਕੁਲ ਸਹੀ ਹੈ ਕਿ ਵੋਟ ਚੋਰੀ ਦਾ ਮਤਲਬ ਅਧਿਕਾਰ ਚੋਰੀ ਹੈ, ਵੋਟ ਚੋਰੀ ਦਾ ਮਤਲਬ ਰੋਜ਼ਗਾਰ ਚੋਰੀ ਹੈ ਅਤੇ ਵੋਟ ਚੋਰੀ ਦਾ ਮਤਲਬ ਸੰਵਿਧਾਨ ਚੋਰੀ ਹੈ ਆਦਿ। ਬਿਹਾਰ 'ਚ ਅਣ-ਐਲਾਨੀ ਐੱਸ.ਆਈ.ਆਰ. ਦੀਆਂ ਕਮੀਆਂ, ਅਣਗਹਿਲੀਆਂ ਅਤੇ ਪਰਦਾਸਾਜ਼ੀ ਨੂੰ ਚੋਣ ਕਮਿਸ਼ਨ ਸਹੀ ਠਹਿਰਾਉਣ ਦੀ ਕੋਸ਼ਿਸ਼ 'ਚ ਹੈ। ਵਿਰੋਧ ਕਰਨ ਵਾਲੇ ਪੱਤਰਕਾਰਾਂ ਨੂੰ ਡਰਾਉਣ, ਧਮਕਾਉਣ ਅਤੇ ਭਜਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਇਥੋਂ ਤੱਕ ਕਿ ਸੁਪਰੀਮ ਕੋਟ ਨੂੰ ਵੀ ਡਾਟਾ ਗੇਮ 'ਚ ਉਲਝਾਇਆ ਜਾ ਰਿਹਾ ਹੈ। ਵਿਸ਼ਵ ਭਰ 'ਚ ਕਿਸੇ ਵੀ ਦੇਸ਼ ਨੂੰ ਚੰਗਾ, ਸੁਚੱਜਾ ਅਤੇ ਸਕਰੀਏ ਬਣਾਉਣ ਅਤੇ ਚਲਾਉਣ ਲਈ ਕਿਰਤੀ, ਕਾਮੇ, ਕਰਮਚਾਰੀ ਅਤੇ ਮੁਲਾਜ਼ਮ, ਕਿਸਾਨ ਅਤੇ ਵਪਾਰੀ ਵਰਗ ਦਾ ਯੋਗਦਾਨ ਅਹਿਮ ਹੁੰਦਾ ਹੈ। ਮਨੁੱਖੀ ਸਰੀਰ 'ਚ ਜੋ ਨਸਾਂ ਦੀ ਅਹਿਮੀਯਤ ਹੁੰਦੀ ਹੈ, ਉਹੀ ਅਹਿਮੀਯਤ ਕਿਸੇ ਵੀ ਦੇਸ਼ ਦੀ ਪ੍ਰਣਾਲੀ ਨੂੰ ਬਣਾਓਣ, ਚਲਾਉਣ ਅਤੇ ਵਧਾਉਣ ਵਿਚ ਕਿਰਤੀ, ਕਾਮੇ, ਕਰਮਚਾਰੀ ਅਤੇ ਮੁਲਾਜ਼ਮ, ਕਿਸਾਨ ਅਤੇ ਵਪਾਰੀ ਆਦਿ ਦੀ ਹੁੰਦੀ ਹੈ। ਹਰ ਸਾਲ ਦੋ ਕਰੋੜ ਰੋਜ਼ਗਾਰ ਦੇਣ ਦਾ ਦਾਅਵਾ ਕਰਨ ਵਾਲੀ ਸਰਕਾਰ ਦੇ ਕਈ ਜਲਵੇ ਕਹੇ ਜਾਣ ਵਾਲੇ ਵਾਅਦੇ ਜੁਮਲੇ ਸਾਬਿਤ ਹੋ ਚੁੱਕੇ ਹਨ। ਉਲਟਾ ਵੱਡੇ ਪੱਧਰ 'ਤੇ ਰੋਜ਼ਗਾਰ ਖੁਸ ਰਹੇ ਹਨ। ਮੇਕ ਇੰਡੀਆ ਬਸ ਸਿੰਬਲ ਇੰਡੀਆ ਬਣ ਕੇ ਰਹਿ ਗਿਆ ਹੈ। ਅਮਰੀਕਾ ਦੇ 50ਫੀਸਦੀ ਟੈਰਿਫ ਲਗਾਉਣ ਤੋਂ ਬਾਅਦ ਲੱਖਾਂ ਲੋਕ ਬੇਰੋਜ਼ਗਾਰ ਹੋਣ ਕਿਨਾਰੇ ਹਨ ਅਤੇ ਹਜ਼ਾਰਾਂ ਹੋ ਚੁੱਕੇ ਹਨ।

ਗਲੋਬਲਾਈਜ਼ੇਸ਼ਨ ਦੇ ਦੌਰ 'ਚ ਹਰ ਬੰਦਾ ਅੰਤਰਰਾਸ਼ਟਰੀ ਤੁਲਨਾਤਮਕ ਸੋਚ ਰਖਦਾ ਹੈ। ਸਵਦੇਸ਼ੀ ਦਾ ਅਲਾਪ ਕਲਪਨਾ ਮਾਤਰ ਹੈ। ਹਿੰਦੂ-ਮੁਸਲਿਮ ਕਰਕੇ, ਘੱਟ ਗਿਣਤੀਆਂ ਨੂੰ ਸਤਾਅ ਕੇ ਜਾਂ ਡਰਾ ਕੇ ਦੇਸ਼ ਅੱਗੇ ਨਹੀ ਵਧ ਸਕਦਾ। ਵੱਡੇ ਪੱਧਰ 'ਤੇ ਬਿਨਾਂ ਭੇਦ-ਭਾਵ ਹਰ ਖੇਤਰ ਵਿਚ ਰਿਫਾਰਮ (ਭਲਾਈ) ਕਰਨ ਦੀ ਲੋੜ ਹੈ। ਆਫਤਾਂ ਨਾਲ ਪੰਜਾਬ ਵਾਂਗ ਹੀ ਲੜਿਆ ਜਾ ਸਕਦਾ, ਜਿਵੇਂ ਸਾਰੇ ਭਾਈਚਾਰੇ ਇਕੱਠੇ ਹੋ ਕੇ ਲੜ ਰਹੇ ਹਨ। ਇਸ ਤਰ੍ਹਾਂ ਦਾ ਹੀ ਏਕਾ ਕਿਸਾਨੀ ਅੰਦੋਲਨ ਵੇਲੇ ਵੀ ਸਾਹਮਣੇ ਅਇਆ ਸੀ। ਦੇਸ਼ ਵਿਚ ਡਰਾਉਣੇ ਅੰਜ਼ਾਮ ਨੂੰ ਲੈ ਕੇ ਪਨਪ ਰਹੀਆਂ ਅਲਾਮਤਾਂ ਅਤੇ ਆਫਤਾਂ ਨਾਲ ਜਿੱਥੇ ਵੱਡੇ ਪੱਧਰ 'ਤੇ ਰੋਜ਼ਗਾਰ ਅਤੇ ਵਪਾਰ ਦੀ ਲੋੜ ਹੈ, ਉੱਥੇ ਏਕਤਾ ਅਤੇ ਧਾਰਮਿਕ ਭਾਈਚਾਰਕ ਸਾਂਝ ਦੀ ਮਜ਼ਬੂਤੀ ਦੀ ਲੋੜ ਹੈ।

ਪਿਛਲੇ ਕੁਝ ਦਿਨਾਂ ਤੋਂ ਹੀ ਨਹੀ ਬਲਕਿ ਕੁਝ ਮਹੀਨਿਆਂ ਤੋਂ ਭਾਰਤ ਇਕ ਅਜੀਬ ਜਿਹੀ ਸਥਿਤੀ ਵਿਚੋਂ ਲੰਘ ਰਿਹਾ ਹੈ। ਪ੍ਰਸਥਿਤੀਆਂ ਭਾਵੇਂ ਅੰਦਰੂਨੀ ਹੋਣ ਜਾਂ ਬਾਹਰੀ, ਰੇਤ ਵਾਂਗ ਮੁੱਠੀ ਵਿੱਚੋਂ ਪਲ-ਪਲ ਖਿਸਕ ਰਹੀਆਂ ਹਨ। ਕਿਸੇ ਪਾਸੇ ਰਾਹਤ ਅਤੇ ਰਿਆਇਤ ਨਜ਼ਰ ਨਹੀ ਆ ਰਹੀ। ਭਾਵੇਂ ਉਹ ਕੁਦਰਤ ਦਾ ਕਹਿਰ ਹੈ ਜਾਂ ਭਾਵੇ ਅਮਰੀਕੀ ਟੈਰਿਫ ਦਾ ਟੈਰਰ ਹੈ। ਇਹਨਾਂ ਦੋਹਾਂ ਦੇ ਵਿਚ-ਵਿਚਾਲੇ ਦੇਸ਼ ਦੇ ਅੰਦਰੂਨੀ ਹਾਲਾਤ ਵੀ ਨਾਸਾਜ਼ ਹਨ। ਕਹਿੰਦੇ ਹਨ ਮਾੜੇ ਦਿਨ ਮੜ੍ਹੀਆਂ ਦੇ ਵੀ ਨਾ ਆਉਣ।

**# ਸੰਪਰਕ : 98782-61522**

# ਮੀਂਹ ਨਾਲ ਹਜਾਰਾ ਸਿੰਘ ਵਾਲਾ ਤੇ ਲਖਮੀਰ ਕੇ ਉਤਾੜ 'ਚ ਵਿਧਵਾਵਾਂ ਦੇ ਮਕਾਨ ਡਿੱਗੇ



**ਮਮਦੋਟ (ਜਸਬੀਰ ਸਿੰਘ ਕੰਬੋਜ)**

ਪਿਛਲੇ ਕਈ ਦਿਨਾਂ ਤੋਂ ਪੈ ਰਹੀ ਤੇਜ ਬਾਰਿਸ਼ ਕਾਰਨ ਜਿਥੇ ਪੰਜਾਬ ਦਾ ਵੱਡਾ ਹਿਸਾ ਹੜ੍ਹਾਂ ਦੀ ਲਪੇਟ ਵਿੱਚ ਹੈ, ਉਥੇ ਗ਼ਰੀਬ ਘਰਾਂ ਦੇ ਕੰਧਾਂ ਕੋਠੇ ਡਿੱਗਣ ਦਾ ਸਿਲਸਲਾ ਵੀ ਲਗਾਤਾਰ ਜਾਰੀ ਹੈ। ਹਲਕਾ ਫ਼ਿਰੋਜ਼ਪੁਰ ਦਿਹਾਤੀ ਅਧੀਨ ਆਉਂਦੇ ਬਲਾਕ ਮਮਦੋਟ ਦੇ ਪਿੰਡ ਲਖਮੀਰ ਕੇ ਉਤਾੜ ਉਰਫ ਭੱਟੀਆਂ ਵਿਖੇ ਅਤਿ ਗਰੀਬ ਔਰਤ ਬਿੰਦਰ ਵਿਧਵਾ ਗੁਰਦੀਪ (ਗਵਿੰਦਾ) ਦੀਆਂ ਕੰਧਾਂ ਇਸ ਬਾਰਿਸ਼ ਨਾਲ ਬੁਰੀ ਤਰ੍ਹਾਂ ਢਹਿ-ਢੇਰੀ ਹੋ ਗਈਆਂ ਤੇ ਖਸਤਾ ਹਾਲਤ ਇੱਕੋ ਇੱਕ ਕਮਰੇ ਨੂੰ ਵੀ ਤਰੇੜਾਂ ਆਂ ਗਈਆਂ, ਜੋ ਕਿਸੇ ਵੇਲੇ ਵੀ ਡਿੱਗ ਸਕਦਾ ਹੈ।

ਵਿਧਵਾ ਬਿੰਦਰ ਨੇ ਦੱਸਿਆ ਕਿ ਉਸ ਨੂੰ ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਹੁਣ ਤੱਕ ਕੋਈ ਵੀ ਸਹੂਲਤ ਪ੍ਰਾਪਤ ਨਹੀਂ ਹੋਈ ਹੈ, ਜਿਸ ਕਾਰਨ ਉਸਨੂੰ ਅਤਿ ਗ਼ਰੀਬੀ ਦੀ ਹਾਲਤ ਵਿੱਚ ਖਸਤਾ ਹਾਲਤ ਮਕਾਨ ਵਿੱਚ ਰਹਿਣਾ ਪੈ ਰਿਹੈ ਹੈ। ਪਿੰਡ ਦੀ ਮਹਿਲਾ ਸਰਪੰਚ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਇਸ ਪਿੰਡ ਦੀ ਪੰਚਾਇਤ ਤੇ ਨਗਰ ਪੰਚਾਇਤ ਮਮਦੋਟ ਵਿਚਕਾਰ ਵੋਟਾਂ ਨੂੰ ਲੈ ਕੇ ਮਸਲਾ ਅਦਾਲਤ ਵਿੱਚ ਚੱਲ ਰਿਹਾ ਸੀ, ਜਿਸ 'ਤੇ ਮਾਣਯੋਗ ਅਦਾਲਤ ਦੇ ਹੁਕਮਾਂ ਤੇ ਥੋੜ੍ਹਾ ਸਮਾਂ ਪਹਿਲਾਂ ਹੀ ਪੰਚਾਇਤ ਦੀ ਚੋਣ ਹੋ ਸਕੀ ਹੈ। ਇਸੇ ਤਰ੍ਹਾਂ ਪਿੰਡ ਹਜਾਰਾ ਸਿੰਘ ਵਾਲਾ ਵਿਖੇ ਇਕ ਹੋਰ ਅਤਿ ਗਰੀਬ ਬਜ਼ੁਰਗ ਵਿਧਵਾ ਊਸ਼ਾ ਪਤਨੀ ਸਵ: ਮਹਿੰਦਰ ਸਿੰਘ ਦੇ ਮਕਾਨ ਦੀ ਟਾਇਲ ਬਾਲਿਆਂ ਦੀ ਛੱਤ ਖਸਤਾ ਹਾਲ ਹੋਣ ਕਾਰਨ ਟਾਇਲ ਬਾਲੇ ਟੁੱਟ ਕੇ ਮਕਾਨ ਦੀ ਸਾਰੀ ਛੱਤ ਡਿੱਗਣ ਕਾਰਨ ਮੰਜੇ ਬਿਸਤਰੇ, ਬਰਤਨ ਤੇ ਘੇਰਲੂ ਸਾਰਾ ਸਮਾਨ ਤਬਾਹ ਹੋ ਗਿਆ।ਸਰਪੰਚ ਗੁਰਨਾਮ ਸਿੰਘ ਤੇ ਪੰਚਾਇਤ ਮੈਂਬਰਾਂ ਵੱਲੋਂ ਡਿੱਗੇ ਕੱਚੇ ਮਕਾਨ ਦਾ ਮੌਕਾ ਦੇਖਿਆ ਗਿਆ ਹੈ। ਪੰਚਾਇਤ ਨੇ ਦੱਸਿਆ ਕਿ ਵਿਧਵਾ ਊਸ਼ਾ ਬੀਬੀ ਦੇ ਮਕਾਨ ਦੀ ਛੱਤ ਡਿੱਗਣ ਕਾਰਨ ਪੇਟੀ, ਮੰਜੇ ਬਿਸਤਰੇ, ਬਰਤਨ ਘਰੇਲੂ ਸਮਾਨ ਦਾ ਨੁਕਸਾਨ ਵੀ ਹੋ ਗਿਆ ਹੈ।

ਉਨ੍ਹਾਂ ਦੱਸਿਆ ਕਿ ਬਾਰਿਸ਼ ਨਾਲ ਨੁਕਸਾਨੇ ਗਏ ਮਕਾਨਾਂ ਤੇ ਦੀਵਾਰਾਂ ਆਦਿ ਦੀ ਲਿਸਟ ਬਣਾ ਕੇ ਜ਼ਿਲ੍ਹਾ ਪ੍ਰਸ਼ਾਸਨ ਤੇ ਐਡਵੋਕੇਟ ਰਜਨੀਸ਼ ਦਹੀਆ ਐੱਮ ਐੱਲ ਏ ਨੂੰ ਜਾਣੂ ਕਰਾਇਆ ਜਾਵੇਗਾ ਤਾਂ ਜੁ ਪੰਜਾਬ ਸਰਕਾਰ ਵੱਲੋਂ ਜਾਂ ਕੇਂਦਰ ਸਰਕਾਰ ਵੱਲੋਂ ਭੇਜੀ ਜਾ ਰਹੀ ਸਹਾਇਤਾ ਰਾਸ਼ੀ ਵਿੱਚੋਂ ਇਨ੍ਹਾਂ ਗ਼ਰੀਬ ਪਰਵਾਰ ਦੇ ਮਕਾਨ ਅਤੇ ਢਹਿ-ਢੇਰੀ ਹੋ ਚੁੱਕੀਆਂ ਦੀਵਾਰਾਂ ਵਾਸਤੇ ਰਾਸ਼ੀ ਜਾਰੀ ਕਰਾਈ ਜਾ ਸਕੇ।

## ਮੀਂਹ ਨਾਲ ਕਮਰਾ ਡਿੱਗਾ, ਪਰਵਾਰ ਅਸਮਾਨ ਥੱਲੇ ਰਹਿਣ ਲਈ ਮਜਬੂਰ



ਪਿੰਡ ਫਲੀਆਵਾਲਾ ਵਿਖੇ ਡਿੱਗੇ ਕਮਰੇ ਬਾਰੇ ਜਾਣਕਾਰੀ ਦਿੰਦਾ ਹੋਇਆ ਪੀੜਿਤ ਵਿਅਕਤੀ ਅਤੇ ਅੰਦਰ ਪਿਆ ਸਮਾਨ।

**ਜਲਾਲਾਬਾਦ (ਜੀਤ ਕੁਮਾਰ)**-ਬਰਸਾਤਾਂ ਦੇ ਕਹਿਰ ਦੇ ਚਲਦੇ ਪਿੰਡ ਚੱਕ ਅਰਾਈਆਂਵਾਲਾ ਉਰਫ ਫ਼ਲੀਆਂਵਾਲਾ ਵਿਖੇ ਇੱਕ ਗ਼ਰੀਬ ਪਰਵਾਰ ਦਾ ਕਮਰਾ ਡਿੱਗ ਗਿਆ, ਜਿਸ ਨਾਲ ਉਸਦੇ ਅੰਦਰ ਪਏ ਸਮਾਨ ਦਾ ਵੀ ਨੁਕਸਾਨ ਹੋ ਗਿਆ। ਪੀੜਿਤ ਵਿਅਕਤੀ ਕੁਲਵੰਤ ਸਿੰਘ ਪੁੱਤਰ ਅਰਜਨ ਸਿੰਘ ਨੇ ਦੱਸਿਆ ਕਿ ਮੀਂਹ ਤੋਂ ਬਾਅਦ ਇਕਦਮ ਧੁੱਪ ਨਿਕਲਣ ਦੇ ਬਾਅਦ ਉਸਦਾ ਕਮਰਾ ਡਿੱਗ ਪਿਆ ਤੇ ਇਸ ਦੌਰਾਨ ਕਮਰੇ ਅੰਦਰ ਪਿਆ ਸਾਰਾ ਸਮਾਨ ਵੀ ਨੁਕਸਾਨਿਆ ਗਿਆ ਹੈ। ਹੁਣ ਉਹ ਖੁੱਲ੍ਹੇ ਅਸਮਾਨ ਥੱਲੇ ਰਹਿਣ ਲਈ ਮਜਬੂਰ ਹੋ ਗਿਆ ਹੈ। ਪੀੜਤ ਵਿਅਕਤੀ ਕੁਲਵੰਤ ਸਿੰਘ ਨੇ ਕਿਹਾ ਕਿ ਉਹ ਮਜ਼ਦੂਰੀ ਕਰਦਾ ਹੈ ਅਤੇ ਮਹਿੰਗਾਈ ਦੇ ਦੌਰ ਵਿੱਚ ਉਹ ਆਪਣੇ ਰਹਿਣ ਲਈ ਕਮਰਾ ਬਣਾਉਣ ਤੋਂ ਅਸਮਰਥ ਹੈ। ਇਸ ਲਈ ਉਸਨੇ ਸਰਕਾਰ ਤੇ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਕਿ ਉਸਨੂੰ ਨਵਾਂ ਕਮਰਾ ਬਣਉਣ ਲਈ ਮੁਆਵਜ਼ਾ ਦਿੱਤਾ ਜਾਵੇ ਤਾਂ ਜੁ ਉਹ ਆਪਣੇ ਰਹਿਣ ਦਾ ਪ੍ਰਬੰਧ ਕਰ ਸਕੇ।

## ਰਾਜਨੀਤਕ ਦਬਾਅ ਹੇਠ ਕੰਮ ਕਰ ਰਿਹਾ ਸਿਵਲ ਤੇ ਪੁਲਸ ਪ੍ਰਸ਼ਾਸਨ

**ਜੈਤੋ (ਸਤੀਸ਼ ਕੁਮਾਰ ਭੀਰੀ)**-ਪੰਜਾਬ ਦੇ ਆਮ ਲੋਕ ਹੀ ਨਹੀਂ ਬਲਕਿ ਉੱਚ ਅਧਿਕਾਰੀ ਵੀ ਅੱਜਕੱਲ੍ਹ ਸੱਤਾਧਾਰੀ ਧਿਰ ਦੇ ਰਾਜਨੀਤਕ ਦਬਾਅ ਹੇਠ ਕੰਮ ਕਰਨ ਲਈ ਮਜਬੂਰ ਨਜ਼ਰ ਆ ਰਹੇ ਹਨ। ਸੱਚ ਬੋਲਣ ਵਾਲਾ ਪੱਤਰਕਾਰ, ਵਪਾਰੀ ਜਾਂ ਸਮਾਜਸੇਵੀ ਹੋਵੇ, ਉਨ੍ਹਾਂ ਵਿਰੁੱਧ ਛੋਟੀ ਜਿਹੀ ਵੀ ਝੂਠੀ ਸ਼ਿਕਾਇਤ ਆਉਂਦੀ ਹੈ ਤਾਂ ਤੁਰੰਤ ਕਾਰਵਾਈ ਹੁੰਦੀ ਹੈ ਤੇ ਅੰਤ ਵਿੱਚ ਦਬਾਅ ਅਧੀਨ ਕਈ ਵਾਰ ਪਰਚੇ ਵੀ ਦਰਜ ਕਰ ਦਿੱਤੇ ਜਾਂਦੇ ਹਨ। ਪਰ ਜਦੋਂ ਕਿਸੇ ਹਾਕਮ ਧਿਰ ਖਿਲਾਫ ਅਸਲ ਅਤੇ ਗੰਭੀਰ ਦੋਸ਼ਾਂ ਵਾਲੀ ਸ਼ਿਕਾਇਤ ਹੁੰਦੀ ਹੈ ਤਾਂ ਉਸ ਨੂੰ ਰੱਦੀ ਦੀ ਟੋਕਰੀ ਵਿੱਚ ਸੁੱਟ ਦਿੱਤਾ ਜਾਂਦਾ ਹੈ ਤੇ ਦੋਸ਼ ਲਾਉਣ ਵਾਲੇ ਨੂੰ ਸ਼ਿਕਾਇਤ ਵਾਪਸ ਲਏ ਜਾਣ ਤੱਕ ਝੂਠੇ ਦੋਸ਼ਾਂ ਤਹਿਤ ਹਰਾਸਮੈਂਟ ਚਾਲੂ ਕਰ ਦਿੱਤੀ ਜਾਂਦੀ ਹੈ।ਇਹੀ ਹਾਲਤ ਜੈਤੋ ਦੇ ਨਗਰ ਕੌਂਸਲ ਪ੍ਰਧਾਨ ਹਰੀਸ਼ ਚੰਦਰ ਦੇ ਮਾਮਲੇ ਵਿੱਚ ਵੀ ਹੈ। ਉਸ ਵੱਲੋਂ ਖੁਦ ਨੂੰ ਡਾਕਟਰ ਅਤੇ ਮਲਟੀਸਪੈਸ਼ਲਿਸਟ ਵਜੋਂ ਪ੍ਰਚਾਰਿਤ ਕੀਤਾ ਗਿਆ ਹੈ, ਜਦਕਿ ਉਸ ਕੋਲ ਕਿਸੇ ਵੀ ਮਾਨਤਾ ਪ੍ਰਾਪਤ ਅਦਾਰੇ ਵੱਲੋਂ ਜਾਰੀ ਕੀਤੀ ਡਾਕਟਰੀ ਜਾਂ ਵੈਦ ਦੀ ਡਿਗਰੀ ਮੌਜੂਦ ਨਹੀਂ। ਗਰੀਬ ਤੇ ਲੋੜਵੰਦ ਲੋਕਾਂ ਦੀ ਜ਼ਿੰਦਗੀ ਨਾਲ ਖਿਲਵਾੜ ਕਰਨ ਦੇ ਬਾਵਜੂਦ ਪ੍ਰਸ਼ਾਸਨ ਨੇ ਅਜੇ ਤੱਕ ਕੋਈ ਕਾਰਵਾਈ ਨਹੀਂ ਕੀਤੀ।

ਦੂਜੇ ਪਾਸੇ, ਹਰੀਸ਼ ਚੰਦਰ ਵੱਲੋਂ ਝੂਠੀਆਂ ਸ਼ਿਕਾਇਤਾਂ ਕਰਕੇ ਇਮਾਨਦਾਰ ਲੋਕਾਂ, ਪੱਤਰਕਾਰਾਂ ਅਤੇ ਸਮਾਜਸੇਵੀਆਂ ਨੂੰ ਤੰਗ-ਪਰੇਸ਼ਾਨ ਕੀਤਾ ਜਾ ਰਿਹਾ ਹੈ। ਉਨ੍ਹਾਂ ਵਿਰੁੱਧ ਤੁਰੰਤ ਕਾਰਵਾਈ ਹੁੰਦੀ ਹੈ, ਜਦਕਿ ਹਰੀਸ਼ ਚੰਦਰ ਦੇ ਖਿਲਾਫ਼ ਕੀਤੀਆਂ ਸ਼ਿਕਾਇਤਾਂ ਮਹੀਨਿਆਂ ਤੱਕ ਅਣਗੌਲੀਆਂ ਰਹਿੰਦੀਆਂ ਹਨ। ਇਹ ਸਿਰਫ਼ ਦੋਹਰਾ ਮਾਪਦੰਡ ਨਹੀਂ, ਸਗੋਂ ਸੱਚ ਬੋਲਣ ਵਾਲਿਆਂ ਨੂੰ ਚੁੱਪ ਕਰਨ ਦੀ ਰਾਜਨੀਤਕ ਸਾਜ਼ਿਸ਼ ਹੈ।ਐਡਵੋਕੇਟ ਸਤੀਸ਼ ਕੁਮਾਰ ਭੀਰੀ ਵੱਲੋਂ ਤਿੰਨ ਮਹੀਨੇ ਪਹਿਲਾਂ ਉੱਚ ਅਧਿਕਾਰੀਆਂ ਨੂੰ ਹਰੀਸ਼ ਚੰਦਰ ਦੀ ਝੂਠੀ ਡਿਗਰੀ ਦੇ ਮਾਮਲੇ 'ਚ ਸ਼ਿਕਾਇਤ ਕੀਤੀ ਗਈ ਸੀ। ਪਰ ਉਸ 'ਤੇ ਅੱਜ ਤੱਕ ਕੋਈ ਕਾਰਵਾਈ ਨਹੀਂ ਹੋਈ। ਇਸਦੇ ਉਲਟ, ਹਰੀਸ਼ ਚੰਦਰ ਵੱਲੋਂ ਕੀਤੀਆਂ ਕਾਗਜ਼ੀ ਅਤੇ ਝੂਠੀਆਂ ਸ਼ਿਕਾਇਤਾਂ 'ਤੇ ਪ੍ਰਸ਼ਾਸਨ ਵੱਲੋਂ ਤੁਰੰਤ ਕਾਰਵਾਈ ਕੀਤੀ ਜਾ ਰਹੀ ਹੈ। ਐਡਵੋਕੇਟ ਸਤੀਸ਼ ਕੁਮਾਰ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਅਪੀਲ ਕਰਦਿਆਂ ਕਿਹਾ ਕਿ ਹਰੀਸ਼ ਚੰਦਰ ਵੱਲੋਂ ਆਪਣੇ ਆਪ ਨੂੰ ਮਲਟੀਸਪੈਸ਼ਲਿਸਟ ਡਾਕਟਰ ਵੈਦ ਲਿਖਣ ਨਾਲ ਨਾ ਕੇਵਲ ਲੋਕਾਂ ਦੀਆਂ ਜ਼ਿੰਦਗੀਆਂ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ ਬਲਕਿ ਉਸ ਦੇ ਇਸ ਤਰ੍ਹਾਂ ਕਰਨ ਨਾਲ ਪਾਰਟੀ ਦੀ ਵੀ ਕਿਰਕਿਰੀ ਹੋ ਰਹੀ ਹੈ।

## ਲਿੰਕ ਸੜਕਾਂ ਦੀ ਉਸਾਰੀ ਦੇ ਕਾਰਜਾਂ ਦੀ ਸ਼ੁਰੂਆਤ



**ਸਮਾਣਾ (ਇਕਬਾਲ ਸਿੰਘ ਬੱਲ)**-ਮਾਰਕੀਟ ਕਮੇਟੀ ਦੇ ਚੇਅਰਮੈਨ ਬਲਕਾਰ ਸਿੰਘ ਗੱਜੂਮਾਜਰਾ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਸਾਬਕਾ ਕੈਬਨਿਟ ਮੰਤਰੀ ਤੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਦੇ ਨਿਰਦੇਸ਼ਾਂ ਤਹਿਤ ਪਿੰਡ ਗੱਜੂਮਾਜਰਾ ਤੋਂ ਸਮਾਣਾ ਤੇ ਸੈਂਸਰਵਾਲ ਤੋਂ ਬਾਦਸ਼ਾਹਪੁਰ ਨੂੰ ਜਾਣ ਵਾਲੀਆਂ ਸੜਕਾਂ ਦੇ ਕਾਰਜਾਂ ਦੀ ਸ਼ੁਰੂਆਤ ਕਰਾਈ। ਗੱਜੂਮਾਜਰਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੀਆਂ ਪੇਂਡੂ ਲਿੰਕ ਸੜਕਾਂ ਦੇ ਨਵੀਨੀਕਰਨ ਤੇ ਨਿਰਮਾਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ।ਲਿੰਕ ਸੜਕਾਂ ਦੀ ਉਸਾਰੀ ਪਿੰਡਾਂ ਨੂੰ ਸ਼ਹਿਰੀ ਇਲਾਕਿਆਂ ਨਾਲ ਜੋੜਨ ਅਤੇ ਆਵਾਜਾਈ ਨੂੰ ਸੁਚੱਜਾ ਬਣਾਉਣ ਲਈ ਇੱਕ ਮਹੱਤਵਪੂਰਨ ਕਦਮ ਹੈ।ਇਹ ਕਦਮ ਸਥਾਨਕ ਕਿਸਾਨਾਂ, ਵਪਾਰੀਆਂ, ਵਿਦਿਆਰਥੀਆਂ ਤੇ ਆਮ ਜਨਤਾ ਲਈ ਆਵਾਜਾਈ ਨੂੰ ਆਸਾਨ ਅਤੇ ਤੇਜ਼ ਬਣਾਉਣ ਵਿੱਚ ਮਦਦਗਾਰ ਸਾਬਤ ਹੋਵੇਗਾ।ਚੇਅਰਮੈਨ ਗੱਜੂਮਾਜਰਾ ਨੇ ਕਿਹਾ ਕਿ ਇਹ ਲਿੰਕ ਸੜਕਾਂ ਮੁੱਖ ਮਾਰਗਾਂ ਨੂੰ ਆਸ-ਪਾਸ ਦੇ ਪਿੰਡਾਂ ਅਤੇ ਹੋਰ ਖੇਤਰਾਂ ਨਾਲ ਜੋੜਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣਗੀਆਂ।ਉਨ੍ਹਾਂ ਕਿਹਾ ਕਿ ਇਹ ਕਦਮ ਪੰਜਾਬ ਸਰਕਾਰ ਦੀ ਵਿਕਾਸਸ਼ੀਲ ਸੋਚ ਤੇ ਲੋਕ-ਕੇਂਦਰਤ ਨੀਤੀਆਂ ਦੀ ਇੱਕ ਹੋਰ ਮਿਸਾਲ ਹੈ।

## ਸਾਈਂ ਬਾਬਾ ਬੁੱਲ੍ਹੇ ਸ਼ਾਹ ਦਾ ਮੇਲਾ ਧੂਮਧਾਮ ਨਾਲ ਸੰਪੰਨ



**ਫਾਜ਼ਿਲਕਾ (ਬਿਊਰੋ)**-10 ਸਤੰਬਰ ਨੂੰ 56 ਵਾਂ ਸਾਈਂ ਬਾਬਾ ਬੁੱਲ੍ਹੇ ਸ਼ਾਹ ਦਾ ਮੇਲਾ ਪਿੰਡ ਕੰਧ ਵਾਲਾ ਹਾਜ਼ਰ ਖਾਂ ਵਿੱਚ ਬੜੀ ਧੂਮਧਾਮ ਨਾਲ ਸੰਪੰਨ ਹੋਇਆ।ਇਸ ਵਿੱਚ ਨਵਾਂ ਜ਼ਮਾਨਾ ਦੀ ਸੀਨੀਅਰ ਪੱਤਰਕਾਰ ਨਿਸ਼ਾ ਸ਼ਰਮਾ ਨੂੰ ਪੱਤਰਕਾਰੀ ਦੇ ਖੇਤਰ 'ਚ ਵਿਸ਼ੇਸ਼ ਸਨਮਾਨ ਸਾਈਂ ਬਾਬਾ ਬੁੱਲ੍ਹੇ ਸ਼ਾਹ ਜੀ ਕਮੇਟੀ ਵੱਲੋਂ ਦੇ ਕੇ ਨਿਵਾਜਿਆ ਗਿਆ।ਨਿਸ਼ਾ ਸ਼ਰਮਾ ਪਿਛਲੇ 21 ਸਾਲਾ ਤੋਂ ਪੱਤਰਕਾਰੀ ਦੇ ਖੇਤਰ 'ਚ ਅਪਣੀਆਂ ਸੇਵਾਵਾ ਨਿਭਾ ਰਹੇ ਹਨ।

## ਕਾਤਰਾਂ

### 6 ਗ੍ਰਾਮ ਹੈਰੋਇਨ ਸਣੇ ਇੱਕ ਕਾਬੂ, ਮੁਕੱਦਮਾ ਦਰਜ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਅਮੀਰ ਖਾਸ ਦੀ ਪੁਲਿਸ ਵੱਲੋਂ ਇਕ ਵਿਅਕਤੀ ਨੂੰ 6 ਗ੍ਰਾਮ ਹੈਰੋਇਨ ਸਣੇ ਕਾਬੂ ਕੀਤਾ ਗਿਆ ਹੈ। ਜਾਂਚ ਅਧਿਕਾਰੀ ਇੰਸਪੈਕਟਰ ਗੁਰਿੰਦਰ ਸਿੰਘ ਨੇ ਦੱਸਿਆ ਕਿ ਉਹ ਸਮੇਤ ਪੁਲਸ ਪਾਰਟੀ ਦੇ ਨਾਲ ਗਸ਼ਤ ਕਰਦੇ ਹੋਏ ਪੀਰ ਬਖਸ਼ ਚੌਹਾਨ ਨਹਿਰ ਦੇ ਪੁਲ ਕੋਲ ਪੁੱਜੇ ਤਾਂ ਸਾਹਮਣੇ ਤੋਂ ਇਕ ਨੌਜਵਾਨ ਵਿਅਕਤੀ ਆਉਂਦਾ ਦਿਖਾਈ ਦਿੱਤਾ, ਜੋ ਪੁਲਸ ਪਾਰਟੀ ਨੂੰ ਦੇਖ ਕੇ ਖਿਸਕਨ ਲੱਗਾ ਤਾਂ ਪੁਲਸ ਪਾਰਟੀ ਨੇ ਕਾਬੂ ਕਰਕੇ ਤਲਾਸ਼ੀ ਲਈ ਗਈ ਤਾਂ ਉਸ ਕੋਲੋ 6 ਗ੍ਰਾਮ ਹੈਰੋਇਨ ਬਰਾਮਦ ਹੋਈ। ਇਸ ਵਿਅਕਤੀ ਦੀ ਪਹਿਚਾਣ ਅਕਾਸ਼ਦੀਪ ਸਿੰਘ ਪੁੱਤਰ ਰਜੇਸ਼ ਸਿੰਘ ਵਾਸੀ ਡਾਕਟਰ ਖਾਨ ਵਾਲੀ ਗਲੀ ਜਲਾਲਾਬਾਦ ਵਜੋਂ ਹੋਈ ਹੈ। ਥਾਣਾ ਅਮੀਰ ਖਾਸ ਵਿਖੇ ਮੁਕੱਦਮਾ ਨੰਬਰ 81 ਮਿਤੀ 10-09-2025 ਨੂੰ ਧਾਰਾ 21/61/85 ਐਨ.ਡੀ.ਪੀ.ਐਸ. ਐਕਟ ਤਹਿਤ ਦਰਜ ਕੀਤਾ ਗਿਆ ਹੈ।

### ਭਾਕਿਯੂ ਏਕਤਾ ਡਕੌਂਦਾ ਦੇ ਪ੍ਰੈੱਸ ਸਕੱਤਰ ਲਾਭ ਸਿੰਘ ਨਹੀਂ ਰਹੇ



**ਮਾਨਸਾ (ਪੱਤਰ ਪ੍ਰੇਰਕ)**-ਭਾਰਤੀ ਕਿਸਾਨ ਯੂਨੀਅਨ (ਏਕਤਾ) ਡਕੌਂਦਾ ਦੇ ਮਾਨਸਾ ਬਲਾਕ ਦੇ ਪਿੰਡ ਖੜਕ ਸਿੰਘ ਵਾਲਾ ਦੇ ਪ੍ਰੈੱਸ ਸਕੱਤਰ ਲਾਭ ਸਿੰਘ ਆਪਣਾ ਜੀਵਨ ਸਫ਼ਰ ਪੂਰਾ ਕਰਦੇ ਹੋਏ ਅਕਾਲ ਚਲਾਣਾ ਕਰ ਗਏ ਸਨ।ਜਥੇਬੰਦੀ ਵੱਲੋਂ ਨਾਅਰਿਆਂ ਦੀ ਰੋਹਲੀ ਆਵਾਜ਼ ਵਿੱਚ ਉਨ੍ਹਾਂ ਨੂੰ ਝੰਡੇ ਦੀ ਰਸਮ ਅਦਾ ਕਰਕੇ ਵਿਦਾਇਗੀ ਦਿੱਤੀ ਗਈ।ਬਲਾਕ ਸਹਾਇਕ ਸਕੱਤਰ ਬਲਵਿੰਦਰ ਸਿੰਘ ਬੁਰਜਰਾਠੀ ਨੇ ਦੱਸਿਆ ਕਿ ਲਾਭ ਸਿੰਘ ਲੰਬੇ ਸਮੇਂ ਤੋਂ ਜਥੇਬੰਦੀ ਵਿੱਚ ਅਹਿਮ ਜ਼ਿੰਮੇਵਾਰੀ ਨਿਭਾਅ ਰਹੇ ਸਨ।ਉਨ੍ਹਾਂ ਦੇ ਚਲੇ ਜਾਣ ਨਾਲ ਪਰਵਾਰ ਸਮੇਤ ਜਥੇਬੰਦੀ ਨੂੰ ਕਦੇ ਵੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਕੀਤੇ ਕੰਮਾਂ ਨੂੰ ਜਥੇਬੰਦੀ ਵੱਲੋਂ ਹਮੇਸ਼ਾ ਲਈ ਯਾਦ ਰੱਖਿਆ ਜਾਵੇਗਾ।

### ਮਦਰ ਇੰਡੀਆ ਕਾਲਜ ਦਾ ਨਤੀਜਾ ਰਿਹਾ ਸੌ ਫ਼ੀਸਦੀ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਮਦਰ ਇੰਡੀਆ ਕਾਲਜ ਆਫ਼ ਐਜੂਕੇਸ਼ਨ ਦੇ ਬੀਐਡ ਦੇ ਵਿਦਿਆਰਥੀਆਂ ਦਾ ਨਤੀਜ਼ਾ 100 ਫ਼ੀਸਦੀ ਰਿਹਾ।ਸੰਸਥਾ ਦੇ ਚੇਅਰਮੈਨ ਰਾਕੇਸ਼ ਗਰਗ ਤੇ ਐਮਡੀ ਵੀਨਾ ਗਰਗ ਨੇ ਦੱਸਿਆ ਕਿ ਬੀਐਡ ਦੇ ਨਤੀਜਿਆਂ ਵਿੱਚੋਂ ਕਾਜਲ ਨੇ 86% ਪਹਿਲਾਂ, ਕਾਜਲ ਸਿੰਗਲਾ ਨੇ 84% ਦੂਜਾ, ਅੰਮ੍ਰਿਤ ਰਾਮ, ਲੱਛਮੀ ਦੇਵੀ ਨੇ 83% ਤੀਜਾ, ਪੂਜਾ ਰਾਣੀ ਤੇ ਤਾਨੀਆ ਨੇ 80% ਚੌਥਾ ਸਥਾਨ ਹਾਸਲ ਕੀਤਾ ਹੈ।ਉਨ੍ਹਾਂ ਦੱਸਿਆ ਕਿ ਕਾਲਜ ਦੇ ਸਾਰੇ ਵਿਦਿਆਰਥੀ ਪਹਿਲੇ ਦਰਜੇ ਵਿੱਚ ਪਾਸ ਹੋਏ ਹਨ।ਜਦੋਂ ਵਿਦਿਆਰਥੀ ਮਿਹਨਤ ਕਰਦੇ ਹਨ ਤਾਂ ਸਫ਼ਲਤਾ ਉਨ੍ਹਾਂ ਦੇ ਕਦਮ ਚੁੰਮਦੀ ਹੈ।ਉਨ੍ਹਾਂ ਕਿਹਾ ਕਿ ਜ਼ਿੰਦਗੀ ਵਿੱਚ ਅੱਗੇ ਵਧਦੇ ਰਹਿਣਾ ਹੀ ਜ਼ਿੰਦਗੀ ਦਾ ਅਸਲ ਮਨੋਰਥ ਹੈ।ਕਾਲਜ ਦੇ ਪ੍ਰਿੰਸੀਪਲ ਡਾਕਟਰ ਰਾਜਿੰਦਰ ਸ਼ਰਮਾ ਤੇ ਪ੍ਰੋਫੈਸਰ ਅਮਨਪ੍ਰੀਤ ਸਿੰਘ ਅਤੇ ਸਟਾਫ ਨੇ ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ।

## ਧੂਰੀ ਗੇਟ ਮੇਨ ਬਾਜ਼ਾਰ ਦੇ ਦੁਕਾਨਦਾਰਾਂ ਦੀ ਹੋਈ ਇਕੱਤਰਤਾ, ਮੁਸ਼ਕਲਾਂ ਸੰਬੰਧੀ ਕੀਤੀਆਂ ਵਿਚਾਰਾਂ

**ਸੰਗਰੂਰ (ਪ੍ਰਵੀਨ ਸਿੰਘ)**

ਅਗਰਵਾਲ ਧਰਮਸ਼ਾਲਾ ਵਿਖੇ ਧੂਰੀ ਗੇਟ ਮੇਨ ਬਾਜ਼ਾਰ ਐਸੋਸੀਏਸ਼ਨ ਦੇ ਸਮੂਹ ਦੁਕਾਨਦਾਰਾਂ ਦੀ ਇਕੱਤਰਤਾ ਹੋਈ, ਜਿਸ ਵਿੱਚ ਸਮੂਹ ਦੁਕਾਨਦਾਰਾਂ ਨੂੰ ਆ ਰਹੀਆਂ ਮੁਸ਼ਕਲਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਵਿੱਚ ਕੁੱਝ ਦੁਕਾਨਦਾਰਾਂ ਨੇ ਦੱਸਿਆ ਕਿ ਸਭ ਤੋਂ ਵੱਡੀ ਸਮੱਸਿਆ ਉਨ੍ਹਾਂ ਨੂੰ ਸਹੀ ਤਰੀਕੇ ਨਾਲ ਨਾਲੀਆਂ ਦੀ ਸਫਾਈ ਨਾ ਹੋਣ ਕਾਰਨ ਆ ਰਹੀ ਹੈ।

ਉਨ੍ਹਾਂ ਕਿਹਾ ਕਿ ਬਜ਼ਾਰ ਦੀਆਂ ਨਾਲੀਆਂ ਦੀ ਸਹੀ ਸਮੇਂ 'ਤੇ ਸਫ਼ਾਈ ਨਹੀਂ ਕੀਤੀ ਜਾਂਦੀ। ਜੇਕਰ ਸਫਾਈ ਕੀਤੀ ਜਾਂਦੀ ਹੈ ਤਾਂ ਸਮੇਂ ਸਿਰ ਗਾਰ ਨਹੀਂ ਚੁੱਕੀ ਜਾਂਦੀ। ਉਨ੍ਹਾਂ ਇਹ ਵੀ ਕਿਹਾ ਕਿ ਨਗਰ ਕੌਂਸਲ ਪ੍ਰਧਾਨ ਵੱਲੋਂ ਆਪਣੀ ਹਾਜ਼ਰੀ ਵਿੱਚ ਕੁੱਝ ਸਮਾਂ ਪਹਿਲਾਂ ਨਾਲੀਆਂ ਦੀ ਸਫਾਈ ਕਰਵਾਈ ਸੀ, ਪ੍ਰੰਤੂ ਉਸ ਤੋਂ ਬਾਅਦ ਨਗਰ ਕੌਂਸਲ ਨੇ ਇਨ੍ਹਾਂ ਨਾਲੀਆਂ ਦੀ ਮੁੜ ਕੋਈ ਸਾਰ ਨਹੀਂ ਲਈ। ਸਮੂਹ ਦੁਕਾਨਦਾਰਾਂ ਨੇ ਬਸ ਸਟੈਂਡ ਕੋਲ ਵੱਡੇ ਪੱਧਰ ਤੇ ਬਰਸਾਤੀ ਪਾਣੀ ਜਮ੍ਹਾਂ ਹੋਣ ਕਾਰਨ ਆ ਰਹੀਆਂ ਮੁਸ਼ਕਲਾਂ 'ਤੇ ਭਾਰੀ ਰੋਸ ਜ਼ਾਹਰ ਕਰਦਿਆਂ ਕਿਹਾ ਕਿ ਪਾਣੀ ਜਮ੍ਹਾਂ ਹੋਣ ਸਮੇਂ ਉਨ੍ਹਾਂ ਦੇ ਕਾਰੋਬਾਰ ਬਿਲਕੁਲ ਠੱਪ ਹੋ ਜਾਂਦੇ ਹਨ।

ਪ੍ਰਸ਼ਾਸਨ ਨੂੰ ਇਸ ਸਮੱਸਿਆ ਦਾ ਸਥਾਈ ਹੱਲ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਪ੍ਰਸ਼ਾਸਨ ਨੇ ਇਨ੍ਹਾਂ ਸਮੱਸਿਆਵਾਂ ਦਾ ਹੱਲ ਨਾ ਕੀਤਾ ਤਾਂ ਉਹ ਸੰਘਰਸ਼ ਕਰਨ ਲਈ ਮਜਬੂਰ ਹੋਣਗੇ।

## ਪੰਜਾਬ ਸਰਕਾਰ ਵੱਲੋਂ ਲਏ ਫੈਸਲੇ ਹੜ੍ਹ ਪੀੜਤਾਂ ਨੂੰ ਦੇਣਗੇ ਵੱਡੇ ਰਾਹਤ : ਢਿੱਲੋਂ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਹੜ੍ਹ ਪੀੜਤਾਂ ਲਈ ਲਏ ਗਏ ਵੱਡੇ ਫੈਸਲਿਆਂ ਦੀ ਸ਼ਲਾਘਾ ਕਰਦੇ ਹੋਏ ਪੰਜਾਬ ਐਗਰੋ ਚੇਅਰਮੈਨ ਬਲਜਿੰਦਰ ਸਿੰਘ ਢਿੱਲੋਂ ਨੇ ਹੜ੍ਹ ਪ੍ਰਭਾਵਤ ਇਲਾਕੇ ਦੇ ਲੋਕਾਂ ਨੂੰ ਭਰੋਸਾ ਦਿੰਦੇ ਹੋਏ ਕਿਹਾ ਕਿ ਹੜ੍ਹਾਂ ਕਾਰਨ ਪੰਜਾਬ ਅਤੇ ਪੰਜਾਬ ਵਾਸੀਆਂ ਦਾ ਵੱਡੇ ਪੱਧਰ 'ਤੇ ਨੁਕਸਾਨ ਹੋਇਆ ਹੈ ਤੇ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਹੜ੍ਹ ਪੀੜਤਾਂ ਦੀ ਲਗਾਤਾਰ ਮਦਦ ਕੀਤੀ ਜਾ ਰਹੀ ਹੈ। ਉਹਨਾ ਕਿਹਾ ਬੀਤੇ ਦਿਨੀਂ ਹੋਈ ਪੰਜਾਬ ਕੈਬਨਿਟ ਦੀ ਬੈਠਕ ਵਿੱਚ ਹੜ੍ਹ ਪੀੜਤਾਂ ਲਈ ਵੱਡੇ ਫੈਸਲੇ ਲਏ ਗਏ ਹਨ। ਹੜ੍ਹਾਂ ਕਾਰਨ ਖੇਤਾਂ ਵਿੱਚ ਰੇਤ/ਮਿੱਟੀ ਜਮ੍ਹਾਂ ਹੋ ਗਈ ਹੈ, ਜਿਸ ਲਈ ਪੰਜਾਬ ਕੈਬਨਿਟ ਵੱਲੋਂ ਜਿਸ ਦਾ ਖੇਤ, ਉਸ ਦੀ ਰੇਤ ਯੋਜਨਾ ਨੂੰ ਮਨਜ਼ੂਰੀ ਦਿੱਤੀ ਗਈ ਹੈ, ਜੋ ਕਿ ਹੜ੍ਹ ਪੀੜਤ ਕਿਸਾਨਾਂ ਨੂੰ ਵੱਡੀ ਰਾਹਤ ਦੇਵੇਗੀ।ਢਿੱਲੋਂ ਨੇ ਕਿਹਾ ਕਿ ਇਸ ਦੇ ਨਾਲ ਹੀ ਸੂਬਾ ਸਰਕਾਰ ਵੱਲੋਂ ਹੜ੍ਹਾਂ ਨਾਲ ਨੁਕਸਾਨੀਆਂ ਫਸਲਾਂ ਦਾ 20 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਣ ਦਾ ਵੀ ਫੈਸਲਾ ਲਿਆ ਹੈ।ਉਨਾਂ ਕਿਹਾ ਕਿ ਨਾਲ ਹੀ ਹੜ੍ਹਾਂ ਦੌਰਾਨ ਜਾਨ ਗੁਆਉਣ ਵਾਲਿਆਂ ਦੇ ਪਰਵਾਰਾਂ ਨੂੰ 4 ਲੱਖ ਰੁਪਏ ਵਿੱਤੀ ਸਹਾਇਤਾ ਦਿੱਤੀ ਜਾਵੇਗੀ। ਕਿਸਾਨਾਂ ਨੂੰ 6 ਮਹੀਨੇ ਲਈ ਕਰਜ਼ੇ ਦੀਆਂ ਕਿਸ਼ਤਾਂ ਨਾ ਦੇਣ ਦੀ ਛੋਟ ਦਿੱਤੀ ਗਈ ਹੈ। ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਮੈਡੀਕਲ ਕੈਂਪ ਵੀ ਲਗਾਏ ਜਾਣਗੇ। ਘਰਾਂ ਅਤੇ ਪਸ਼ੂਧਨ ਦੇ ਨੁਕਸਾਨ ਦੇ ਸਰਵੇਖਣ ਤੋਂ ਬਾਅਦ ਮੁਆਵਜ਼ਾ ਦਿੱਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਹਰ ਮੰਤਰੀ, ਐਮ.ਐਲ.ਏ., ਵਲੰਟੀਅਰਾਂ, ਵਰਕਰਾਂ ਸਮੇਤ ਸਮਾਜ ਸੇਵੀ ਸੰਸਥਾਵਾਂ, ਐਨ ਜੀ ਓਜ਼ ਅਤੇ ਪੰਜਾਬ ਦੇ ਨੌਜਵਾਨਾਂ ਵੱਲੋਂ ਲੋਕਾਂ ਦੀ ਸੇਵਾ ਕੀਤੀ ਜਾ ਰਹੀ ਹੈ। ਪ੍ਰਸ਼ਾਸਨ ਵੱਲੋਂ ਵੀ ਲੋਕਾਂ ਦੀ ਹਰ ਪੱਧਰ 'ਤੇ ਮਦਦ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਹੜ੍ਹ ਪੀੜਤ ਪਰਵਾਰਾਂ ਦੇ ਨਾਲ ਡਟ ਕੇ ਖੜ੍ਹੀ ਹੈ।ਇਸ ਮੌਕੇ ਲਖਵਿੰਦਰ ਸਿੰਘ ਢਿੱਲੋਂ ਮੈਂਬਰ , ਜਸਵੰਤ ਰਾਏ ਸੂਬਾ ਜੋਆਇੰਟ ਸਕੱਤਰ ਐਸ ਸੀ ਵਿੰਗ ਪੰਜਾਬ, ਜ਼ਿਲ੍ਹਾ ਮੀਡੀਆ ਸਕੱਤਰ ਗੱਜਣ ਸਿੰਘ, ਮਨਦੀਪ ਜੌਲਾ, ਰਜਿੰਦਰ ਮੋਹਨ ਜ਼ਿਲ੍ਹਾ ਜੋਆਇੰਟ ਸੈਕਟਰੀ ਬੀ ਸੀ ਵਿੰਗ, ਸਤੀ; ਸ਼ਰਮਾ, ਗੁਰਮੇਲ ਸਿੰਘ (ਜੀ ਐਮ)। ਰਾਜ ਕੁਮਾਰ ਮਿਠਾਰੀਆ ਤੋਂ ਇਲਾਵਾ ਹੋਰ ਸਾਥੀ ਮੌਜੂਦ ਸਨ।

## ਪਿੰਡ ਖਾਨੇਵਾਲ 'ਚ ਕਬੱਡੀ ਕੱਪ 14 ਨੂੰ

**ਬਰੇਟਾ (ਗੋਬਿੰਦ ਸ਼ਰਮਾ)** ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਖਾਨੇਵਾਲ ਵੱਲੋਂ 6ਵਾਂ ਕਬੱਡੀ ਕੱਪ ਕਰਾਇਆ ਜਾ ਰਿਹਾ ਹੈ।ਕਲੱਬ ਪ੍ਰਧਾਨ ਵਰਿੰਦਰ ਸਿੰਘ, ਮੀਤ ਪ੍ਰਧਾਨ ਹਰਦੀਪ ਸਿੰਘ ਭੁੱਲਰ ਤੇ ਪ੍ਰਦੀਪ ਟੰਡਨ ਕਬੱਡੀ ਪ੍ਰਮੋਟਰ ਨੇ ਦੱਸਿਆ ਕਿ ਪਿੰਡ ਖਾਨੇਵਾਲ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 6ਵਾਂ ਕਬੱਡੀ ਕਰਾਇਆ ਜਾ ਰਿਹਾ ਹੈ, ਜਿਸ ਵਿੱਚ ਪਹਿਲਾ ਇਨਾਮ 71000, ਦੂਜਾ ਇਨਾਮ 51000 ਅਤੇ ਬੈਸਟ ਰੇਡਰ ਤੇ ਜਾਫੀ ਨੂੰ 21000 ਇਨਾਮ ਦਿੱਤੇ ਜਾਣਗੇ।

ਕਬੱਡੀ 65 ਕਿਲੋ ਦਾ ਪਹਿਲਾ ਇਨਾਮ 11000, ਦੂਜਾ ਇਨਾਮ 7100 ਤੇ ਬੈਸਟ ਜਾਫੀ ਨੂੰ ਚਾਂਦੀ ਦੀ ਚੈਨ ਦੇ ਕੇ ਸਨਮਾਨਤ ਕੀਤਾ ਜਾਵੇਗਾ।ਪ੍ਰਦੀਪ ਟੰਡਨ ਕਬੱਡੀ ਪ੍ਰਮੋਟਰ ਨੇ ਦੱਸਿਆ ਕਿ ਪਿੰਡ ਵਾਸੀਆਂ ਤੇ ਕਲੱਬ ਮੈਂਬਰਾਂ ਦੇ ਸਹਿਯੋਗ ਨਾਲ ਕਬੱਡੀ ਕੱਪ ਕਰਾਇਆ ਜਾ ਰਿਹਾ ਹੈ।ਟ੍ਰੈਫ਼ਿਕ ਪੁਲਸ ਦੇ ਇੰਚਾਰਜ ਸੁਖਪਾਲ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਾਰੇ ਪਿੰਡਾਂ ਦੀਆਂ ਪੰਚਾਇਤਾਂ ਨੂੰ ਖੇਡਾਂ ਪ੍ਰਤੀ ਆਪਣੇ ਆਪਣੇ ਪਿੰਡ ਨੂੰ ਉਤਸ਼ਾਹਤ ਕਰਨਾ ਚਾਹੀਦਾ ਹੈ ਤਾਂ ਜੁ ਹਰ ਨੌਜਵਾਨ ਨਸ਼ਿਆਂ ਤੋਂ ਦੂਰ ਰਹਿਣ ਅਤੇ ਖੇਡਾਂ ਵਿੱਚ ਵਧ-ਚੜ੍ਹ ਕੇ ਹਿੱਸਾ ਲੈਣ।ਪਿੰਡ ਦੇ ਸਰਪੰਚ ਕੇਵਲ ਸਿੰਘ ਤੇ ਸਮੂਹ ਗ੍ਰਾਮ ਪੰਚਾਇਤ ਖਾਨੇਵਾਲ ਨੇ ਪਿੰਡ ਦੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਕੋਈ ਵੀ ਨੌਜਵਾਨ ਨਸ਼ਿਆਂ ਤੋਂ ਦੂਰ ਰਹਿਣ ਅਤੇ ਖੇਡਾਂ ਪ੍ਰਤੀ ਉਤਸ਼ਾਹਤ ਰਹਿਣ।

## ਕਿਸਾਨਾਂ ਨੂੰ ਪੰਜਾਹ ਹਜ਼ਾਰ ਏਕੜ ਮੁਆਵਜ਼ਾ ਦਿੱਤਾ ਜਾਵੇ : ਹਿੰਦਰੀ ਬਰਾੜ



**ਬੱਧਨੀ ਕਲਾਂ (ਲਵਲੀ ਕੁਮਾਰ)**-ਗੂੜ੍ਹੀ ਨੀਂਦ ਸੁੱਤੀ ਪਈ ਪੰਜਾਬ ਸਰਕਾਰ ਨੂੰ ਜਗਾਉਣ ਲਈ ਭਾਰਤੀ ਕਿਸਾਨ ਯੂਨੀਅਨ ਖੋਸਾ ਜ਼ਿਲ੍ਹਾ ਮੋਗਾ ਦੇ ਪ੍ਰੈਸ ਸਕੱਤਰ ਹਿੰਦਰੀ ਬਰਾੜ ਪੱਤੋ ਵੱਲੋਂ ਮੀਟਿੰਗ ਕੀਤੀ ਗਈ, ਜਿਸ ਵਿੱਚ ਉਨ੍ਹਾਂ ਆਖਿਆ ਕਿ ਜੋ ਸਾਡੇ ਕਿਸਾਨ ਭਰਾ, ਮਜ਼ਦੂਰ ਭਰਾਵਾਂ ਦੀ ਫ਼ਸਲ ਖਰਾਬ ਹੋਈ ਹੈ, ਘਰੋਂ ਬੇਘਰ ਹੋਏ ਨੇ, ਉਨ੍ਹਾਂ ਦਾ ਫ਼ਸਲਾਂ ਦਾ ਮੁਆਵਜ਼ਾ 50 ਹਜ਼ਾਰ ਪ੍ਰਤੀ ਏਕੜ ਦਿੱਤਾ ਜਾਵੇ ਅਤੇ ਜੋ ਛੋਟੇ ਮਜ਼ਦੂਰ, ਕਿਸਾਨ ਨੇ ਉਨ੍ਹਾਂ ਦਾ ਰਹਿੰਦਾ ਸਾਰਾ ਕਰਜ਼ਾ ਮਾਫ਼ ਕੀਤਾ ਜਾਵੇ। ਭਾਰਤੀ ਕਿਸਾਨ ਯੂਨੀਅਨ ਖੋਸਾ ਵੱਲੋਂ ਪੰਜਾਬ ਸਰਕਾਰ ਨੂੰ ਅਪੀਲ ਹੈ ਕਿ ਕਿਸਾਨਾਂ ਦੀ ਬਾਂਹ ਫੜੀ ਜਾਵੇ। ਮੁੱਖ ਮੰਤਰੀ ਨੂੰ ਬੇਨਤੀ ਹੈ ਕਿ ਉਨ੍ਹਾਂ ਦਾ ਆਪ ਜਾ ਕੇ ਜਾਇਜ਼ਾ ਲਿਆ ਜਾਵੇ ਅਤੇ ਜੋ ਘਰੋਂ ਬੇਘਰ ਹੋਏ ਨੇ ਉਨ੍ਹਾਂ ਦੇ ਘਰ ਬਣਾ ਕੇ ਉਨ੍ਹਾਂ ਨੂੰ ਫਿਰ ਉਨ੍ਹਾਂ ਪਿੰਡਾਂ ਦੇ ਵਿੱਚ ਬਸੇਰਾ ਕੀਤਾ ਜਾਵੇ।

## ਸੁਖਬੀਰ ਬਾਦਲ ਵੱਲੋਂ ਹੜ੍ਹ ਪੀੜਤਾਂ ਦੀ ਮਦਦ ਨੇ ਜਿੱਤੇ ਲੋਕਾਂ ਦੇ ਦਿਲ : ਬਾਬਾ ਚਾਂਗਲੀ



**ਸ਼ੇਰਪੁਰ (ਰਵੀ ਟਿੱਬਾ)**-ਪੰਜਾਬ ਦੀ ਜਰਖੇਜ਼ ਮਿੱਟੀ ਨੂੰ ਅਨੇਕਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਹੈ, ਪਰ ਇਸ 'ਤੇ ਆਪਣੇ ਜਾਇਆਂ ਨੇ ਇੱਕ-ਦੂਜੇ ਲਈ ਜਿਵੇਂ ਮਰ ਮਿਟਣ ਦੀਆਂ ਕਸਮਾਂ ਖਾਧੀਆਂ ਹੋਣ, ਇੰਝ ਇੱਕ-ਦੂਜੇ ਲਈ ਅੱਗੇ ਆ ਖੜਦੇ ਹਨ।ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਕਰਦੇ ਹੋਏ ਡੇਰਾ ਕਿਰਪਾਲ ਸਰ ਸਾਹਿਬ ਚਾਂਗਲੀ ਦੇ ਮੁੱਖ ਸੇਵਾਦਾਰ ਜਥੇਦਾਰ ਬਾਬਾ ਬਲਵਿੰਦਰ ਸਿੰਘ ਚਾਂਗਲੀ ਵਾਲਿਆਂ ਨੇ ਦੱਸਿਆ ਕਿ ਵੱਖ-ਵੱਖ ਸੰਪਰਦਾਵਾਂ ਦੇ ਜਥੇਦਾਰਾਂ ਤੇ ਗੁਰੂ ਕੀਆਂ ਲਾਡਲੀਆਂ ਫ਼ੌਜਾਂ ਦੇ ਸਹਿਯੋਗ ਨਾਲ ਸ਼ੁਰੂ ਹੋਈ ਸੰਤ ਕਿਰਪਾਲ ਸਿੰਘ ਸਹਾਰਾ ਚੈਰੀਟੇਬਲ ਟਰੱਸਟ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਦਬ ਸਤਿਕਾਰ ਨੂੰ ਬਹਾਲ ਰੱਖਣ ਦੀ ਮੁਹਿੰਮ ਲਗਾਤਾਰ ਜਾਰੀ ਹੈ ਤੇ ਸੇਵਾਦਾਰ ਗੁਰੂ ਦੀ ਸੇਵਾ ਵਿਚ ਜੁਟੇ ਹਨ।ਬਾਬਾ ਬਲਵਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਬੇਸ਼ੱਕ ਮੁਸ਼ਕਲ ਦੀ ਘੜੀ ਵਿੱਚ ਜੂਝ ਰਿਹਾ ਹੈ, ਪਰ ਇਸ ਦੇ ਆਪਣਿਆਂ ਨੇ ਇੱਕ-ਦੂਜੇ ਲਈ ਜਿਵੇਂ ਮਰ ਮਿਟਣ ਦੀ ਕਸਮ ਖਾ ਰੱਖੀ ਹੈ ਹਰ ਰਾਜਨੀਤਕ/ਸਮਾਜਿਕ ਆਗੂ, ਗਾਇਕ, ਅਦਾਕਾਰ, ਸਮਾਜ ਸੇਵੀ ਜਥੇਬੰਦੀਆਂ ਇੱਕ ਤੋਂ ਇੱਕ ਵਧ ਚੜ੍ਹ ਕੇ ਯੋਗਦਾਨ ਪਾ ਰਹੀਆਂ ਹਨ।ਇਲਾਕੇ ਵਿੱਚ ਨਿੱਡਰ/ਬੇਬਾਕ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਸਤਿਕਾਰ ਲਈ ਰਜਿ. ਸੰਸਥਾ ਐਸ ਕੇ ਐਸ ਮੈਂਬਰਸ਼ਿਪ ਪੰਜਾਬ ਜਥੇਬੰਦੀ ਦੇ ਮੁੱਖ ਸੇਵਾਦਾਰ ਜਥੇਦਾਰ ਬਾਬਾ ਬਲਵਿੰਦਰ ਸਿੰਘ ਚਾਂਗਲੀ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਪੰਜਾਬ ਦੀ ਪੰਜਾਬੀਆਂ ਦੀ ਮਾਂ ਪਾਰਟੀ ਦੇ ਮੁੱਖ ਸੇਵਾਦਾਰ ਹੋਣ ਵਜੋਂ ਜੋ ਸੇਵਾਵਾਂ ਨਿਭਾਈਆਂ ਜਾ ਰਹੀਆਂ ਹਨ, ਉਹ ਕਾਬਲੇ ਤਾਰੀਫ਼ ਹਨ।ਉਨ੍ਹਾਂ ਵੱਲੋਂ ਹੜ੍ਹ ਪੀੜਤਾਂ ਦੀ ਸੇਵਾ ਲਈ ਦਿੱਤਾ ਜਾ ਰਿਹਾ ਨਕਦ ਕੈਸ਼, ਡੀਜ਼ਲ ਆਦਿ ਦੀ ਸੇਵਾ ਨੇ ਲੋਕ ਦਿਲਾਂ 'ਚ ਸਤਿਕਾਰਤ ਥਾਂ ਬਣਾ ਲਈ ਹੈ।

## ਅਕਾਲੀ ਦਲ ਨੇ ਭੇਜੀ ਨਕਦ ਰਾਸ਼ੀ ਤੇ ਡੀਜ਼ਲ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਦਿਹਾਤੀ ਪਟਿਆਲਾ ਦੇ ਪ੍ਰਧਾਨ ਜਗਮੀਤ ਸਿੰਘ ਹਰਿਆਉ ਤੇ ਹਲਕਾ ਇੰਚਾਰਜ ਬਾਬੂ ਕਬੀਰਦਾਸ ਨੇ ਘੱਗਰ ਦਰਿਆ ਦੇ ਬੰਨਿਆਂ ਦੀ ਮਜ਼ਬੂਤੀ ਜੁਟੇ ਪਿੰਡ ਕਰਤਾਰਪੁਰ ਦੇ ਕਿਸਾਨਾਂ ਨੂੰ 800 ਲੀਟਰ ਤੇਲ, 35 ਹਜ਼ਾਰ ਰੁਪਏ, ਗ਼ਰੀਬ ਪਰਵਾਰਾਂ ਨੂੰ 15 ਤਰਪਾਲਾਂ ਤੇ ਪਿੰਡ ਹਰਚੰਦਪੁਰਾ ਦੇ ਕਿਸਾਨਾਂ ਨੂੰ 50 ਹਜ਼ਾਰ ਰੁਪਏ ਅਤੇ 600 ਲੀਟਰ ਡੀਜ਼ਲ ਹਰਚੰਦਪੁਰਾ ਦਿੱਤਾ।ਉਨ੍ਹਾਂ ਕਿਹਾ ਕਿ ਕਿਸਾਨ ਫ਼ਸਲਾਂ ਬਚਾਉਣ ਲਈ ਬੰਨ੍ਹ ਮਜਬੂਤੀ ਲਈ ਟਰੈਕਟਰ ਟਰਾਲੀਆਂ ਦੀ ਵਰਤੋਂ ਕਰ ਰਹੇ ਹਨ, ਉਨ੍ਹਾਂ ਨੂੰ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਆਈ ਰਾਸ਼ੀ ਡੀਜ਼ਲ ਦਿੱਤਾ ਗਿਆ ਹੈ।

ਉਨ੍ਹਾਂ ਦੱਸਿਆ ਹੈ ਕਿ ਪਿੰਡ ਕਰਤਾਰਪੁਰਾ 'ਚ ਮੀਂਹ ਪੈਣ ਕਾਰਨ ਗ਼ਰੀਬ ਲੋਕਾਂ ਦੀਆਂ ਛੱਤਾਂ ਚੋਣ ਲੱਗ ਗਈਆਂ ਸਨ, ਉਨ੍ਹਾਂ ਨੂੰ 15 ਤਰਪਾਲਾਂ ਭੇਟ ਕੀਤੀਆਂ ਹਨ। ਸਾਬਕਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਨਿਧਾਨ ਸਿੰਘ ਜੈਖਰ ਨੇ ਕਿਸਾਨਾਂ ਨੂੰ 10 ਹਜ਼ਾਰ ਰੁਪਏ ਦੀ ਸਹਾਇਤਾ ਵਜੋਂ ਦਿੱਤੇ ਹਨ।ਜਗਮੀਤ ਸਿੰਘ ਹਰਿਆਉ ਨੇ ਪਿੰਡਾਂ ਨੂੰ ਵਿਸ਼ਵਾਸ ਦਿਵਾਇਆ ਹੈ ਕਿ ਜੇਕਰ ਹੋਰ ਕਿਸੇ ਚੀਜ਼ ਦੀ ਜ਼ਰੂਰਤ ਪੈਂਦੀ ਹੈ ਤਾਂ ਉਹ ਹਾਜ਼ਰ ਹਨ।

## ਡੈਮੋਕ੍ਰੇਟਿਕ ਟੀਚਰਜ਼ ਫਰੰਟ ਵੱਲੋਂ ਹੜ੍ਹ ਪੀੜਤ ਪਰਵਾਰਾਂ ਦੀ ਮਦਦ ਦਾ ਐਲਾਨ, 30 ਲੱਖ ਰੁਪਿਆ ਇਕੱਠਾ ਕੀਤਾ

**ਮਾਨਸਾ (ਆਤਮਾ ਸਿੰਘ ਪਮਾਰ)**

ਪੰਜਾਬ ਵਿੱਚ ਹੜ੍ਹਾਂ ਕਾਰਨ ਵਾਪਰੀ ਭਿਆਨਕ ਤਰਾਸਦੀ ਕਾਰਨ ਸੂਬੇ ਦੇ ਲਗਭਗ ਅੱਠ ਜ਼ਿਲ੍ਹਿਆਂ 'ਚ ਹਜ਼ਾਰਾਂ ਲੋਕ ਪ੍ਰਭਾਵਤ ਹੋਏ ਹਨ।ਅਨੇਕਾਂ ਮੌਤਾਂ ਹੋਣ ਅਤੇ ਲਗਭਗ 15 ਹਜ਼ਾਰ ਕਰੋੜ ਰੁਪਏ ਦਾ ਮਾਲੀ ਨੁਕਸਾਨ ਹੋਣ ਦਾ ਅਨੁਮਾਨ ਹੈ। ਇਸ ਬਿਪਤਾ ਭਰੇ ਸਮੇਂ 'ਚ ਪ੍ਰਤੀਨਿਧ ਅਧਿਆਪਕ ਜਥੇਬੰਦੀ ਡੈਮੋਕਰੈਟਿਕ ਟੀਚਰਜ਼ ਫਰੰਟ ਨੇ ਤੁਰੰਤ ਹੜ੍ਹ ਪ੍ਰਭਾਵਤ ਇਲਾਕਿਆਂ 'ਚ ਜਾ ਕੇ ਸਰਵੇ ਕਰਨ ਉਪਰੰਤ ਪੀੜਤ ਪਰਵਾਰਾਂ ਦੀ ਹਰ ਸੰਭਵ ਮਦਦ ਕਰਨ ਦਾ ਫੈਸਲਾ ਕੀਤਾ ਹੈ।

ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਪੰਜਾਬ ਦੇ ਸੂਬਾਈ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਅਤੇ ਸੂਬਾ ਜਨਰਲ ਸਕੱਤਰ ਰੇਸ਼ਮ ਸਿੰਘ ਬਠਿੰਡਾ ਦੀ ਅਗਵਾਈ ਵਿੱਚ ਡੀ ਟੀ ਐਫ਼ ਦੇ ਜਿਲ੍ਹਾ ਮਾਨਸਾ ਦੇ ਪ੍ਰਧਾਨ ਕਰਮਜੀਤ ਤਾਮਕੋਟ ਤੇ ਹਰਜਿੰਦਰ ਅਨੂਪਗੜ੍ਹ ਨੇ ਦੱਸਿਆ ਕਿ ਸੂਬਾ ਕਮੇਟੀ ਕੋਲ ਹੁਣ ਤੱਕ ਲਗਭਗ 30 ਲੱਖ ਦੀ ਰਾਸ਼ੀ ਜਥੇਬੰਦੀ ਕੋਲ ਆ ਚੁੱਕੀ ਹੈ।ਸੂਬੇ ਭਰ ਦੇ ਅਧਿਆਪਕਾਂ ਨੇ ਜਥੇਬੰਦੀ ਨੂੰ ਦਿਲ ਖੋਲ੍ਹ ਕੇ ਵਿੱਤੀ ਸਹਾਇਤਾ ਦਿੱਤੀ ਹੈ।ਉਨ੍ਹਾਂ ਦੋਸ਼ ਲਾਇਆ ਕਿ ਦੇਸ਼ ਦੇ ਪ੍ਰਧਾਨ ਮੰਤਰੀ ਵੱਲੋਂ 1600 ਕਰੋੜ ਦੀ ਐਲਾਨੀ ਗਈ ਰਾਹਤ ਰਾਸ਼ੀ ਊਠ ਦੇ ਮੂੰਹ ਵਿੱਚ ਜੀਰਾ ਦੇਣ ਦੇ ਬਰਾਬਰ ਹੈ।

ਡੀ.ਟੀ.ਐਫ਼ ਦੇ ਸੀਨੀਅਰ ਆਗੂਆਂ ਰਾਜਵਿੰਦਰ ਸਿੰਘ ਬੈਹਣੀਵਾਲ, ਗੁਰਬਚਨ ਹੀਰੇਵਾਲਾ, ਗੁਰਪ੍ਰੀਤ ਭੀਖੀ ਨੇ ਦੱਸਿਆ ਕਿ ਇਕੱਠੀ ਹੋਈ ਰਾਸ਼ੀ ਨਾਲ ਹੜ੍ਹ ਪੀੜਤਾਂ ਦੇ ਮੁੜ ਵਸੇਬੇ ਲਈ ਯਤਨ ਕੀਤੇ ਜਾਣਗੇ।ਉਨ੍ਹਾਂ ਕਿਹਾ ਕਿ ਮਾਲਵਾ ਖੇਤਰ ਦੇ ਫ਼ਾਜ਼ਿਲਕਾ, ਫ਼ਿਰੋਜ਼ਪੁਰ, ਮਾਝੇ ਦੇ ਪਠਾਨਕੋਟ ਗੁਰਦਾਸਪੁਰ ਤੇ ਦੁਆਬੇ ਦੇ ਕਪੂਰਥਲਾ ਜ਼ਿਲ੍ਹੇ ਵਿੱਚੋਂ ਸਭ ਤੋਂ ਵੱਧ ਪ੍ਰਭਾਵਿਤ ਪਿੰਡਾਂ ਨੂੰ ਅਪਣਾਇਆ ਜਾਵੇਗਾ।ਆਗੂਆਂ ਨੇ ਦੱਸਿਆ ਕਿ ਜ਼ਮੀਨਾਂ ਵਿੱਚ ਜੰਮ ਚੁੱਕੀ ਗਾਰ ਨੂੰ ਕੱਢਣ ਲਈ ਵੱਡੇ ਪੱਧਰ 'ਤੇ ਟਰੈਕਟਰਾਂ ਵਿੱਚ ਡੀਜ਼ਲ ਦੀ ਜ਼ਰੂਰਤ ਪਵੇਗੀ।ਇਸ ਤੋਂ ਬਿਨਾਂ ਬੀਜ, ਖਾਦ, ਪਸ਼ੂਆਂ ਦਾ ਚਾਰਾ, ਵਗੈਰਾ ਖੇਤ ਮਜ਼ਦੂਰ ਪ੍ਰੀਵਾਰਾਂ ਦੇ ਪਸ਼ੂਆਂ ਡੰਗਰਾਂ, ਢਹਿ ਚੁੱਕੇ ਘਰਾਂ ਦੀ ਮੁਰੰਮਤ ਲਈ ਵੀ ਵਿੱਤੀ ਮੱਦਦ ਕੀਤੀ ਜਾਵੇਗੀ। ਸੂਬਾ ਪ੍ਰਧਾਨ ਦਿੱਗਵਿਜੇ ਪਾਲ ਸ਼ਰਮਾ ਨੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਦੀ ਬੇਰੁਖੀ ਅਤੇ ਅਣਗਹਿਲੀ ਕਾਰਨ ਲੋਕਾਂ ਨੂੰ ਜਾਨ-ਮਾਲ ਤੋਂ ਹੱਥ ਧੋਣੇ ਪਏ ਹਨ।ਜਥੇਬੰਦੀ ਦੇ ਆਗੂਆਂ ਨਿਧਾਨ ਸਿੰਘ, ਸ਼ਿੰਗਾਰਾ ਸਿੰਘ, ਤਰਸੇਮ ਬੋੜਾਵਾਲ, ਹਰਫੂਲ ਸਿੰਘ, ਰਾਜਿੰਦਰ ਸਿੰਘ ਨੇ ਸੂਬਾ ਸਰਕਾਰ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਜਦੋਂ ਮੌਸਮ ਵਿਭਾਗ ਵੱਲੋਂ ਆਗੇਤੀ ਤੇ ਭਰਵੀਂ ਬਾਰਸ਼ ਦੀਆਂ ਚਿਤਾਵਨੀਆਂ ਦਿੱਤੀਆਂ ਗਈਆਂ ਸਨ।

## ਨੈਤਿਕਤਾ ਦੇ ਆਧਾਰ 'ਤੇ ਪੰਜਾਬ ਸਰਕਾਰ ਦੇਵੇ ਅਸਤੀਫ਼ਾ : ਖੇੜੀ

**ਸ਼ੇਰਪੁਰ (ਰਵੀ ਟਿੱਬਾ)**-ਬਦਲਾਅ ਦੇ ਵੱਡੇ ਹੋਕੇ ਨਾਲ ਸੱਤਾ 'ਚ ਆਈ 'ਆਪ' ਸਰਕਾਰ ਦਾ ਬਦਲਾਅ ਜੇਲ੍ਹਾਂ, ਵਿਆਹਾਂ ਅਤੇ ਹਸਪਤਾਲਾਂ ਵਿੱਚ ਹੀ ਉਲਝਿਆ ਹੋਇਆ ਹੈ। ਇਹ ਵਿਚਾਰ ਕਾਂਗਰਸ ਦੇ ਸੀਨੀਅਰ ਆਗੂ ਐਡਵੋਕੇਟ ਜਸਵੀਰ ਸਿੰਘ ਖੇੜੀ ਵੱਲੋਂ ਸਾਂਝੇ ਕੀਤੇ ਗਏ।ਖੇੜੀ ਨੇ ਕਿਹਾ ਕਿ ਜਦੋਂ ਤੋਂ ਮਾਨ ਸਰਕਾਰ ਸੱਤਾ ਵਿੱਚ ਆਈ ਹੈ, ਉਦੋਂ ਤੋਂ ਇਨ੍ਹਾਂ ਦੇ ਵਿਧਾਇਕਾਂ ਅਤੇ ਮੰਤਰੀਆਂ ਦੇ ਵਿਆਹ ਚੱਲੀ ਜਾਂਦੇ ਹਨ ਅਤੇ ਹਰ ਹਫ਼ਤੇ ਕੋਈ ਨਾ ਕੋਈ ਮੰਤਰੀ ਜਾਂ ਵਿਧਾਇਕ ਜੇਲ੍ਹ ਯਾਤਰਾ 'ਤੇ ਰਹਿੰਦਾ ਹੈ ਤੇ ਮੁੱਖ ਮੰਤਰੀ ਭਗਵੰਤ ਮਾਨ ਖੁਦ ਚੌਥੇ ਦਿਨ ਹਸਪਤਾਲ ਭਰਤੀ ਹੋ ਜਾਂਦੇ ਹਨ।

ਉਨ੍ਹਾਂ ਕਿਹਾ ਕਿ ਵਿਧਾਇਕ ਪਠਾਨਮਾਜਰਾ ਭੱਜਿਆ ਹੋਇਆ ਹੈ ਤੇ ਐਮਐਲਏ ਲਾਲਪੁਰਾ ਨੂੰ ਲੜਕੀ ਨਾਲ ਛੇੜਛਾੜ ਦੇ ਮਾਮਲੇ ਵਿੱਚ ਦੋਸ਼ੀ ਠਹਿਰਾ ਕੇ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਹੈ।ਇਸ ਤੋਂ ਇਲਾਵਾ ਇਨ੍ਹਾਂ ਦੇ ਕਈ ਵਿਧਾਇਕ ਤੇ ਮੰਤਰੀ ਪਹਿਲਾਂ ਹੀ ਭ੍ਰਿਸ਼ਟਾਚਾਰ ਸਣੇ ਹੋਰ ਗੰਭੀਰ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ।ਖੇੜੀ ਨੇ ਅੱਗੇ ਕਿਹਾ ਕਿ ਮੌਜੂਦਾ ਸਮੇਂ ਵਿੱਚ ਪੰਜਾਬ ਸਰਕਾਰ 'ਚ ਭੜਥੂ ਮਚਿਆ ਹੋਇਆ ਹੈ ਅਤੇ ਮੰਤਰੀ ਵਿਧਾਇਕ ਇੱਕ ਦੂਜੇ ਤੋਂ ਰੁੱਸੇ ਹੋਏ ਹਨ ਤੇ ਪਾਰਟੀ ਅੰਦਰ ਘਮਾਸਾਣ ਹੈ। ਅਜਿਹੀ ਸਥਿਤੀ ਵਿੱਚ ਪੰਜਾਬ ਸਰਕਾਰ ਆਪਣੀਆਂ ਜ਼ਿੰਮੇਵਾਰੀਆਂ ਨਹੀਂ ਨਿਭਾ ਸਕਦੀ, ਇਸ ਲਈ ਨੈਤਿਕਤਾ ਦੇ ਆਧਾਰ 'ਤੇ ਪੂਰੀ ਸਰਕਾਰ ਨੂੰ ਹੀ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ।

## ਕਿਸਾਨ ਸਿਖਲਾਈ ਕੈਂਪ ਲਾਇਆ



**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਮੁੱਖ ਖੇਤੀਬਾੜੀ ਅਫ਼ਸਰ ਡਾਕਟਰ ਗੁਰਪ੍ਰੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਬਲਾਕ ਖੇਤੀਬਾੜੀ ਅਫ਼ਸਰ ਡਾਕਟਰ ਚਰਨਜੀਤ ਸਿੰਘ ਦੀ ਅਗਵਾਈ ਹੇਠ ਹਰਗੋਬਿੰਦ ਸਿੰਘ ਖੇਤੀਬਾੜੀ ਸਬ ਇੰਸਪੈਕਟਰ ਵੱਲੋਂ ਪਿੰਡ ਦੀਨਾ ਸਾਹਿਬ ਵਿਖੇ ਕਿਸਾਨ ਸਿਖਲਾਈ ਕੈਂਪ ਲਾਇਆ ਗਿਆ।ਹਰਗੋਬਿੰਦ ਸਿੰਘ ਨੇ ਪਰਾਲ਼ੀ ਨੂੰ ਅੱਗ ਲਾਉਣ ਨਾਲ ਹੋਣ ਵਾਲੇ ਨੁਕਸਾਨ ਸੰਬੰਧੀ ਦੱਸਦਿਆਂ ਕਿਹਾ ਕਿ ਮਿੱਟੀ ਤੇ ਹਵਾ ਨੂੰ ਪ੍ਰਦੂਸ਼ਤ ਹੋਣ ਤੋਂ ਬਚਾਉਣ ਲਈ ਪਰਾਲ਼ੀ ਨਾ ਸਾੜ ਕੇ ਆਧੁਨਿਕ ਖੇਤੀ ਤਕਨੀਕਾਂ ਮਸ਼ੀਨਾਂ ਰਾਹੀਂ ਪਰਾਲ਼ੀ ਨੂੰ ਖੇਤਾਂ ਵਿੱਚ ਵਾਹੁਣ ਦੀ ਅਪੀਲ ਵੀ ਕੀਤੀ ਅਤੇ ਖੇਤੀਬਾੜੀ ਸਬ ਇੰਸਪੈਕਟਰ ਮੰਗੂ ਸਿੰਘ ਨੇ ਝੋਨੇ ਦੀ ਫ਼ਸਲ ਸਬੰਧੀ ਮੌਸਮ ਨੂੰ ਬਿਆਨ ਰੱਖਦਿਆਂ ਕੀੜੇ ਮਕੌੜੇ ਤੇ ਬਿਮਾਰੀਆਂ ਤੋਂ ਲਈ ਵਿਭਾਗ ਵੱਲੋਂ ਸਿਫ਼ਾਰਸ਼ਸ਼ੁਦਾ ਦਵਾਈਆਂ ਸਬੰਧੀ ਅਹਿਮ ਜਾਣਕਾਰੀ ਦਿੱਤੀ ਗਈ।

## ਡਾ. ਬੋਪਾਰਾਏ ਨੇ ਬਤੌਰ ਪ੍ਰਿੰਸੀਪਲ ਅਹੁਦਾ ਸੰਭਾਲਿਆ



**ਲੌਂਗੋਵਾਲ (ਪ੍ਰਦੀਪ ਸੱਪਲ)**-ਪਿੰਡ ਦੁੱਗਾਂ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਡਾ. ਬਲਵਿੰਦਰ ਸਿੰਘ ਬੋਪਾਰਾਏ ਨੇ ਬਤੌਰ ਪ੍ਰਿੰਸੀਪਲ ਆਪਣਾ ਆਹੁਦਾ ਸੰਭਾਲ ਲਿਆ ਹੈ।ਸਕੂਲ ਵਿੱਚ ਨਵੇਂ ਆਏ ਪ੍ਰਿੰਸੀਪਲ ਡਾ. ਬੋਪਾਰਾਏ ਦਾ ਸਮੂਹ ਸਕੂਲ ਸਟਾਫ਼ ਤੇ ਐਸ.ਐਮ.ਸੀ. ਕਮੇਟੀ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ।

## ਐੱਸ ਐੱਸ ਪੀ ਨੇ ਹੜ੍ਹ ਪੀੜਤ ਦੇ ਘਰ ਪਹੁੰਚ ਦਿੱਤਾ ਹੌਸਲਾ, ਕਿਹਾ ਘਰ ਦੁਬਾਰਾ ਬਣਾਵਾਂਗੇ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**

ਜ਼ਿਲ੍ਹਾ ਹੜ੍ਹਾਂ ਦੀ ਭਿਆਨਕ ਮਾਰ ਝੱਲ ਰਿਹਾ ਹੈ, ਜਿੱਥੇ ਸੈਂਕੜੇ ਪਰਵਾਰਾਂ ਦੇ ਘਰ ਅਤੇ ਰੋਜ਼ੀ-ਰੋਟੀ ਤਬਾਹ ਹੋ ਗਈ ਹੈ। ਇਸ ਮੁਸ਼ਕਲ ਘੜੀ ਵਿਚ ਜਿੱਥੇ ਆਮ ਨਾਗਰਿਕ ਤੇ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਹੜ੍ਹ ਪੀੜਤਾਂ ਦੀ ਮਦਦ ਲਈ ਅੱਗੇ ਆ ਰਹੀਆਂ ਹਨ, ਉੱਥੇ ਪੰਜਾਬ ਪੁਲਸ ਨੇ ਵੀ ਆਪਣੀ ਮਨੁੱਖਤਾ ਦਾ ਸਬੂਤ ਦਿੱਤਾ ਹੈ। ਫ਼ਿਰੋਜ਼ਪੁਰ ਦੇ ਸੀਨੀਅਰ ਕਪਤਾਨ ਪੁਲਸ (ਐੱਸ.ਐੱਸ.ਪੀ.) ਭੁਪਿੰਦਰ ਸਿੰਘ ਨੇ ਖ਼ੁਦ ਇੱਕ ਪੀੜਤ ਪਰਵਾਰ ਦੀ ਪੁਕਾਰ ਸੁਣੀ ਅਤੇ ਉਨ੍ਹਾਂ ਦੀ ਮੱਦਦ ਲਈ ਪਹੁੰਚੇ। ਐੱਸ.ਐੱਸ.ਪੀ. ਭੁਪਿੰਦਰ ਸਿੰਘ ਨੂੰ ਨਿਊ ਗੱਡੀ ਰਾਜੋ ਕੇ ਪਿੰਡ ਦੇ ਇਕ ਹੜ੍ਹ ਪੀੜਤ ਨੇ ਆਪਣੀ ਮੰਦਹਾਲੀ ਬਾਰੇ ਦੱਸਿਆ। ਉਸ ਨੇ ਦੱਸਿਆ ਕਿ ਹੜ੍ਹਾਂ ਕਾਰਨ ਉਸ ਦਾ ਘਰ ਪੂਰੀ ਤਰ੍ਹਾਂ ਨਾਲ ਤਬਾਹ ਹੋ ਚੁੱਕਾ ਹੈ ਅਤੇ ਉਹ ਆਪਣੇ ਪਰਵਾਰ ਸਮੇਤ ਟੁੱਟੀ ਹੋਈ ਛੱਤ ਉੱਤੇ ਤਿਰਪਾਲ ਪਾ ਕੇ ਰਹਿਣ ਲਈ ਮਜਬੂਰ ਹਨ। ਇਹ ਜਾਣਕਾਰੀ ਮਿਲਦੇ ਹੀ ਐੱਸ.ਐੱਸ.ਪੀ. ਨੇ ਤੁਰੰਤ ਕਾਰਵਾਈ ਕੀਤੀ ਅਤੇ ਖ਼ੁਦ ਬੇੜੀ ਰਾਹੀਂ ਉਸ ਪੀੜਤ ਪਰਿਵਾਰ ਦੇ ਘਰ ਪਹੁੰਚੇ। ਪਰਵਾਰ ਨਾਲ ਮੁਲਾਕਾਤ ਕਰਕੇ ਉਨ੍ਹਾਂ ਦਾ ਹਾਲ ਜਾਣਨ ਤੋਂ ਬਾਅਦ ਐੱਸਐੱਸਪੀ ਭੁਪਿੰਦਰ ਸਿੰਘ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ। ਉਨ੍ਹਾਂ ਨੇ ਕਿਹਾ ਕਿ ਅਗਲੇ ਹੀ ਦਿਨ ਤੋਂ ਉਨ੍ਹਾਂ ਦੇ ਘਰ ਦੀ ਮੁਰੰਮਤ ਦਾ ਕੰਮ ਸ਼ੁਰੂ ਹੋ ਜਾਵੇਗਾ ਅਤੇ ਜ਼ਰੂਰੀ ਸਮਾਨ ਵੀ ਪਹੁੰਚ ਜਾਵੇਗਾ। ਉਨ੍ਹਾਂ ਨੇ ਇਹ ਵੀ ਵਾਅਦਾ ਕੀਤਾ ਕਿ ਬਹੁਤ ਹੀ ਘੱਟ ਸਮੇਂ ਵਿੱਚ ਉਨ੍ਹਾਂ ਦਾ ਘਰ ਦੁਬਾਰਾ ਖੜ੍ਹਾ ਕਰ ਦਿੱਤਾ ਜਾਵੇਗਾ। ਐੱਸਐੱਸਪੀ ਨੇ ਦੱਸਿਆ ਕਿ ਨਿਊ ਗੱਡੀ ਰਾਜੋ ਕੇ ਪਿੰਡ ਹੜ੍ਹਾਂ ਕਾਰਨ ਬੁਰੀ ਤਰ੍ਹਾਂ ਤਬਾਹ ਹੋ ਗਿਆ ਹੈ ਤੇ ਪੁਲਿਸ ਹਰ ਸੰਭਵ ਮੱਦਦ ਲਈ ਤਿਆਰ ਹੈ। ਐੱਸਐੱਸਪੀ ਨੇ ਹੋਰ ਸਮਾਜ ਸੇਵੀ ਸੰਸਥਾਵਾਂ ਤੇ ਨਾਗਰਿਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਇਸ ਮੁਸ਼ਕਿਲ ਸਮੇਂ ਵਿਚ ਹੜ੍ਹ ਪੀੜਤਾਂ ਦੀ ਮਦਦ ਲਈ ਅੱਗੇ ਆਉਣ। ਉਨ੍ਹਾਂ ਕਿਹਾ ਕਿ ਕਾਨੂੰਨ ਵਿਵਸਥਾ ਬਣਾਏ ਰੱਖਣ ਦੇ ਨਾਲ-ਨਾਲ ਪੰਜਾਬ ਪੁਲਿਸ ਦੇ ਅਧਿਕਾਰੀ ਹੜ੍ਹ ਪੀੜਤਾਂ ਲਈ ਲੰਗਰ ਅਤੇ ਹੋਰ ਜ਼ਰੂਰੀ ਸਮਾਨ ਮੁਹੱਈਆ ਕਰਾਉਣ ਦਾ ਕੰਮ ਵੀ ਕਰ ਰਹੇ ਹਨ।

## ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਮੀਟਿੰਗ



**ਦਿੜ੍ਹਬਾ (ਜਸਵੀਰ ਲਾਡੀ)**

ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਦਿੜ੍ਹਬਾ ਬਲਾਕ ਦੀ ਮੀਟਿੰਗ ਬਲਾਕ ਦਿੜ੍ਹਬਾ ਦੇ ਪ੍ਰਧਾਨ ਭਰਭੂਰ ਸਿੰਘ ਮੌੜਾਂ ਤੇ ਪ੍ਰੈਸ ਸਕੱਤਰ ਚਰਨਜੀਤ ਸਿੰਘ ਘਨੌੜ ਸੰਤਪੁਰਾ ਦੀ ਅਗਵਾਈ ਹੇਠ ਗੁਰਦੁਆਰਾ ਬਾਬਾ ਬੈਰਸੀਆਣਾ ਸਾਹਿਬ ਵਿਖੇ ਹੋਈ, ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਸੂਬਾ ਮੀਤ ਪ੍ਰਧਾਨ ਜਨਕ ਸਿੰਘ ਭੁਟਾਲ, ਸੂਬਾ ਪ੍ਰਚਾਰ ਸਕੱਤਰ ਜਗਤਾਰ ਸਿੰਘ ਕਾਲਾਝਾੜ, ਜ਼ਿਲ੍ਹਾ ਪ੍ਰਧਾਨ ਅਮਰੀਕ ਸਿੰਘ ਗੰਢੂਆਂ, ਜ਼ਿਲ੍ਹਾ ਜਨਰਲ ਸਕੱਤਰ ਦਰਬਾਰਾ ਸਿੰਘ ਛਾਜਲਾ ਨੇ ਸ਼ਿਰਕਤ ਕੀਤੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾ ਮੀਤ ਪ੍ਰਧਾਨ ਜਨਕ ਸਿੰਘ ਭੁਟਾਲ ਨੇ ਕਿਹਾ ਕਿ ਹੜ੍ਹ ਪੀੜਤਾਂ ਦੀ ਮੱਦਦ ਲਈ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਇਸ ਜ਼ਿਲ੍ਹਿਆਂ ਨੂੰ ਪੰਜ ਜ਼ੋਨਾਂ ਵਿੱਚ ਵੰਡਿਆ ਗਿਆ ਹੈ। ਦਿੜ੍ਹਬਾ ਬਲਾਕ ਦੀ ਡਿਊਟੀ ਅੰਮ੍ਰਿਤਸਰ ਜ਼ਿਲ੍ਹੇ ਵਿਖੇ ਲਾਈ ਗਈ ਹੈ ਤਾਂ ਜੁ ਉਨ੍ਹਾਂ ਤੱਕ ਸਾਰੀਆਂ ਲੋੜੀਂਦੀਆਂ ਚੀਜ਼ਾਂ ਨਕਦੀ, ਰਾਸ਼ਨ, ਹਰਾ ਚਾਰਾ, ਤੂੜੀ, ਦਵਾਈਆਂ, ਕੱਪੜੇ ਦੇਣ ਤੇ ਉਨ੍ਹਾਂ ਦੀ ਜ਼ਮੀਨ ਪੱਧਰ ਕਰਕੇ ਕਣਕ ਬੀਜਣ ਤੱਕ ਦੀ ਵਿਊਂਤਬੰਦੀ ਕੀਤੀ ਗਈ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰਚਾਰ ਸਕੱਤਰ ਜਗਤਾਰ ਸਿੰਘ ਕਾਲਾਝਾੜ ਨੇ ਕਿਹਾ ਕਿ ਜ਼ਮੀਨ 'ਚੋਂ ਗਾਰ/ਰੇਤ ਕੱਢਣ ਅਤੇ ਜ਼ਮੀਨ ਹਾੜੀ ਦੀ ਫ਼ਸਲ ਲਈ ਤਿਆਰ ਕਰਨ ਵਾਸਤੇ 1000 ਟਰੈਕਟਰ ਅਤੇ ਝੋਨੇ ਦੀ ਵਢਾਈ ਦੇ ਸੀਜ਼ਨ ਵਿੱਚ ਵੀ 1500 ਟਰੈਕਟਰ ਪੀੜਤਾਂ ਦੀ ਮੱਦਦ ਲਈ ਭੇਜੇ ਜਾਣਗੇ। ਜਥੇਬੰਦੀ ਵੱਲੋਂ ਪੀੜਤਾਂ ਦੇ 1000 ਪਿੰਡਾਂ ਦੀ 1000 ਪਿੰਡਾਂ ਵੱਲੋਂ ਹਰ ਪੱਖੋਂ ਹਰ ਲੋੜ ਪੂਰੀ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਅਮਰੀਕ ਸਿੰਘ ਗੰਢੂਆਂ ਨੇ ਕਿਹਾ ਕਿ ਇਸ ਤੋਂ ਇਲਾਵਾ ਹਜ਼ਾਰਾਂ ਕੁਇੰਟਲ, ਕਣਕ, ਤੂੜੀ, ਹਰਾ ਚਰਾ, ਮਜ਼ਦੂਰਾਂ, ਬੇਜ਼ਮੀਨੇ ਕਿਸਾਨਾਂ ਤੇ ਗਰੀਬਾਂ ਲਈ ਭੇਜਣ ਦੀ ਵਿਉਂਤਬੰਦੀ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਜਨਰਲ ਸਕੱਤਰ ਦਰਬਾਰਾ ਸਿੰਘ ਛਾਜਲਾ ਨੇ ਕਿਹਾ ਕਿ ਬਿਮਾਰੀਆਂ ਲਈ ਡਾਕਟਰੀ ਸਹਾਇਤਾ ਤੇ ਲੋੜਵੰਦਾਂ ਲਈ ਕੱਪੜੇ ਬਿਸਤਰੇ ਵੀ ਭੇਜੇ ਜਾਣਗੇ।

ਬਲਾਕ ਪ੍ਰਧਾਨ ਭਰਭੂਰ ਸਿੰਘ ਮੌੜਾਂ ਨੇ ਕਿਹਾ ਕਿ ਇੱਕ ਪਾਸੇ ਕੇਂਦਰ ਤੇ ਪੰਜਾਬ ਸਰਕਾਰ ਵੱਲੋਂ ਲਿਆਂਦੇ ਹੜ੍ਹਾਂ ਦੀ ਤਬਾਹੀ ਆਈ ਤੇ ਦੂਜੇ ਪਾਸੇ ਇਨਸਾਫ਼ ਪਸੰਦ ਲੋਕਾਂ ਵਲੋਂ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਵੀ ਹੜ੍ਹ ਹੀ ਲਿਆ ਦਿੱਤਾ, ਜਿਸ ਨੂੰ ਕਣਕ ਦੀ ਬਿਜਾਈ ਤੱਕ ਜਾਰੀ ਰੱਖਣ ਦੀ ਲੋੜ ਹੈ। ਉਨ੍ਹਾਂ ਕਿਹਾ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਬਹੁਤ ਨਿਗੂਣਾ ਮੁਆਵਜ਼ਾ ਐਲਾਨ ਕੇ ਪੀੜਤਾਂ ਦੇ ਜ਼ਖ਼ਮਾਂ 'ਤੇ ਲੂਣ ਭੁੱਕਿਆ ਹੈ।

## ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦੀ ਹੜ੍ਹਾਂ ਦੇ ਮੱਦੇਨਜ਼ਰ ਅਹਿਮ ਮੀਟਿੰਗ



**ਜ਼ੀਰਾ (ਨਰਿੰਦਰ ਅਨੇਜਾ)**

ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿ. 295 ਦੇ ਸੂਬਾ ਪ੍ਰਧਾਨ ਵੈਦ ਧੰਨਾ ਮੱਲ ਗੋਇਲ ਤੇ ਜ਼ਿਲ੍ਹਾ ਫਿਰੋਜ਼ਪੁਰ ਦੇ ਪ੍ਰਧਾਨ ਡਾਕਟਰ ਹਰਭਜਨ ਕੰਬੋਜ਼ ਦੀ ਯੋਗ ਅਗਵਾਈ ਹੇਠ ਚੱਲ ਰਹੀ ਜਥੇਬੰਦੀ ਦੀ ਇਕਾਈ ਜ਼ੀਰਾ (ਜ਼ਿਲ੍ਹਾ ਫਿਰੋਜ਼ਪੁਰ)ਦੀ ਮਹੀਨਾਵਾਰ ਇਕੱਤਰਤਾ ਪ੍ਰਧਾਨ ਸ਼ਮਸ਼ੇਰ ਸਿੰਘ ਸਿੰਘ ਦੀ ਪ੍ਰਧਾਨਗੀ ਹੇਠ ਹੜ੍ਹਾਂ ਦੇ ਰੂਪ ਵਿੱਚ ਆਈ ਕੁਦਰਤੀ ਕਰੋਪੀ ਸਬੰਧੀ ਅਹਿਮ ਮੀਟਿੰਗ ਗੁਰਦੁਆਰਾ ਸਿੰਘ ਸਭਾ ਜ਼ੀਰਾ ਵਿੱਚ ਹੋਈ, ਜਿਸ ਵਿੱਚ ਸੂਬਾ ਕੈਸ਼ੀਅਰ ਡਾਕਟਰ ਰਾਕੇਸ਼ ਮਹਿਤਾ, ਜ਼ਿਲ੍ਹਾ ਸਕੱਤਰ ਸੰਤੋਖ ਸਿੰਘ, ਜ਼ਿਲ੍ਹਾ ਸਲਾਹਕਾਰ ਜਸਵੰਤ ਸਿੰਘ, ਸੀਨੀਅਰ ਆਗੂ ਡਾਕਟਰ ਆਤਮਾ ਸਿੰਘ ਤੇ ਬਲਾਕ ਘੱਲ ਖੁਰਦ ਦੇ ਕੈਸ਼ੀਅਰ ਡਾਕਟਰ ਹਰਪ੍ਰੀਤ ਸਿੰਘ ਵਿਸ਼ੇਸ਼ ਤੌਰ 'ਤੇ ਪਹੁੰਚੇ। ਮੀਟਿੰਗ ਵਿੱਚ ਪ੍ਰੈਕਟੀਸ਼ਨਰਾਂ ਨੂੰ ਪ੍ਰੈਕਟਿਸ ਕਰਦੇ ਹੋਏ ਆ ਰਹੀਆਂ ਸਮੱਸਿਆਵਾਂ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ।ਇਕੱਤਰਤਾ 'ਚ ਵੱਡੀ ਗਿਣਤੀ ਵਿੱਚ ਹਾਜ਼ਰ ਜ਼ੀਰਾ ਤੇ ਆਸ-ਪਾਸ ਦੇ ਪਿੰਡਾਂ ਵਿੱਚ ਕੰਮ ਕਰਦੇ ਪ੍ਰੈਕਟੀਸ਼ਨਰਾਂ ਨੂੰ ਸੰਬੋਧਨ ਕਰਦਿਆਂ ਸੂਬਾ ਕੈਸ਼ੀਅਰ ਡਾਕਟਰ ਰਾਕੇਸ਼ ਮਹਿਤਾ ਤੇ ਜ਼ਿਲ੍ਹੇ ਦੇ ਉਪਰੋਕਤ ਸੀਨੀਅਰ ਆਗੂਆਂ ਨੇ ਪਿਛਲੇ ਕੁੱਝ ਦਿਨਾਂ ਤੋਂ ਆਏ ਹੜ੍ਹਾਂ ਸਬੰਧੀ ਕਿਹਾ ਕਿ ਪੰਜਾਬ ਦੇ ਬਹੁਤ ਸਾਰੇ ਜ਼ਿਲ੍ਹੇ ਹੜ੍ਹਾਂ ਦੀ ਮਾਰ ਹੇਠ ਆਏ ਹੋਏ ਹਨ।ਇਸ ਤੋਂ ਪਹਿਲਾਂ 2019 ਵਿੱਚ ਹੜ੍ਹ ਆਏ,2020 ਵਿੱਚ ਕੋਰੋਨਾ ਰੂਪੀ ਮਹਾਂਮਾਰੀ ਆਈ,2023 ਵਿੱਚ ਫਿਰ ਹੜ੍ਹ ਆਏ ਅਤੇ ਇਸ ਸਾਲ ਬਹੁਤ ਜ਼ਿਆਦਾ ਮੀਂਹ ਪੈਣ ਕਾਰਨ ਹੜ੍ਹਾਂ ਦਾ ਸੰਤਾਪ ਪੰਜਾਬ ਝੱਲ ਰਿਹਾ ਹੈ।ਪਿਛਲੇ ਸਮੇਂ ਤੋਂ ਜਿੰਨੇ ਵੀ ਸੰਤਾਪ ਆਏ, ਸਾਡੀ ਜਥੇਬੰਦੀ ਨੇ ਮਾਨਵ ਸੇਵਾ ਪਰਮੋ ਧਰਮ ਦੇ ਤਹਿਤ ਹਰ ਵਾਰ ਸੰਤਾਪ ਗ੍ਰਸਤ ਲੋਕਾਂ ਦੀ ਸੇਵਾ ਕੀਤੀ ਹੈ।

ਸੀਨੀਅਰ ਆਗੂਆਂ ਤੇ ਬਲਾਕ ਜ਼ੀਰਾ ਦੇ ਹੋਰ ਸੀਨੀਅਰ ਆਗੂਆਂ ਨੇ ਸਰਕਾਰ ਕੋਲੋਂ ਵੀ ਮੰਗ ਕੀਤੀ ਕਿ ਪਿਛਲੇ ਲੰਮੇ ਸਮੇਂ ਤੋਂ ਜੋ ਆਪਣੇ ਕੰਮ ਕਰਨ ਦੇ ਅਧਿਕਾਰ ਨੂੰ ਲੈ ਕੇ ਸੰਘਰਸ਼ ਵਿੱਢਿਆ ਗਿਆ ਸੀ। ਉਦੋਂ ਤੋਂ ਵੱਖ-ਵੱਖ ਸਰਕਾਰਾਂ ਨੇ ਸਰਕਾਰ ਬਣਨ ਤੋਂ ਪਹਿਲਾਂ ਵਾਅਦੇ ਕੀਤੇ, ਪਰ ਬਾਅਦ ਵਿੱਚ ਕਿਸੇ ਨੇ ਵੀ ਸਾਡੀ ਮੰਗ ਦਾ ਵਾਅਦਾ ਪੂਰਾ ਨਹੀਂ ਕੀਤਾ। ਪਹਿਲੀਆਂ ਸਰਕਾਰਾਂ ਦੀ ਤਰ੍ਹਾਂ ਹੀ ਮੌਜੂਦਾ ਸਰਕਾਰ ਦੇ ਸਿਹਤ ਮੰਤਰੀ, ਵਿਧਾਇਕਾਂ ਤੇ ਹੋਰ ਮੰਤਰੀਆਂ ਨੂੰ ਮਿਲ ਕੇ ਪਹਿਲਾਂ ਕੀਤਾ ਗਿਆ ਵਾਅਦਾ ਯਾਦ ਕਰਵਾਉਣ ਦੇ ਬਾਵਜੂਦ ਵੀ ਹੁਣ ਤੱਕ ਸਾਡੀਆਂ ਆਸਾਂ ਨੂੰ ਬੂਰ ਨਹੀਂ ਪਿਆ।ਸੂਬਾ ਕਮੇਟੀ ਦੇ ਦਿਸ਼ਾ ਨਿਰਦੇਸ਼ ਹੇਠ ਸੁੱਤੀ ਸਰਕਾਰ ਨੂੰ ਜਗਾਉਣ ਲਈ ਵੱਖ-ਵੱਖ ਜ਼ਿਲ੍ਹਿਆਂ ਵਿੱਚ ਜ਼ਿਲ੍ਹਾ ਪੱਧਰੀ ਕਨਵੈਨਸ਼ਨਾਂ ਕੀਤੀਆਂ ਜਾ ਰਹੀਆਂ ਹਨ ਤੇ ਜੇਕਰ ਸਾਡੀ ਮੰਗ ਨਹੀਂ ਮੰਨੀ ਗਈ ਤਾਂ ਵੱਡੇ ਪੱਧਰ ਤੇ ਸੰਘਰਸ਼ ਵਿੱਢਿਆ ਜਾਵੇਗਾ।

12-SEP-PAGE-6.qxd 9/11/2025 10:50 PM Page 1



# ਸੂਚਨਾ ਕਮਿਸ਼ਨਰ ਵੱਲੋਂ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੇ ਜੀਵਨ 'ਤੇ ਆਧਾਰਤ ਪੁਸਤਕ ਭੇਟ



ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਪੰਜਾਬ ਰਾਜ ਸੂਚਨਾ ਕਮਿਸ਼ਨਰ ਹਰਪ੍ਰੀਤ ਸੰਧੂ ਨੇ ਅੱਜ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਆਪਣੀ ਪੁਸਤਕ 'ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੀ ਅਧਿਆਤਮਕ ਯਾਤਰਾ' ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ, ਪਟਿਆਲਾ ਵਿਖੇ ਭੇਟ ਕੀਤੀ। ਇਹ ਕਿਤਾਬ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਹੈ।ਇਸ ਮੌਕੇ ਹਰਪ੍ਰੀਤ ਸੰਧੂ ਨੇ ਦੱਸਿਆ ਕਿ ਪੁਸਤਕ ਵਿੱਚ ਗੁਰੂ ਸਾਹਿਬ ਦੇ ਜੀਵਨ ਦੌਰਾਨ ਉਨ੍ਹਾਂ ਨਾਲ ਸੰਬੰਧਤ ਪਵਿੱਤਰ ਸਥਾਨਾਂ ਦਾ ਵੇਰਵਾ ਤਸਵੀਰਾਂ ਸਮੇਤ ਦਿੱਤਾ ਗਿਆ ਹੈ। ਇਹ ਕਿਤਾਬ 22 ਜੁਲਾਈ ਨੂੰ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਵੱਲੋਂ ਰਾਜ ਭਵਨ, ਚੰਡੀਗੜ੍ਹ ਵਿੱਚ ਜਾਰੀ ਕੀਤੀ ਗਈ ਸੀ। ਉਨ੍ਹਾਂ ਦੱਸਿਆ ਕਿ ਇਸ ਪੁਸਤਕ ਵਿੱਚ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੀ ਚਰਨ ਛੋਹ ਧਰਤੀ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਦਾ ਵੇਰਵਾ ਅਤੇ ਫ਼ੋਟੋ ਵੀ ਸ਼ਾਮਲ ਹੈ।ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਪ੍ਰਨਾਮ ਸਿੰਘ ਨੇ ਹਰਪ੍ਰੀਤ ਸੰਧੂ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਪੁਸਤਕ ਗੁਰੂ ਸਾਹਿਬ ਦੀ ਬੇਮਿਸਾਲ ਵਿਰਾਸਤ ਨੂੰ ਸਮਰਪਿਤ ਇੱਕ ਪਵਿੱਤਰ ਸ਼ਰਧਾਂਜਲੀ ਹੈ। ਪੁਸਤਕ ਦੀ ਪ੍ਰਸਤਾਵਨਾ ਅਤੇ ਭੂਮਿਕਾ ਆਕਸਫੋਰਡ ਬਰੂਕਸ ਯੂਨੀਵਰਸਿਟੀ (ਯੂ.ਕੇ.) ਦੇ ਪ੍ਰੋਫੈਸਰ ਪ੍ਰੋ. ਪ੍ਰੀਤਮ ਸਿੰਘ ਵੱਲੋਂ ਲਿਖੀ ਗਈ ਹੈ, ਜਦਕਿ ਪਦਮ ਸ੍ਰੀ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ ਵੱਲੋਂ ਸੰਦੇਸ਼ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ, ਐਸ.ਜੀ.ਪੀ.ਸੀ. ਪ੍ਰਧਾਨ ਹਰਜਿੰਦਰ ਸਿੰਘ ਧਾਮੀ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਕਰਮਜੀਤ ਸਿੰਘ ਵੱਲੋਂ ਦਿੱਤੇ ਸੰਦੇਸ਼ਾਂ ਵਿੱਚ ਇਸ ਪੁਸਤਕ ਨੂੰ ਗੁਰੂ ਸਾਹਿਬ ਦੀ ਅਧਿਆਤਮਿਕ ਯਾਤਰਾ, ਪ੍ਰੇਰਣਾਦਾਇਕ ਜੀਵਨ ਅਤੇ ਚਿਰ-ਸਥਾਈ ਮੁੱਲਾਂ ਨੂੰ ਦਰਸਾਉਂਦਾ ਇੱਕ ਮਹੱਤਵਪੂਰਨ ਯੋਗਦਾਨ ਦੱਸਿਆ ਹੈ।ਇਸ ਮੌਕੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਦੇ ਮੈਨੇਜਰ ਭਾਗ ਸਿੰਘ ਰਾਜਪੁਰਾ, ਅਮਨ ਸੰਧੂ ਅਤੇ ਸੁਪਰਵਾਈਜ਼ਰ ਮਨਦੀਪ ਸਿੰਘ ਵੀ ਹਾਜ਼ਰ ਸਨ।

# ਡਾ. ਮੇਲਾ ਰਾਮ ਬਾਂਸਲ ਦੀ ਬਰਸੀ ਮੌਕੇ ਖ਼ੂਨਦਾਨ ਕੈਂਪ



ਬਠਿੰਡਾ (ਪਰਵਿੰਦਰ ਜੀਤ ਸਿੰਘ)-ਡਾ. ਮੇਲਾ ਰਾਮ ਰੋਡ 'ਤੇ ਬਣੇ ਡਾ. ਮੇਲਾ ਰਾਮ ਮੈਮੋਰੀਅਲ ਹਸਪਤਾਲ 'ਚ ਡਾ. ਮੇਲਾ ਰਾਮ ਬਾਂਸਲ ਦੀ ਪੰਜਵੀਂ ਬਰਸੀ ਮੌਕੇ ਵਿਸ਼ਾਲ ਖ਼ੂਨਦਾਨ ਕੈਂਪ ਲਾਇਆ ਗਿਆ।ਕੈਂਪ 'ਚ 50 ਦੇ ਕਰੀਬ ਖ਼ੂਨਦਾਨੀਆਂ ਵੱਲੋਂ ਆਪਣੀ ਸਵੈਇੱਛਾ ਨਾਲ ਬਲੱਡ ਦਾਨ ਕੀਤਾ ਗਿਆ।ਖ਼ੂਨਦਾਨੀਆਂ ਲਈ ਰਿਫ਼ਰੈਸ਼ਮੈਂਟ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ।ਡਾ. ਭੁਪਿੰਦਰ ਬਾਂਸਲ ਨੇ ਪਿਤਾ ਡਾ. ਮੇਲਾ ਰਾਮ ਬਾਂਸਲ ਦੀ ਯਾਦ 'ਚ ਲਗਾਏ ਗਏ ਖ਼ੂਨਦਾਨ ਕੈਂਪ ਬਾਰੇ ਦੱਸਿਆ ਕਿ ਉਨ੍ਹਾਂ ਵੱਲੋਂ ਹਰ ਸਾਲ ਆਪਣੀ ਪਿਤਾ ਦੀ ਬਰਸੀ ਸਮਾਜ ਸੇਵਾ ਦਾ ਕਾਰਜ ਕਰਕੇ ਮਨਾਈ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਖ਼ੂਨਦਾਨ ਹਰ ਇਕ ਨੌਜਵਾਨ ਨੂੰ ਕਰਨਾ ਚਾਹੀਦਾ ਹੈ।ਇਸ ਨਾਲ ਸੜਕ ਹਾਦਸਿਆਂ 'ਚ ਖ਼ੂਨ ਦੀ ਕਮੀ ਕਾਰਨ ਅਜਾਈ ਜਾਂਦੀਆਂ ਜਾਨਾਂ ਨੂੰ ਬਚਾਇਆ ਜਾ ਸਕਦਾ ਹੈ।ਕੈਂਪ ਦੌਰਾਨ ਵਿਸ਼ੇਸ਼ ਤੌਰ 'ਤੇ ਖ਼ੂਨਦਾਨੀਆਂ ਨੂੰ ਆਸ਼ੀਰਵਾਦ ਦੇਣ ਪਹੁੰਚੇ ਸਹਾਰਾ ਜਨ ਸੇਵਾ ਦੇ ਪ੍ਰਧਾਨ ਵਿਜੇ ਗੋਇਲ 'ਤੇ ਨੌਜਵਾਨ ਵੈੱਲਫੇਅਰ ਸੁਸਾਇਟੀ ਦੇ ਪ੍ਰਧਾਨ ਸੋਨੂੰ ਮਹੇਸ਼ਵਰੀ ਨੇ ਡਾ. ਭੁਪਿੰਦਰ ਬਾਂਸਲ ਦੇ ਇਸ ਨੇਕ ਕਾਰਜ਼ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਹਰ ਇਕ ਵਿਅਕਤੀ ਨੂੰ ਆਪਣੇ ਪੁਰਖਿਆਂ ਦੀ ਬਰਸੀ ਨੇਕ ਕਾਰਜ਼ ਕਰਕੇ ਮਨਾਉਣੀ ਚਾਹੀਦੀ ਹੈ।

# ਪ੍ਰੀਤਮ ਸਿੰਘ ਜੌਹਲ ਤੇ ਹੋਰ ਦਾਨੀਆਂ ਵੱਲੋਂ ਰਾਹਤ ਤੇ ਬਚਾਅ ਕਾਰਜਾਂ ਲਈ ਮਾਲੀ ਸਹਾਇਤਾ ਭੇਟ



ਮੂਨਕ (ਰਾਜਪਾਲ ਸਿੰਗਲਾ)-ਵਧੀਕ ਡਿਪਟੀ ਕਮਿਸ਼ਨਰ ਜਨਰਲ ਵਜੋਂ ਸੇਵਾਵਾਂ ਨਿਭਾਅ ਚੁੱਕੇ ਸੇਵਾ ਮੁਕਤ ਪੀ.ਸੀ.ਐਸ. ਅਧਿਕਾਰੀ ਪ੍ਰੀਤਮ ਸਿੰਘ ਜੌਹਲ ਵੱਲੋਂ ਮੂਨਕ ਖੇਤਰ ਵਿੱਚ ਸੰਭਾਵੀ ਹੜ੍ਹਾਂ ਦੇ ਮੱਦੇਨਜ਼ਰ ਜਾਰੀ ਰਾਹਤ ਤੇ ਬਚਾਅ ਕਾਰਜਾਂ ਸਬੰਧੀ ਡੀਜ਼ਲ ਤੇ ਹੋਰ ਲੋੜੀਂਦੀ ਸਮੱਗਰੀ ਲਈ 30 ਹਜ਼ਾਰ ਰੁਪਏ ਦੀ ਰਾਸ਼ੀ ਐੱਸ.ਡੀ.ਐਮ. ਦੇ ਖਾਤੇ ਵਿੱਚ ਟਰਾਂਸਫਰ ਕੀਤੀ ਗਈ।ਇਸ ਰਾਸ਼ੀ ਵਿੱਚ ਡਾ. ਸੰਜੀਵ ਕੁਮਾਰ, ਕੈਂਪਸ ਡਾਇਰੈਕਟਰ, ਰਾਯਤ ਬਾਹੜਾ ਇੰਸਟੀਚਿਊਸ਼ਨਜ਼ ਆਫ ਲਾਅ ਐਂਡ ਫਾਰਮੇਸੀ, ਭੇਡਪੁਰਾ ਤੇ ਹੋਰ ਦਾਨੀ ਸੱਜਣਾਂ ਵੱਲੋਂ ਯੋਗਦਾਨ ਪਾਇਆ ਗਿਆ।ਜੌਹਲ ਨੇ ਕਿਹਾ ਕਿ ਜਿੱਥੇ ਪੰਜਾਬ ਸਰਕਾਰ ਤੇ ਸਮੁੱਚਾ ਪ੍ਰਸ਼ਾਸਨ ਦਿਨ-ਰਾਤ ਇੱਕ ਕਰੇ ਹੜ੍ਹ ਪ੍ਰਭਾਵਤ ਖੇਤਰਾਂ ਵਿੱਚ ਆਪਣੀਆਂ ਜ਼ਿੰਮੇਵਾਰੀਆਂ ਨਿਭਾਅ ਰਹੇ ਹਨ, ਉੱਥੇ ਇਸ ਮੁਸ਼ਕਲ ਦੀ ਘੜੀ ਵਿੱਚ ਆਮ ਲੋਕਾਂ ਨੂੰ ਵੀ ਅੱਗੇ ਵਧ ਕੇ ਹੜ੍ਹ ਪੀੜਤਾਂ ਦੀ ਵੱਧ ਤੋਂ ਵੱਧ ਮਦਦ ਕਰਨੀ ਚਾਹੀਦੀ ਹੈ ਤਾਂ ਜੁ ਹੜ੍ਹ ਪੀੜਤਾਂ ਦੀਆਂ ਦਿੱਕਤਾਂ ਨੂੰ ਘਟਾਇਆ ਜਾ ਸਕੇ। ਸੇਵਾ ਮੁਕਤ ਪੀ.ਸੀ.ਐਸ. ਅਧਿਕਾਰੀ ਨੇ ਕਿਹਾ ਕਿ ਪੰਜਾਬੀ ਤਾਂ ਪੂਰੀ ਦੁਨੀਆਂ ਵਿੱਚ ਜਿੱਥੇ ਵੀ ਕਿਤੇ ਆਫਤ ਆਵੇ, ਉੱਥੇ ਮਦਦ ਕਰਨ ਲਈ ਪੁੱਜ ਜਾਂਦੇ ਹਨ ਤੇ ਆਪਣੀ ਸੇਵਾ ਭਾਵਨਾ ਕਰ ਕੇ ਪੂਰੀ ਦੁਨੀਆਂ ਵਿੱਚ ਜਾਣੇ ਜਾਂਦੇ ਹਨ ਤਾਂ ਅੱਜ ਜਦੋਂ ਪੰਜਾਬ ਦੀ ਧਰਤੀ ਉੱਤੇ ਹੀ ਕੁਦਰਤੀ ਆਫਤ ਕਾਰਨ ਪੰਜਾਬੀਆਂ ਨੂੰ ਹੀ ਮਦਦ ਦੀ ਲੋੜ ਹੈ ਤਾਂ ਹਰ ਇੱਕ ਨੂੰ ਲੋੜਵੰਦਾਂ ਦੀ ਵੱਧ ਤੋਂ ਵੱਧ ਮਦਦ ਕਰਨੀ ਚਾਹੀਦੀ ਹੈ।

# ਪੀ ਆਰ ਟੀ ਸੀ ਬੱਸ ਦੀਆਂ ਟੁੱਟੀਆਂ ਕਮਾਣੀਆਂ, 15 ਤੋਂ ਵੱਧ ਸਵਾਰੀਆਂ ਜ਼ਖ਼ਮੀ



ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਪੰਜਾਬ ਵਿੱਚ ਲਗਾਤਾਰ ਸੜਕ ਹਾਦਸਿਆਂ ਵਿੱਚ ਵਾਧਾ ਹੁੰਦਾ ਜਾ ਰਿਹਾ ਹੈ ਤੇ ਜ਼ਿਆਦਾਤਰ ਓਵਰਲੋਡ ਸਵਾਰੀਆਂ ਅਤੇ ਸਮਾਨ ਹੋਣ ਦੇ ਕਾਰਨ ਇਹ ਹਾਦਸੇ ਵਾਪਰ ਰਹੇ ਹਨ।ਇਸੇ ਤਰ੍ਹਾਂ ਦਾ ਹਾਦਸਾ ਵਾਪਰਿਆ ਨਾਭਾ ਬਲਾਕ ਦੇ ਪਿੰਡ ਫਰੀਦਪੁਰ ਵਿਖੇ ਪੀਆਰਟੀਸੀ ਓਵਰਲੋਡ ਬੱਸ ਵਿੱਚ 140 ਦੇ ਕਰੀਬ ਸਵਾਰੀਆਂ ਸਵਾਰ ਸਨ ਤੇ ਬੱਸ ਦੀਆਂ ਕਮਾਣੀਆਂ ਟੁੱਟਣ ਦੇ ਨਾਲ ਸਿੱਧੀ ਬਹੁਤ ਵੱਡੇ ਦਰੱਖਤ ਵਿੱਚ ਜਾ ਕੇ ਵੱਜੀ ਤੇ ਦਰੱਖਤ ਦੇ ਟੋਟੇ ਟੋਟੇ ਹੋ ਗਏ! ਮੌਕੇ 'ਤੇ ਲੋਕਾਂ ਵੱਲੋਂ ਮੁਸ਼ੱਕਤ ਦੇ ਨਾਲ ਸਵਾਰੀਆਂ ਨੂੰ ਬਸ ਵਿੱਚੋਂ ਬਾਹਰ ਕੱਢਿਆ ਤੇ ਵੱਖ-ਵੱਖ ਹਸਪਤਾਲਾਂ ਵਿੱਚ ਇਲਾਜ ਲਈ ਪੁਚਾਇਆ।ਬਸ ਦਾ ਹਾਦਸਾ ਗ੍ਰਸਤ ਹੋਣ ਦਾ ਕਾਰਨ ਓਵਰਲੋਡ ਸਵਾਰੀਆਂ ਦੇ ਕਾਰਨ ਇਹ ਹਾਦਸਾ ਦੱਸਿਆ ਜਾ ਰਿਹਾ।ਪੀਆਰਟੀਸੀ ਦੀ ਬੱਸ 140 ਦੇ ਕਰੀਬ ਸਵਾਰੀਆਂ ਲੈ ਕੇ ਮੱਲੇਵਾਲ ਤੋਂ ਪਟਿਆਲਾ ਵੱਲ ਜਾ ਰਹੀ ਸੀ ਤਾਂ ਬੱਸ ਦੀਆਂ ਕਮਾਣੀਆਂ ਟੁੱਟ ਗਈਆਂ ਤੇ ਬੱਸ ਬੇਕਾਬੂ ਹੋ ਕੇ ਰੌਂਗ ਸਾਈਡ 'ਤੇ ਜਾ ਕੇ ਇੱਕ ਖੜੇ ਵੱਡੇ ਦਰਖਤ ਵਿੱਚ ਜਾ ਵੱਜੀ ਅਤੇ ਦਰਖਤ ਦੇ ਟੋਟੇ ਟੋਟੇ ਹੋ ਗਏ।ਮੌਕੇ ਤੇ ਰਾਹਗੀਰਾਂ ਵੱਲੋਂ ਸਵਾਰੀਆਂ ਨੂੰ ਬੱਸ ਤੋਂ ਬਾਹਰ ਕੱਢਿਆ ਅਤੇ ਵੱਖ-ਵੱਖ ਸਰਕਾਰੀ ਅਤੇ ਪ੍ਰਾਈਵੇਟ ਹਸਪਤਾਲਾਂ ਵਿੱਚ ਇਲਾਜ ਲਈ ਦਾਖਲ ਕਰਾਇਆ ਗਿਆ।

# ਅਧਿਆਪਕ ਦਿਵਸ 'ਤੇ ਅਧਿਆਪਕਾਂ ਦਾ ਸਨਮਾਨ



ਮੋਗਾ (ਇਕਬਾਲ ਸਿੰਘ ਖਹਿਰਾ)-ਰੋਟਰੀ ਕਲੱਬ ਮੋਗਾ ਸਿਟੀ ਨੇ ਅਧਿਆਪਕ ਦਿਵਸ 'ਤੇ ਅਧਿਆਪਕਾਂ ਨੂੰ ਸਨਮਾਨਤ ਕਰਨ ਲਈ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ।ਇਸ ਸਮਾਗਮ ਵਿੱਚ ਰੋਟਰੀ ਇੰਟਰਨੈਸ਼ਨਲ 3090 ਦੇ ਗਵਰਨਰ ਭੁਪੇਸ਼ ਮਹਿਤਾ, ਸਹਾਇਕ ਗਵਰਨਰ ਪੁਰਸ਼ੋਤਮ ਦਾਸ, ਸਾਬਕਾ ਗਵਰਨਰ ਡਾ. ਅਰੁਣ ਗੁਪਤਾ, ਚੇਅਰਮੈਨ ਵਿਜੇ ਮਦਾਨ, ਪ੍ਰਧਾਨ ਪ੍ਰਵੇਸ਼ ਗੋਇਲ, ਸਕੱਤਰ ਰਾਹੁਲ ਬਾਂਸਲ, ਕੈਸ਼ੀਅਰ ਵਿਨੀਤ ਗੁਪਤਾ, ਪ੍ਰੋਜੈਕਟ ਚੇਅਰਮੈਨ ਪ੍ਰਦੀਪ ਜਿੰਦਲ, ਯਸ਼ਪਾਲ ਅਗਰਵਾਲ, ਗੌਰਵ ਮਿੱਤਲ, ਰਾਜੀਵ ਸਿੰਗਲਾ, ਵਿਨੋਦ ਗਰਗ, ਰਾਜੇਂਦਰ ਸਚਦੇਵਾ, ਗੁਰਜੀਤ ਸਿੰਘ, ਤਰਸੇਮ ਕੁਮਾਰ ਅਤੇ ਹੋਰ ਅਧਿਕਾਰੀਆਂ ਨੇ ਅਧਿਆਪਕਾਂ ਪੂਨਮ ਗੋਇਲ, ਨੀਲਮ ਰਾਣੀ, ਡਾ. ਸੁਮਨ ਗੁਪਤਾ, ਦੀਪਤੀ ਜਿੰਦਲ, ਅਨੂਪ ਕੌਰ, ਜੋਤੀ ਬੱਬਰ, ਸ਼ੋਭਾ ਰਾਣੀ ਨੂੰ ਸਿੱਖਿਆ ਦੇ ਖੇਤਰ ਵਿੱਚ ਉਨ੍ਹਾਂ ਦੀਆਂ ਸ਼ਾਨਦਾਰ ਸੇਵਾਵਾਂ ਦੇ ਮੱਦੇਨਜ਼ਰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ।ਰਾਜਪਾਲ ਭੁਪੇਸ਼ ਮਹਿਤਾ ਨੇ ਕਿਹਾ ਕਿ ਜੇਕਰ ਗੁਰੂ ਹੈ ਤਾਂ ਗਿਆਨ ਹੈ, ਜੇਕਰ ਗਿਆਨ ਹੈ ਤਾਂ ਸਤਿਕਾਰ ਹੈ।ਅਧਿਆਪਕ ਸਮਾਜ ਦਾ ਸੱਚਾ ਦੀਵਾ ਹੈ।ਗੁਰੂ ਰਾਸ਼ਟਰ ਦਾ ਸੱਚਾ ਨਿਰਮਾਤਾ ਹੈ।ਅਧਿਆਪਕ ਤੁਹਾਡੇ ਭਵਿੱਖ ਦਾ ਮਾਰਗਦਰਸ਼ਕ ਹੈ। ਗੁਰੂ ਦੇ ਸ਼ਬਦ ਅੰਮ੍ਰਿਤ ਬਣ ਜਾਂਦੇ ਹਨ।ਅਧਿਆਪਕ ਨਾ ਸਿਰਫ਼ ਗਿਆਨ ਦਾ ਦਾਤਾ ਹੈ, ਸਗੋਂ ਕਦਰਾਂ-ਕੀਮਤਾਂ ਦਾ ਨਿਰਮਾਤਾ ਅਤੇ ਜੀਵਨ ਦਾ ਮਾਰਗਦਰਸ਼ਕ ਵੀ ਹੈ।ਵਿਦਿਆਰਥੀਆਂ ਦਾ ਪਿਆਰ ਅਤੇ ਵਿਸ਼ਵਾਸ ਸਾਡੀ ਸਭ ਤੋਂ ਵੱਡੀ ਪ੍ਰਾਪਤੀ ਹੈ।ਇਸ ਮੌਕੇ ਸਾਬਕਾ ਗਵਰਨਰ ਡਾ. ਅਰੁਣ ਗੁਪਤਾ, ਚੇਅਰਮੈਨ ਵਿਜੇ ਮਦਾਨ, ਪ੍ਰਧਾਨ ਪ੍ਰਵੇਸ਼ ਗੋਇਲ, ਸਕੱਤਰ ਰਾਹੁਲ ਬਾਂਸਲ, ਕੈਸ਼ੀਅਰ ਵਿਨੀਤ ਗੁਪਤਾ, ਪ੍ਰੋਜੈਕਟ ਚੇਅਰਮੈਨ ਪ੍ਰਦੀਪ ਜਿੰਦਲ, ਯਸ਼ਪਾਲ ਅਗਰਵਾਲ, ਤ੍ਰਿਲੋਕ ਨਰੂਲਾ, ਕਪਿਲ ਕਪੂਰ ਤੇ ਕਲੱਬ ਮੈਂਬਰ ਹਾਜ਼ਰ ਸਨ।

# ਨੀਲਾਮ ਹੋਣ ਤੋਂ ਬਚਾਈ ਜੋਗੇਵਾਲਾ ਦੇ ਕਿਸਾਨ ਦੀ ਜ਼ਮੀਨ



ਤਲਵੰਡੀ ਸਾਬੋ (ਜਗਦੀਪ ਗਿੱਲ)

ਪਿੰਡ ਜੋਗੇਵਾਲਾ ਦੇ ਕਿਸਾਨ ਗੁਰਪ੍ਰੀਤ ਸਿੰਘ ਪੁੱਤਰ ਮਲਕੀਤ ਸਿੰਘ ਦੀ ਜ਼ਮੀਨ ਦੀ ਨਿਲਾਮੀ ਭਾਰਤੀ ਸਟੇਟ ਬੈਂਕ ਆਫ ਇੰਡੀਆ ਵੱਲੋਂ ਲਿਆਂਦੀ ਗਈ ਸੀ, ਪਰ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਭਾਰੀ ਵਿਰੋਧ ਕਰਨ ਕਰਕੇ ਜ਼ਮੀਨ ਦੀ ਨਿਲਾਮੀ ਕਰਨ ਆਏ ਪ੍ਰਸ਼ਾਸਨ ਨੂੰ ਬੇਰੰਗ ਮੁੜਨਾ ਪਿਆ।

ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਤਲਵੰਡੀ ਸਾਬੋ ਵੱਲੋਂ ਬਲਾਕ ਮੀਤ ਪ੍ਰਧਾਨ ਕੁਲਵਿੰਦਰ ਸਿੰਘ ਗਿਆਨਾ ਦੀ ਅਗਵਾਈ ਹੇਠ ਕਿਸਾਨਾਂ ਦਾ ਵੱਡੀ ਗਿਣਤੀ ਵਿਚ ਇਕੱਠ ਹੋਇਆ। ਜ਼ਿਲ੍ਹਾ ਆਗੂ ਨੇ ਦੱਸਿਆ ਕਿ ਸਰਕਾਰ ਸਾਮਰਾਜੀ ਹਿੱਤਾਂ ਨੂੰ ਪੂਰਣ ਲਈ ਜਲ, ਜੰਗਲ, ਜ਼ਮੀਨ ਸਮੇਤ ਅਨਾਜ ਤੇ ਹੋਰ ਖਣਿਜ ਪਦਾਰਥਾਂ ਤੇ ਕਬਜ਼ਾ ਕਰਾਉਣ ਲਈ ਆਰਥਿਕ ਨੀਤੀਆਂ ਲਿਆ ਰਹੀ ਹੈ।ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਕਿਸੇ ਵੀ ਕਿਸਾਨ ਦੀ ਜ਼ਮੀਨ ਦੀ ਕੁਰਕੀ ਜਾਂ ਨਿਲਾਮੀ ਨਹੀਂ ਕਰਨ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਤੇ ਕੇਂਦਰ ਸਰਕਾਰਾਂ ਸਾਮਰਾਜੀ ਹਿੱਤਾਂ ਲਈ ਲੋਕਾਂ ਦਾ ਸੋਸ਼ਣ ਕਰ ਰਹੀਆਂ ਹਨ।ਲੈਂਡ ਪੂਲਿੰਗ ਪਾਲਸੀ ਲਿਆਉਣਾ ਵੀ ਕਿਸਾਨਾਂ ਤੋਂ ਜ਼ਮੀਨ ਖੋਹਣ ਦਾ ਢੰਗ ਹੀ ਸੀ ਜੋ ਲੋਕ ਤਾਕਤ ਤੇ ਸੰਘਰਸ਼ ਸਦਕਾ ਪਾਲਸੀ ਵਾਪਸ ਕਰਵਾਈ ਗਈ, ਇਸੇ ਤਰ੍ਹਾਂ ਥੋੜੇ ਕਰਜ਼ੇ ਬਦਲੇ ਜ਼ਮੀਨ ਦੀ ਕੁਰਕੀ ਤੇ ਨਿਲਾਮੀ ਲਿਆਉਣਾ ਵੀ ਜ਼ਮੀਨ ਖੋਹਣ ਦਾ ਢੰਗ ਹੀ ਹੈ ਜੋ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਤੇ ਕਿਸੇ ਕਿਸਾਨ ਦੀ ਜ਼ਮੀਨ ਦੀ ਕੁਰਕੀ ਤੇ ਨਿਲਾਮੀ ਨਹੀਂ ਹੋਣ ਦਿੱਤੀ ਜਾਵੇਗੀ।ਬਲਾਕ ਆਗੂ ਲੱਖਾ ਸਿੰਘ ਜੋਗੇਵਾਲਾ ਨੇ ਕਿਹਾ ਕਿ ਕਿਸਾਨੀ ਸਿਰ ਚੜ੍ਹਿਆ ਕਰਜ਼ਾ ਸਰਕਾਰ ਦੀ ਹਰੀ ਕ੍ਰਾਂਤੀ ਤੇ ਹੋਰ ਗ਼ਲਤ ਨੀਤੀਆਂ ਕਾਰਨ ਹੀ ਹੈ, ਜਿਸ ਕਾਰਨ ਕਿਸਾਨ ਕਰਜ਼ੇ ਦੀ ਪੰਡ ਥੱਲੇ ਦੱਬਿਆ ਜਾ ਰਿਹਾ ਹੈ।ਇਸ ਲਈ ਸਰਕਾਰ ਨੂੰ ਕਿਸਾਨ ਦਾ ਕਰਜ਼ਾ ਸੰਪੂਰਨ ਤੌਰ ਤੇ ਮਾਫ਼ ਕਰਕੇ, ਫਸਲਾਂ ਦੀ ਐਮ ਐਸ ਪੀ ਤੇ ਹੋਰ ਮੰਗਾਂ ਨੂੰ ਮੰਨ ਕੇ ਨਵੀਂ ਲੋਕ ਪੱਖੀ ਖੇਤੀ ਨੀਤੀ ਲਿਆ ਕੇ ਕਿਸਾਨਾ ਦੀ ਜੂਨ ਸੁਧਾਰਨ ਵੱਲ ਕਦਮ ਚੁੱਕਣਾ ਚਾਹੀਦਾ ਹੈ।

# ਮੋਦੀ ਦਾ ਐਲਾਨ ਹੜ੍ਹ ਪੀੜਤਾਂ ਦੇ ਜ਼ਖਮਾਂ 'ਤੇ ਨਮਕ ਛਿੜਕਣ ਦੇ ਬਰਾਬਰ : ਰਣਜੋਧ ਹਡਾਣਾ, ਜੋਸਨ

ਪਟਿਆਲਾ (ਰਾਜਿੰਦਰ ਸਿੰਘ ਥਿੰਦ)

ਕੇਂਦਰ ਸਰਕਾਰ ਦੇ ਐਲਾਨ ਨੂੰ ਲੈ ਕੇ ਜਿੱਥੇ ਸੱਤਾਧਾਰੀ ਪਾਰਟੀਆਂ ਅਤੇ ਵਿਰੋਧੀ ਪਾਰਟੀਆਂ ਵਿੱਚ ਗੁੱਸਾ ਵੇਖਣ ਨੂੰ ਮਿਲ ਰਿਹਾ ਹੈ ਉੱਥੇ ਹੀ ਹੜ੍ਹ ਪੀੜਤ ਲੋਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਘਰਾਂ ਦੀ ਮੁੜ ਤਾਮੀਰ, ਫ਼ਸਲਾਂ ਦੇ ਮੁਆਵਜ਼ੇ ਅਤੇ ਰੋਜ਼ਾਨਾ ਜੀਵਨ ਦੀਆਂ ਲੋੜਾਂ ਪੂਰੀਆਂ ਕਰਨ ਲਈ ਇਹ ਰਕਮ ਕੁਝ ਵੀ ਨਹੀਂ। ਬੀਤੇ ਦਿਨੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੰਜਾਬ ਫੇਰੀ ਦੌਰਾਨ 1600 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦਾ ਐਲਾਨ ਕੀਤਾ। ਪਰ ਇਸ ਐਲਾਨ ਨੂੰ ਲੈ ਕੇ ਕਈ ਆਗੂਆਂ ਨੇ ਸਵਾਲ ਖੜ੍ਹੇ ਕੀਤੇ ਹਨ। ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਅਤੇ ਹੋਰ ਸੰਗਠਨਾਂ ਵੱਲੋਂ ਪ੍ਰਧਾਨ ਮੰਤਰੀ ਦੇ ਐਲਾਨ ਨੂੰ ਹੜ ਪੀੜਤਾਂ ਦੇ ਜਜ਼ਬਾਤਾਂ ਨਾਲ ਖਿਲਵਾੜ ਦੱਸਿਆ ਗਿਆ।ਰਣਜੋਧ ਸਿੰਘ ਹਡਾਣਾ ਚੇਅਰਮੈਨ ਪੀ ਆਰ ਟੀ ਤੇ ਸਟੇਟ ਸੈਕਟਰੀ ਪੰਜਾਬ ਅਤੇ ਪ੍ਰਦੀਪ ਜੋਸਨ ਨਗਰ



ਕੌਂਸਲ ਸਨੌਰ ਨੇ ਵੀ ਇੱਕ ਵਿਸ਼ੇਸ਼ ਮੀਟਿੰਗ ਉਪਰੰਤ ਸਾਂਝੇ ਤੌਰ 'ਤੇ ਤਿੱਖੇ ਸ਼ਬਦਾਂ ਵਿੱਚ ਨਰਿੰਦਰ ਮੋਦੀ ਵਲੋਂ ਕੀਤੇ ਐਲਾਨ ਨੂੰ ਹੜ੍ਹ ਪੀੜਤਾਂ ਨਾਲ ਕੀਤਾ ਕੋਝਾ ਮਜ਼ਾਕ ਦੱਸਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਦਾ ਇਹ ਐਲਾਨ ਸਿਰਫ਼ ਲੋਕਾਂ ਨੂੰ ਭਰਮਾਉਣ ਵਾਲਾ ਹੈ। ਉਨ੍ਹਾਂ ਨੇ ਦੋਸ਼ ਲਗਾਇਆ ਕਿ ਹੜ੍ਹਾਂ ਕਾਰਨ ਪੰਜਾਬ ਦੇ ਕਿਸਾਨਾਂ, ਮਜ਼ਦੂਰਾਂ ਅਤੇ ਆਮ ਲੋਕਾਂ ਦਾ ਭਾਰੀ ਨੁਕਸਾਨ ਹੋਇਆ ਹੈ। ਲੋਕਾਂ ਦੇ ਘਰ, ਫ਼ਸਲਾਂ, ਪਸ਼ੂ-ਧਨ ਤਬਾਹ ਹੋ ਗਏ ਪਰ ਕੇਂਦਰ ਵੱਲੋਂ ਦਿੱਤਾ ਗਿਆ 1600 ਕਰੋੜ ਦਾ ਪੈਕੇਜ ਬਿਲਕੁਲ ਨਾ ਕਾਫੀ ਹੈ। ਹਡਾਣਾ ਨੇ ਸਖ਼ਤ ਸ਼ਬਦਾਂ ਵਿੱਚ ਕਿਹਾ ਕਿ ਇਹ ਰਕਮ ਪੰਜਾਬ ਦੀ ਜਨਤਾ ਨਾਲ ਮਜ਼ਾਕ ਦੇ ਬਰਾਬਰ ਹੈ, ਜੋ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਸੂਬੇ ਨੂੰ ਘੱਟੋ-ਘੱਟ 20 ਹਜ਼ਾਰ ਕਰੋੜ ਰੁਪਏ ਦੀ ਵਿੱਤੀ ਸਹਾਇਤਾ ਚਾਹੀਦੀ ਸੀ ਤਾਂ ਜੋ ਖੇਤੀਬਾੜੀ, ਸੜਕਾਂ, ਘਰਾਂ ਅਤੇ ਹੋਰ ਢਾਂਚੇ ਨੂੰ ਮੁੜ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਜਦੋਂ ਵੀ ਪੰਜਾਬ ਮੁਸੀਬਤ ਵਿੱਚ ਆਉਂਦਾ ਹੈ, ਕੇਂਦਰ ਹਮੇਸ਼ਾ ਉਸ ਦੀ ਅਣਦੇਖੀ ਕਰਦਾ ਹੈ। ਇਸ ਦੇ ਨਾਲ ਹੀ ਕਿਸਾਨ ਆਗੂਆਂ ਨੇ ਵੀ ਤਿੱਖੇ ਸ਼ਬਦਾਂ ਵਿੱਚ ਕਿਹਾ ਕਿ ਜੇ ਕੇਂਦਰ ਸਰਕਾਰ ਤੁਰੰਤ ਵੱਡਾ ਪੈਕੇਜ ਜਾਰੀ ਨਹੀਂ ਕਰਦੀ, ਤਾਂ ਵੱਡੇ ਪੱਧਰ 'ਤੇ ਅੰਦੋਲਨ ਕੀਤਾ ਜਾਵੇਗਾ। ਹਡਾਣਾ ਨੇ ਅੰਤ ਵਿੱਚ ਕਿਹਾ ਕਿ ਹੜ੍ਹਾਂ ਕਾਰਨ ਸੂਬੇ ਦੇ ਹਰ ਜ਼ਿਲ੍ਹੇ ਵਿੱਚ ਲੋਕ ਤਬਾਹ ਹੋਏ ਹਨ, ਪਰ ਕੇਂਦਰ ਸਰਕਾਰ ਵੱਲੋਂ ਦਿੱਤੀ ਰਾਹਤ ਨਿਗੂਣੀ ਹੈ।

# ਸਕੂਲ ਲੱਗਣ ਤੇ ਛੁੱਟੀ ਸਮੇਂ ਭਾਰੀ ਵਾਹਨਾਂ 'ਤੇ ਪਾਬੰਦੀ ਸੰਬੰਧੀ ਹੁਕਮ ਜਾਰੀ

ਸਮਾਣਾ/ਪਟਿਆਲਾ (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ)-ਵਧੀਕ ਜ਼ਿਲ੍ਹਾ ਮੈਜਿਸਟਰੇਟ ਸਿਮਰਪ੍ਰੀਤ ਕੌਰ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਸਮਾਣਾ-ਪਟਿਆਲਾ ਸੜਕ (ਐਸ.ਐਚ-10) ਪਸਿਆਣਾ ਚੌਕੀ ਤੱਕ, ਸਮਾਣਾ-ਪਾਤੜਾਂ ਰੋਡ ਪਿੰਡ ਕਕਰਾਲਾ ਤੱਕ, ਸਮਾਣਾ-ਭਵਾਨੀਗੜ ਰੋਡ ਪਿੰਡ ਫਤਿਹਗੜ ਛੰਨਾਂ ਤੱਕ ਅਤੇ ਸਮਾਣਾ-ਚੀਕਾ ਰੋਡ ਸੇਂਟ ਲਾਰੇਂਸ ਸਕੂਲ ਤੱਕ ਸਵੇਰੇ 6 ਵਜੇ ਤੋਂ ਸਵੇਰੇ 9 ਵਜੇ ਤੱਕ ਅਤੇ ਦੁਪਹਿਰ 1 ਵਜੇ ਤੋਂ ਸ਼ਾਮ 4 ਵਜੇ ਤੱਕ ਭਾਰੀ ਵਾਹਨਾਂ (ਟਿੱਪਰ, ਟਰੱਕ ਆਦਿ) ਦੇ ਅੰਦਰ ਆਉਣ ਤੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ।ਇਹ ਹੁਕਮ 8 ਨਵੰਬਰ ਤੱਕ ਲਾਗੂ ਰਹਿਣਗੇ। ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਸਮਾਣਾ ਸ਼ਹਿਰ ਦੇ ਬੱਚੇ ਪੜਾਈ ਕਰਨ ਲਈ ਸਮਾਣਾ ਸ਼ਹਿਰ ਤੋਂ ਬਾਹਰ ਜਿਵੇਂ ਕਿ ਪਟਿਆਲਾ ਸ਼ਹਿਰ, ਪਾਤੜਾਂ ਰੋਡ 'ਤੇ, ਪਟਿਆਲਾ ਰੋਡ 'ਤੇ, ਭਵਾਨੀਗੜ ਰੋਡ ਅਤੇ ਚੀਕਾ ਰੋਡ 'ਤੇ ਬਣੇ ਵੱਖ ਵੱਖ ਸਕੂਲਾਂ ਵਿੱਚ ਸਕੂਲ ਬੱਸ ਜਾਂ ਵੈਨਾਂ ਰਾਹੀਂ ਜਾਂਦੇ ਹਨ।ਇਨ੍ਹਾਂ ਸੜਕਾਂ ਤੇ ਭਾਰੀ ਵਾਹਨ ਚੱਲਣ ਕਾਰਨ ਹਰ ਸਮੇਂ ਕੋਈ ਹਾਦਸਾ ਵਾਪਰਨ ਦਾ ਖਦਸ਼ਾ ਬਣਿਆ ਰਹਿੰਦਾ ਹੈ।ਅਜਿਹੇ ਹਲਾਤਾਂ ਨਾਲ ਅਮਨ ਕਾਨੂੰਨ ਦੀ ਸਥਿਤੀ ਦੇ ਖਰਾਬ ਹੋਣ ਦਾ ਖਦਸ਼ਾ ਵੀ ਬਣਿਆ ਰਹਿੰਦਾ ਹੈ।

# ਸਰਟੀਫਿਕੇਟ ਜਮ੍ਹਾਂ ਨਾ ਕਰਾਉਣ ਵਾਲੇ ਪ੍ਰਾਈਵੇਟ ਸਕੂਲਾਂ ਦੀ ਮਾਨਤਾ ਹੋਵੇਗੀ ਰੱਦ

ਮਾਨਸਾ (ਆਤਮਾ ਸਿੰਘ ਪਮਾਰ)-ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ ਸਿੱਖਿਆ) ਮੰਜੂ ਬਾਲਾ ਨੇ ਜ਼ਿਲ੍ਹੇ ਦੇ ਨਿੱਜੀ ਸਕੂਲਾਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਉਹ ਸਾਲ 2025-26 ਦੇ ਫਾਇਰ ਸੇਫਟੀ ਤੇ ਬਿਲਡਿੰਗ ਸੇਫਟੀ ਸਰਟੀਫਿਕੇਟ 30 ਸਤੰਬਰ ਤੱਕ ਜਮ੍ਹਾਂ ਕਰਵਾਉਣ।ਉਨ੍ਹਾਂ ਕਿਹਾ ਕਿ ਆਰ.ਟੀ.ਈ. ਐਕਟ ਦੇ ਨਿਯਮਾਂ ਅਨੁਸਾਰ ਹਰ ਇੱਕ ਸਕੂਲ ਨੇ ਸਰਟੀਫਿਕੇਟ ਦੀ ਮਿਆਦ ਖ਼ਤਮ ਹੋਣ 'ਤੇ ਹਰ ਸਾਲ ਇਹ ਸਰਟੀਫਿਕੇਟ ਜਮ੍ਹਾਂ ਕਰਾਉਣੇ ਹੁੰਦੇ ਹਨ।ਅਜਿਹਾ ਨਾ ਕਰਨ ਦੀ ਸੂਰਤ ਵਿਚ ਮਾਨਤਾ ਰੱਦ ਜਾਂ ਜ਼ੁਰਮਾਨਾ ਵੀ ਹੋ ਸਕਦਾ ਹੈ।ਸਿੱਖਿਆ ਅਧਿਕਾਰੀ ਨੇ ਦੱਸਿਆ ਕਿ ਨੈਸ਼ਨਲ ਪਬਲਿਕ ਸਕੂਲ ਬੱਛੋਆਣਾ, ਸਾਹਿਬਜ਼ਾਦਾ ਅਜੀਤ ਸਿੰਘ ਪਬਲਿਕ ਸਕੂਲ ਕੋਟ ਧਰਮੂ, ਮਦਰ ਡਿਵਾਈਨ ਇੰਟਰਨੈਸ਼ਨਲ ਪਬਲਿਕ ਸਕੂਲ ਮੱਤੀ, ਪ੍ਰੋਫੈਸਰ ਯੋਗੇਸ਼ ਮੈਮੋਰੀਅਲ ਸਕੂਲ ਮਾਨਸਾ, ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਡੇਅ ਬੋਰਡਿੰਗ ਸਕੂਲ ਦਿਆਲਪੁਰਾ, ਆਦਰਸ਼ ਮਾਡਲ ਸਕੂਲ ਬੁਢਲਾਡਾ, ਬੀ.ਐਨ. ਗੁਰੂਕੁਲ ਇੰਟਰਨੈਸ਼ਨਲ ਸਕੂਲ ਬੁਢਲਾਡਾ, ਪਟਿਆਲਾ ਕਾਨਵੈਂਟ ਸਕੂਲ ਬੋਹਾ, ਸੰਤ ਕਬੀਰ ਪਬਲਿਕ ਸਕੂਲ ਜੋਗਾ, ਬਰਾਈਟ ਫਿਊਚਰ ਮਿਡਲ ਸਕੂਲ ਮਾਨਸਾ, ਹੋਲੀ ਹਾਰਟ ਮਿਡਲ ਸਕੂਲ ਮਾਨਸਾ ਖੁਰਦ, ਰੌਇਲ ਗਲੋਬਲ ਸਕੂਲ ਖਿਆਲਾ ਕਲਾਂ, ਮੁਨਸ਼ੀ ਮੈਮੋਰੀਅਲ ਪਬਲਿਕ ਸਕੂਲ ਖੈਰਾ ਖੁਰਦ, ਬੀ.ਐਸ.ਡੀ. ਪਬਲਿਕ ਸਕੂਲ ਮੀਰਪੁਰ ਖੁਰਦ, ਪੁਲਿਸ ਪਬਲਿਕ ਸਕੂਲ ਤਾਮਕੋਟ, ਮੈਰੀ ਇੰਟਰਨੈਸ਼ਨਲ ਪਬਲਿਕ ਸਕੂਲ ਮੱਤੀ, ਬਾਬਾ ਜੋਗੀ ਪੀਰ ਸਕੂਲ ਰੱਲਾ, ਐਸ.ਆਰ.ਐਸ.ਐਮ. ਪਬਲਿਕ ਸਕੂਲ ਘੁਰਕਣੀ, ਅਨਮੋਲ ਪਬਲਿਕ ਸਕੂਲ ਸਰਦੂਲਗੜ੍ਹ, ਗਿਆਨ ਦੀਪ ਸੈਕੰਡਰੀ ਸਕੂਲ ਸਰਦੂਲਗੜ੍ਹ, ਹੋਲੀ ਹਾਰਟ ਹਾਈ ਸਕੂਲ ਮਾਨਸਾ, ਰੋਜ਼ੀ ਕਿੰਡਰਗਾਰਟਨ ਸਕੂਲ ਮਾਨਸਾ, ਬੀ.ਐਚ.ਐਸ ਸੈਕੰਡਰੀ ਸਕੂਲ ਬਰਨਾਲਾ ਵੱਲੋਂ ਅਪਡੇਟਡ ਫਾਇਰ ਤੇ ਬਿਲਡਿੰਗ ਸੇਫਟੀ ਸਰਟੀਫਿਕੇਟ ਜਮ੍ਹਾਂ ਨਹੀਂ ਕਰਾਏ ਗਏ ਹਨ।

# ਹੜ੍ਹ ਪ੍ਰਭਾਵਿਤ ਲੋਕਾਂ ਨੂੰ ਕੋਈ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ : ਡੀ ਸੀ

## ਤਲਵੰਡੀ ਸਾਬੋ ਪਾਵਰ ਲਿਮਟਿਡ ਵੱਲੋਂ ਆਈਆਂ ਰਾਸ਼ਨ ਕਿੱਟਾਂ ਹੜ੍ਹ ਪੀੜਤਾਂ ਲਈ ਭੇਜੀਆਂ




ਮਾਨਸਾ (ਆਤਮਾ ਸਿੰਘ ਪਮਾਰ)

ਹੜ੍ਹਾਂ ਦੀ ਕੁਦਰਤੀ ਆਫ਼ਤ ਦੌਰਾਨ ਜਿੱਥੇ ਲੋਕਾਂ ਦੇ ਘਰਾਂ ਦਾ ਨੁਕਸਾਨ ਹੋਇਆ, ਉੱਥੇ ਹੀ ਉਨ੍ਹਾਂ ਦੀ ਰੋਜ਼ਮਰਾ ਦੀ ਜ਼ਿੰਦਗੀ ਵੀ ਪ੍ਰਭਾਵਿਤ ਹੋਈ ਹੈ।ਅਜਿਹੇ ਵਿੱਚ ਪੀੜਤ ਲੋਕਾਂ ਦੀ ਮਦਦ ਲਈ, ਜਿੱਥੇ ਜ਼ਿਲ੍ਹਾ ਪ੍ਰਸ਼ਾਸਨ ਮਾਨਸਾ ਲਗਾਤਾਰ ਕਾਰਜਸ਼ੀਲ ਹੈ, ਉੱਥੇ ਹੀ ਵੱਖ ਵੱਖ ਸੰਸਥਾਵਾਂ ਵੱਲੋਂ ਵੀ ਆਪਣਾ ਅਹਿਮ ਰੋਲ ਅਦਾ ਕਰਦਿਆਂ ਹੜ੍ਹ ਪੀੜਤਾਂ ਲਈ ਰਾਹਤ ਸਮੱਗਰੀ ਭੇਜੀ ਜਾ ਰਹੀ ਹੈ, ਜੋ ਕਿ ਸ਼ਲਾਘਾਯੋਗ ਉਪਰਾਲਾ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਡਿਪਟੀ ਕਮਿਸ਼ਨਰ ਸ੍ਰੀਮਤੀ ਨਵਜੋਤ ਕੌਰ ਨੇ ਤਲਵੰਡੀ ਸਾਬੋ ਪਾਵਰ ਲਿਮਟਡ ਵੱਲੋਂ ਆਈਆਂ 161 ਰਾਸ਼ਨ ਕਿੱਟਾਂ ਜ਼ਿਲ੍ਹੇ ਦੀਆਂ ਤਿੰਨੋ ਸਬ ਡਵੀਜ਼ਨਾਂ 'ਚ ਭੇਜਣ ਲਈ ਰੈੱਡ ਕਰਾਸ ਨੂੰ ਸਪੁਰਦ ਕਰਨ ਮੌਕੇ ਕੀਤਾ।ਉਨ੍ਹਾਂ ਕਿਹਾ ਕਿ ਮਾਨਸਾ ਦੀਆਂ ਤਿੰਨੋ ਸਬ ਡਵੀਜ਼ਨਾਂ ਵਿੱਚ ਹੜ੍ਹ ਪ੍ਰਭਾਵਿਤ ਲੋਕਾਂ ਲਈ ਇਸ ਵਿੱਚੋਂ 50 ਰਾਸ਼ਨ ਕਿੱਟਾਂ ਪ੍ਰਤੀ ਸਬ ਡਵੀਜ਼ਨ ਭੇਜੀਆਂ ਜਾਣਗੀਆਂ ਤੇ ਬਾਕੀ 11 ਕਿੱਟਾਂ ਰੈੱਡ ਕਰਾਸ ਕੋਲ ਜ਼ਰੂਰਮੰਦਾਂ ਦੀ ਮੰਗ ਅਨੁਸਾਰ ਲੋੜ ਪੈਣ 'ਤੇ ਦੇਣ ਲਈ ਰੱਖੀਆਂ ਜਾਣਗੀਆਂ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮਨੁੱਖਤਾ ਦੀ ਸੇਵਾ ਹੀ ਸਭ ਤੋਂ ਵੱਡਾ ਕਾਰਜ ਹੈ। ਸਾਨੂੰ ਇਸ ਕੁਦਰਤੀ ਆਫ਼ਤ ਵਿਚ ਸਭ ਮਸਲਿਆਂ ਤੋਂ ਉੱਪਰ ਉੱਠ ਕੇ ਲੋਕਾਂ ਦੀ ਮਦਦ ਕਰਨੀ ਚਾਹੀਦੀ ਹੈ ਤਾਂ ਜੋ ਪ੍ਰਭਾਵਿਤ ਲੋਕ ਜਲਦੀ ਹੀ ਆਪਣੀ ਮੁੱਖ ਧਾਰਾ ਵਿੱਚ ਆ ਸਕਣ ਤੇ ਉਨ੍ਹਾਂ ਦਾ ਜਨ ਜੀਵਨ ਪਹਿਲਾਂ ਦੀ ਤਰ੍ਹਾਂ ਖੁਸ਼ਹਾਲ ਹੋ ਸਕੇ।ਉਨ੍ਹਾ ਕਿਹਾ ਕਿ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਕੋਈ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਐੱਸ.ਡੀ.ਐੱਮ. ਮਾਨਸਾ ਸ੍ਰੀ ਕਾਲਾ ਰਾਮ ਕਾਂਸਲ, ਐੱਸ.ਡੀ.ਐੱਮ. ਬੁਢਲਾਡਾ ਸ੍ਰ ਗਗਨਦੀਪ ਸਿੰਘ, ਸਕੱਤਰ ਰੈੱਡ ਕਰਾਸ ਰਤਿੰਦਰਪਾਲ ਕੌਰ, ਟੀ.ਐਸ.ਪੀ.ਐੱਲ. ਤੋਂ ਸੀ.ਐੱਚ.ਆਰ.ਓ. ਅਭਿਲਾਸ਼ਾ ਮਾਲਵਿਯਾ, ਲੀਡ ਸੀ ਐੱਸ ਆਰ ਯਾਸਮਿਨ ਮਿੱਤਲ ਤੇ ਸੀ.ਐੱਸ.ਓ. ਵਿਨੇ ਕੁਮਾਰ ਮੌਜੂਦ ਸਨ।

# ਮੂਨਕ ਤਹਿਸੀਲ ਦੇ 26 ਤੇ ਹੋਰਨਾਂ ਪਿੰਡਾਂ 'ਚ 22 ਸਕੂਲ ਅਜੇ ਬੰਦ ਰਹਿਣਗੇ : ਡੀ ਸੀ

ਮੂਨਕ (ਰਾਜਪਾਲ ਸਿੰਗਲਾ)-ਪੰਜਾਬ ਸਰਕਾਰ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਤੇ ਹੜ੍ਹ ਵਰਗੀ ਸਥਿਤੀ ਪੈਦਾ ਹੋਣ ਦੇ ਖਦਸ਼ੇ ਦੇ ਮੱਦੇਨਜ਼ਰ ਜ਼ਿਲ੍ਹਾ ਮੈਜਿਸਟ੍ਰੇਟ-ਕਮ-ਡਿਪਟੀ ਕਮਿਸ਼ਨਰ ਸ੍ਰੀ ਰਾਹੁਲ ਚਾਬਾ ਨੇ ਜ਼ਿਲ੍ਹਾ ਸੰਗਰੂਰ ਦੇ 26 ਪਿੰਡਾਂ ਵਿੱਚ ਪੈਂਦੇ ਸਾਰੇ ਸਕੂਲਾਂ ਤੇ ਹੋਰ ਪਿੰਡਾਂ ਦੇ 24 ਸਕੂਲਾਂ ਨੂੰ ਅਗਲੇ ਹੁਕਮਾਂ ਤੱਕ ਬੰਦ ਰੱਖਣ ਦਾ ਹੁਕਮ ਜਾਰੀ ਕੀਤੇ ਗਏ ਸਨ, ਪਰ ਅੱਜ ਮੁੜ ਨਿਰੀਖਣ ਉਪਰੰਤ ਬੰਦ ਕੀਤੇ ਸਕੂਲਾਂ ਵਿੱਚੋਂ 2 ਸਕੂਲਾਂ ਨੂੰ ਖੋਲ੍ਹਣ ਦਾ ਫੈਸਲਾ ਲਿਆ ਗਿਆ ਹੈ, ਜਿਸ 'ਚ ਸ.ਸ.ਸ.ਸ. ਧੂਰੀ ਕੰਨਿਆ ਤੇ ਸ.ਹ.ਸ. ਪਲਾਸੌਰ ਖੁੱਲ੍ਹਣਗੇ।ਅੱਜ ਸਕੂਲ ਮੁਖੀ ਤੇ ਸਕੂਲ ਮੈਨੇਜਮੈਂਟ ਕਮੇਟੀ ਵੱਲੋਂ ਸਕੂਲਾਂ ਦੇ ਨਿਰੀਖਣ ਉਪਰੰਤ ਜ਼ਿਲ੍ਹਾ ਸਿੱਖਿਆ ਅਫਸਰ ਵੱਲੋਂ ਜਾਰੀ ਰਿਪੋਰਟ ਦੇ ਅਧਾਰ ਉੱਤੇ ਇਹ ਫੈਸਲਾ ਲਿਆ ਗਿਆ ਹੈ।ਜ਼ਿਕਰਯੋਗ ਹੈ ਕਿ ਜ਼ਿਲ੍ਹਾ ਸੰਗਰੂਰ ਦੇ 26 ਪਿੰਡਾਂ ਵਿੱਚ ਪੈਂਦੇ ਸਾਰੇ ਸਕੂਲ ਤੇ ਹੋਰ ਪਿੰਡਾਂ ਦੇ 22 ਸਕੂਲ ਅਗਲੇ ਹੁਕਮਾਂ ਤੱਕ ਬੰਦ ਰਹਿਣਗੇ।ਇਸ ਸਬੰਧੀ ਜਾਰੀ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰ. ਸਿੱਖਿ.) ਅਨੁਸਾਰ ਬਰਸਾਤ ਜਾਂ ਹੜ੍ਹਾਂ ਕਰਨ, ਜਿਨ੍ਹਾਂ ਸਕੂਲਾਂ ਦਾ ਬੁਨਿਆਦੀ ਢਾਂਚਾ ਪ੍ਰਭਾਵਿਤ

## ਬੰਦ ਰਹਿਣ ਵਾਲਿਆਂ 'ਚ ਨਿੱਜੀ ਸਕੂਲ ਵੀ ਸ਼ਾਮਲ

ਹੋਇਆ ਹੈ, ਜਿਸ ਕਾਰਨ ਇਹ ਸਕੂਲ ਨਹੀਂ ਖੁੱਲ੍ਹ ਰਹੇ, ਉਨ੍ਹਾਂ ਵਿੱਚ ਬਲਾਕ ਸੰਗਰੂਰ-1 ਦਾ ਸ.ਸ.ਸ.ਸ. ਕਾਂਝਲਾ, ਬਲਾਕ ਸੰਗਰੂਰ-2 ਦੇ ਸ.ਸ.ਸ.ਸ. ਭਵਾਨੀਗੜ੍ਹ ਕੰਨਿਆ, ਸ.ਸ.ਸ.ਸ. ਚੰਨੋ, ਸ.ਹ.ਸ. ਕਾਕੜਾ, ਬਲਾਕ ਲਹਿਰਾਗਾਗਾ ਦੇ ਸ.ਸ.ਸ.ਸ. ਹਰਿਆਊ, ਸ.ਸ.ਸ.ਸ. ਲਹਿਰਾਗਾਗਾ, ਸ.ਸ.ਸ.ਸ. ਭੁਟਾਲ ਖੁਰਦ, ਬਲਾਕ ਮੂਨਕ ਦਾ ਸ.ਸ.ਸ.ਸ. ਮੂਨਕ (ਕ), ਬਲਾਕ ਧੂਰੀ ਦਾ ਸ.ਮਿ.ਸ. ਪੇਧਨੀ, ਸ.ਮਿ.ਸ. ਬੱਬਨਪੁਰ, ਸ.ਮਿ.ਸ. ਹਸਨਪੁਰ, ਬਲਾਕ ਸ਼ੇਰਪੁਰ ਦੇ ਸ.ਹ.ਸ. ਮਹਿਮਦਪੁਰ, ਸ.ਸ.ਸ.ਸ. ਸ਼ੇਰਪੁਰ, ਸ.ਸ.ਸ.ਸ. ਮੂਲੋਵਾਲ, ਬਲਾਕ ਚੀਮਾ ਦਾ ਸ.ਹ.ਸ. ਕਿਲ੍ਹਾ ਭਰੀਆਂ, ਬਲਾਕ ਸੁਨਾਮ-1ਦਾ ਸ.ਹ.ਸ. ਰਾਮਗੜ੍ਹ ਜਵੰਧੇ, ਸੁਨਾਮ-2 ਦਾ ਸ.ਸ.ਸ.ਸ. ਲਾਡਬਨਜਾਰਾ, ਸ.ਹ.ਸ. ਬਲਿਆਲ ਸ਼ਾਮਲ ਹਨ।ਇਨ੍ਹਾਂ ਤੋਂ ਇਲਾਵਾ ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ) ਦੀ ਰਿਪੋਰਟ ਮੁਤਾਬਕ ਜਿਨ੍ਹਾਂ ਸਕੂਲਾਂ ਦਾ ਢਾਂਚਾ ਪ੍ਰਭਾਵਿਤ ਹੋਇਆ ਹੈ ਤੇ ਬੰਦ ਰਹਿਣਗੇ, ਉਨ੍ਹਾਂ ਵਿੱਚ ਬਲਾਕ ਲਹਿਰਾਗਾਗਾ ਦਾ ਸ.ਪ.ਸ. ਚੰਗਾਲੀਵਾਲਾ, ਬਲਾਕ ਸੰਗਰੂਰ-1 ਦੇ ਸ.ਪ.ਸ. ਰਾਮਨਗਰ ਬਸਤੀ ਸੰਗਰੂਰ, ਸ.ਪ.ਸ.ਬੇਨੜਾ-1 ਤੇ ਬਲਾਕ ਸੁਨਾਮ-2 ਦਾ ਸ.ਪ.ਸ. ਦਿੜ੍ਹਬਾ ਸ਼ਾਮਲ ਹਨ।ਉਨ੍ਹਾਂ ਕਿਹਾ ਕਿ ਇੱਥੇ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਉਕਤ ਸਾਰੇ ਸਕੂਲ ਸਿਰਫ ਵਿਦਿਆਰਥੀਆਂ ਲਈ ਬੰਦ ਰਹਿਣਗੇ।ਇਨ੍ਹਾਂ ਸਕੂਲਾਂ ਵਿੱਚ ਅਧਿਆਪਕ ਤੇ ਸਟਾਫ ਪੂਰਨ ਤੌਰ 'ਤੇ ਹਾਜ਼ਰ ਰਹਿਣਗੇ।ਇਸ ਤੋਂ ਇਲਾਵਾ ਜਿਨ੍ਹਾਂ ਪਿੰਡਾਂ/ਸ਼ਹਿਰਾਂ ਦੇ ਸਾਰੇ ਸਕੂਲ ਘੱਗਰ ਦਰਿਆ, ਜੋ ਕਿ ਪਿਛਲੇ 5 ਦਿਨਾਂ ਤੋਂ ਖਤਰੇ ਦੇ ਨਿਸ਼ਾਨ ਤੋਂ ਉੱਤੇ ਵੱਗ ਰਿਹਾ ਹੈ, ਦੇ ਬਿਲਕੁੱਲ ਨਜ਼ਦੀਕ ਹੋਣ ਕਰ ਕੇ ਜਾਨੀ/ਮਾਲੀ ਨੁਕਸਾਨ ਬਚਾਉਣ ਦੇ ਮੱਦੇਨਜ਼ਰ ਅਗਲੇ ਹੁਕਮਾਂ ਤੱਕ ਬੰਦ ਰਹਿਣਗੇ, ਉਨ੍ਹਾਂ ਵਿੱਚ ਖਨੌਰੀ, ਬਨਾਰਸੀ, ਬਾਊਪੁਰ, ਨਵਾਗਾਓਂ, ਜਸਵੰਤਪੁਰਾ ਉਰਫ ਹੋਤੀਪੁਰ, ਅਨਦਾਨਾ, ਸ਼ਾਹਪੁਰ ਥੇੜੀ, ਚਾਂਦੂ, ਮੰਡਵੀ, ਬੱਗਾਂ, ਬੁਸਹਿਰਾ, ਹਮੀਰਗੜ੍ਹ, ਸੁਰਜਣ ਭੈਣੀ, ਭੂੰਦੜਭੈਣੀ, ਸਲੇਮਗੜ੍ਹ, ਮਕਰੌੜ ਸਾਹਿਬ, ਫੂਲਦ, ਗਨੌਟਾ, ਘਮੂਰਘਾਟ, ਰਾਮਪੁਰ ਗੁੱਜਰਾਂ, ਹਾਂਡਾ, ਕੁੰਦਨੀ, ਵਜੀਦਪੁਰ, ਕਬੀਰਪੁਰ, ਕੜੈਲ ਤੇ ਮੂਨਕ ਸ਼ਾਮਲ ਹਨ।

# ਮੋਦੀ ਵੱਲੋਂ ਐਲਾਨਿਆ ਰਾਹਤ ਪੈਕੇਜ ਪੰਜਾਬ ਨਾਲ ਕੋਝਾ ਮਜ਼ਾਕ : ਗੋਇਲ



ਮੂਨਕ (ਰਾਜਪਾਲ ਸਿੰਗਲਾ)-ਦੇਸ਼ ਦੀ ਅਜ਼ਾਦੀ ਲਈ ਸਭ ਤੋਂ ਵੱਧ ਯੋਗਦਾਨ ਪਾਉਣ, ਹਰੀ ਕ੍ਰਾਂਤੀ ਤਹਿਤ ਦੇਸ਼ ਦੇ ਅਨਾਜ ਭੰਡਾਰ ਭਰਨ ਅਤੇ ਦੇਸ਼ ਦੀ ਰਾਖੀ ਲਈ ਸਰਹੱਦਾਂ ਉੱਤੇ ਸਭ ਤੋਂ ਵੱਧ ਜਾਨਾਂ ਵਾਰਨ ਵਾਲੇ ਪੰਜਾਬ ਦਾ ਅੱਜ ਜਦੋਂ ਹੜ੍ਹਾਂ ਦੀ ਮਾਰ ਕਾਰਨ 20 ਹਜ਼ਾਰ ਕਰੋੜ ਰੁਪਏ ਤੋਂ ਵੱਧ ਦਾ ਨੁਕਸਾਨ ਹੋ ਗਿਆ ਹੈ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਪੰਜਾਬ ਲਈ ਕੇਵਲ 1600 ਕਰੋੜ ਰੁਪਏ ਦੀ ਰਾਹਤ ਰਾਸ਼ੀ ਐਲਾਨੀ ਜਾਣੀ, ਪੰਜਾਬ ਨਾਲ ਕੋਝਾ ਮਜ਼ਾਕ ਹੈ। ਇਹ ਗੱਲ ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਕੜੈਲ, ਮੂਨਕ, ਫੂਲਦ ਸਮੇਤ ਘੱਗਰ ਦਰਿਆ ਨੇੜਲੇ ਵੱਖ-ਵੱਖ ਪਿੰਡਾਂ ਵਿਖੇ ਘੱਗਰ ਦਰਿਆ ਦੀ ਸਥਿਤੀ ਦਾ ਜਾਇਜ਼ਾ ਲੈਣ ਮੌਕੇ ਲੋਕਾਂ ਨਾਲ ਗੱਲਬਾਤ ਕਰਦਿਆਂ ਆਖੀ। ਗੋਇਲ ਨੇ ਕਿਹਾ ਕਿ ਲੋਕਾਂ ਨੂੰ ਘੱਗਰ ਦਰਿਆ ਦੀ ਮਾਰ ਤੋਂ ਬਚਾਉਣ ਹਿਤ ਪੰਜਾਬ ਸਰਕਾਰ ਵੱਲੋਂ ਦਰਿਆ ਦੇ ਬੰਨ੍ਹਾਂ ਨੂੰ ਮਜ਼ਬੂਤ ਕੀਤਾ ਗਿਆ, ਜਿਨ੍ਹਾਂ ਸਦਕਾ ਪਿਛਲੇ 8 ਦਿਨ ਤੋਂ ਪਾਣੀ ਖਤਰੇ ਦੇ ਨਿਸ਼ਾਨ ਤੋਂ ਉੱਪਰ ਹੋਣ ਦੇ ਬਾਵਜੂਦ ਘੱਗਰ ਦਰਿਆ ਨੇੜਲੇ ਪਿੰਡਾਂ ਤੇ ਸ਼ਹਿਰਾਂ ਦੇ ਲੋਕ ਇਸ ਦੀ ਮਾਰ ਤੋਂ ਬਚੇ ਹੋਏ ਹਨ।ਦੂਜਾ ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵੀ ਪੂਰੀ ਚੌਕਸੀ ਵਰਤੀ ਜਾ ਰਹੀ ਹੈ। ਘੱਗਰ ਦਰਿਆ 'ਤੇ ਹਰ ਕਿਲੋਮੀਟਰ ਉੱਤੇ ਅਧਿਕਾਰੀਆਂ ਦੀ ਡਿਊਟੀ ਲਾਈ ਗਈ ਹੈ ਤਾਂ ਜੋ ਕਿਸੇ ਵੀ ਕਿਸਮ ਦੀ ਦਿੱਕਤ ਆਉਣ 'ਤੇ ਫੌਰੀ ਉਸ ਦਾ ਹੱਲ ਕੀਤਾ ਜਾ ਸਕੇ।ਕੈਬਨਿਟ ਮੰਤਰੀ ਨੇ ਕਿਹਾ ਕਿ ਜੇਕਰ ਹਰਿਆਣਾ ਸਰਕਾਰ ਪੰਜਾਬ ਸਰਕਾਰ ਨਾਲ ਸਹਿਯੋਗ ਕਰੇ ਤਾਂ ਘੱਗਰ ਦੀ ਸਮੱਸਿਆ ਦਾ ਪੱਕੇ ਤੌਰ ਉੱਤੇ ਹੱਲ ਹੋ ਸਕਦਾ ਹੈ। ਉਨ੍ਹਾਂ ਲੋਕਾਂ ਨਾਲ ਵਾਅਦਾ ਕੀਤਾ ਕਿ ਉਹ ਘੱਗਰ ਦੀ ਸਮੱਸਿਆ ਦੇ ਹੱਲ ਸਬੰਧੀ ਅਜਿਹੇ ਕੰਮ ਕਰਵਾਉਣਗੇ ਕਿ ਅਗਲੇ ਸਾਲ ਲੋਕਾਂ ਨੂੰ ਦਰਿਆ 'ਤੇ ਪਹਿਰੇ ਲਾਉਣ ਦੀ ਵੀ ਲੋੜ ਨਹੀਂ ਪਵੇਗੀ।

ਗੋਇਲ ਨੇ ਦੱਸਿਆ ਕਿ ਕਿਸੇ ਵੀ ਐਮਰਜੈਂਸੀ ਦੀ ਸਥਿਤੀ ਵਿੱਚ ਡਰੇਨੇਜ ਵਿਭਾਗ ਨਾਲ 87250-29785 'ਤੇ ਜਾਂ ਜ਼ਿਲ੍ਹਾ ਪ੍ਰਸ਼ਾਸਨ ਨਾਲ 01672-234196 'ਤੇ ਜਾਂ ਮੂਨਕ ਕੰਟਰੋਲ ਰੂਮ ਨਾਲ 97802-95132 'ਤੇ ਸੰਪਰਕ ਕੀਤਾ ਜਾ ਸਕਦਾ ਹੈ।


**UMMEED HOUSING FINANCE PVT. LTD**
Registered office at : Unit 2009-14, 20th Floor, Magnum Global Park, Golf Course Extension Road, Sec-58, Gurugram (Haryana)-122011
CIN: U64990HR2016PTC057984

ਅੰਤਿਕਾ IV [(ਦੇਖੋ ਰੂਲ 8 (1)] ਕਬਜ਼ਾ ਨੋਟਿਸ

ਜਦੋਂਕਿ ਨਿਮਨਹਸਤਾਖਰੀ 'ਸਕਿਉਰਿਟੀਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ (ਐਕਟ 2002 (54 ਆਫ 2002) ਅਧੀਨ ਉਮੀਦ ਹਾਊਸਿੰਗ ਫਾਈਨਾਂਸ ਪ੍ਰਾਈ: ਲਿਮ: ਦਾ ਅਧਿਕਾਰਤ ਅਫਸਰ ਹੋਣ ਦੇ ਨਾਤੇ ਅਤੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ (ਰੂਲ 3) ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੇਠਾਂ ਦਰਸਾਏ ਕਰਜ਼ਦਾਰਾਂ ਨੂੰ ਨੋਟਿਸ 'ਚ ਦਰਸਾਈ ਰਕਮ ਨੋਟਿਸ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਵਾਪਸ ਅਦਾ ਕਰਨ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ।

ਸੰਬੰਧਤ ਕਰਜ਼ਦਾਰ/ਸਹਿ-ਕਰਜ਼ਦਾਰ/ਗਰੰਟਰ/ਰਹਿਣਕਾਰ ਰਾਸ਼ੀ ਵਾਪਸ ਅਦਾ ਕਰਨ 'ਚ ਅਸਫਲ ਰਹੇ ਹਨ ਅਤੇ ਉਨ੍ਹਾਂ ਕਰਜ਼ਦਾਰ/ਸਹਿ-ਕਰਜ਼ਦਾਰ/ਗਰੰਟਰ/ਰਹਿਣਕਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਉਰਿਟੀ-ਇੰਟਰੈਸਟ ਇਨਫੋਰਸਮੈਂਟ ਰੂਲਜ਼, 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੇਠਾਂ ਦਰਸਾਈ ਜਾਇਦਾਦ ਦਾ ਭੌਤਿਕ ਕਬਜ਼ਾ ਪ੍ਰਾਪਤ ਕਰ ਲਿਆ ਹੈ।

ਕਰਜ਼ਦਾਰ/ਸਹਿ-ਕਰਜ਼ਦਾਰ/ਗਰੰਟਰ/ਰਹਿਣਕਾਰ ਨੂੰ ਖਾਸ ਕਰ ਅਤੇ ਆਮ ਜਨਤਾ ਨੂੰ ਆਮ ਤੌਰ 'ਤੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਉਹ ਜਾਇਦਾਦ ਸੰਬੰਧੀ ਕੋਈ ਸੌਦੇਬਾਜ਼ੀ ਨਾ ਕਰਨ ਅਤੇ ਜਾਇਦਾਦ ਸੰਬੰਧੀ ਕੀਤੀ ਗਈ ਕੋਈ ਵੀ ਸੌਦੇਬਾਜ਼ੀ ਉਮੀਦ ਹਾਊਸਿੰਗ ਫਾਈਨਾਂਸ ਪ੍ਰਾਈ: ਲਿਮ: ਨੂੰ ਰਕਮ ਅਤੇ ਉਸ ਉੱਪਰ ਵਿਆਜ, ਲਾਗਤਾਂ ਅਤੇ ਚਾਰਜਿਜ਼ ਆਦਿ ਨੂੰ ਨਿਮਨਲਿਖਤ ਨਿਰਧਾਰਤ ਮਿਤੀਆਂ ਤੋਂ ਮੁਕੰਮਲ ਅਦਾਇਗੀ ਤੱਕ ਹੱਕਦਾਰ ਬਣਾਏਗੀ।

ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ ਸੈਕਸ਼ਨ (8) ਦੀਆਂ ਵਿਵਸਥਾਵਾਂ ਅਧੀਨ ਸਕਿਉਰਡ ਐਸੇਟਸ ਨੂੰ ਗਿਰਵੀ ਰੱਖਣ ਲਈ ਦਿੱਤੇ ਗਏ ਸਮੇਂ ਵੱਲ ਦਿਵਾਇਆ ਜਾਂਦਾ ਹੈ।

ਕਰਜ਼ਦਾਰਾਂ, ਸਹਿ-ਕਰਜ਼ਦਾਰਾਂ ਅਤੇ ਗਰੰਟਰਾਂ, ਸਕਿਉਰਟੀਜ਼, ਬਕਾਇਆ ਰਕਮਾਂ ਦੇ ਵੇਰਵੇ ਡਿਮਾਂਡ ਨੋਟਿਸ ਸੈਕਸ਼ਨ 13 (2) ਅਧੀਨ ਭੇਜੇ ਗਏ ਹਨ ਅਤੇ ਇਸ ਅਧੀਨ ਦਾਅਵਾ ਕੀਤੀ ਗਈ ਰਕਮ ਅਤੇ ਕਬਜ਼ੇ ਦੀ ਮਿਤੀ ਹੇਠਾਂ ਦਰਸਾਏ ਅਨੁਸਾਰ ਹੈ :

| ਕਰਜ਼ਦਾਰ, ਸਹਿ-ਕਰਜ਼ਦਾਰ, ਗਰੰਟਰ ਦਾ ਨਾਂਅ ਅਤੇ ਪਤਾ ਕਰਜ਼ਾ ਖਾਤਾ ਨੰ. ਅਤੇ ਕਰਜ਼ਾ ਰਾਸ਼ੀ | ਡਿਮਾਂਡ ਨੋਟਿਸ ਦੀ ਮਿਤੀ | ਭੌਤਿਕ ਕਬਜ਼ੇ ਦੀ ਮਿਤੀ |
|---|---|---|
| 1. ਜਗਵਿੰਦਰ ਸਿੰਘ ਪੁੱਤਰ ਪ੍ਰਗਟ ਸਿੰਘ (ਕਰਜ਼ਦਾਰ) 2. ਪ੍ਰਗਟ ਸਿੰਘ ਪੁੱਤਰ ਪਿਆਰਾ ਸਿੰਘ (ਸਹਿ-ਕਰਜ਼ਦਾਰ) 3. ਜਸਵਿੰਦਰ ਕੌਰ ਪਤਨੀ ਪ੍ਰਗਟ ਸਿੰਘ (ਸਹਿ-ਕਰਜ਼ਦਾਰ) ਸਾਰੇ ਵਾਸੀ ਮਲੌਦ, ਮਾਲੋ ਦੌਦ, ਨੇੜੇ ਗੁਰਦੁਆਰਾ ਸਾਹਿਬ, ਲੁਧਿਆਣਾ, ਪੰਜਾਬ-141119 4. ਗੁਰਤੇਜ ਸਿੰਘ ਪੁੱਤਰ ਬਲਵੀਰ ਸਿੰਘ (ਗਰੰਟਰ) ਵਾਸੀ ਪਿੰਡ ਤੇ ਡਾਕ. ਬੇਰ ਕਲਾਂ, ਨੇੜੇ ਗੁਰਦੁਆਰਾ ਸਾਹਿਬ, ਲੁਧਿਆਣਾ, ਪੰਜਾਬ-141119 ਕਰਜ਼ਾ ਨੰ. ਐੱਲ ਐਕਸ ਐੱਲ ਯੂ ਡੀ 03622-230019107 ਕਰਜ਼ਾ ਸਹਿਮਤੀ ਮਿਤੀ : 21 ਅਗਸਤ 2022 ਕਰਜ਼ਾ ਰਕਮ : ਰੁਪਏ 4,00,000/- | 10 ਜੂਨ 2025 | 10 ਸਤੰਬਰ 2025 |
| | ਬਕਾਇਆ ਰਕਮ ਰੁਪਏ 'ਚ | |
| | 10 ਜੂਨ 2025 ਨੂੰ ਰੁਪਏ 3,32,180/-(ਤਿੰਨ ਲੱਖ ਬੱਤੀ ਹਜ਼ਾਰ ਇੱਕ ਸੌ ਅੱਸੀ ਰੁਪਏ ਕੇਵਲ) 11 ਜੂਨ 2025 ਤੋਂ ਹੋਰ ਵਿਆਜ ਅਤੇ ਹੋਰ ਚਾਰਜਿਜ਼। | |

ਸਕਿਉਰਡ ਐਸਟ ਦੇ ਵੇਰਵੇ : ਤਬਾਦਲਾ ਬੈਨਾਮਾ ਵਸੀਕਾ ਨੰ. 2021-22/105/1/42 ਮਿਤੀ 16.04.2021 ਅਨੁਸਾਰ ਜਗਵਿੰਦਰ ਸਿੰਘ ਦੇ ਪੱਖ 'ਚ ਜਾਇਦਾਦ ਖਸਰਾ ਨੰ. 10//8/1(2-18), 9/1(6-8), 10//27(1-2), 22//17/1/1/1(3-9), 22//16/1(5-7), 21//21(8-0), 37//1/1/1(33) ਖੇਵਟ ਨੰ. 176/190, 218/233, 219/234, 227/242, 228/243, ਜਮ੍ਹਾਂਬੰਦੀ ਸਾਲ 2016-2017 ਰਕਬਾ 1 ਕਨਾਲ-15.33 ਮਰਲੇ ਜਾਂ 1068.72 ਵਰਗ ਗਜ਼ ਵਾਕਿਆ ਮਲੌਦ ਰੋਡੀਆ ਸਬ ਤਹਿਸੀਲ ਮਲੌਦ, ਤਹਿਸੀਲ ਪਾਇਲ, ਜ਼ਿਲ੍ਹਾ ਲੁਧਿਆਣਾ, ਪੰਜਾਬ ਨਾਲ ਸੰਬੰਧਤ ਸਭ ਕੁਝ। ਹੱਦਾਂ:- ਪੂਰਬ : ਗਲੀ-41'-07", ਪੱਛਮ : ਲਵ ਦੀ ਖੇਤੀਬਾੜੀ ਵਾਲੀ ਜ਼ਮੀਨ, ਉੱਤਰ : ਚਮਕੌਰ ਸਿੰਘ, ਦੱਖਣ : ਗੁਰਮੇਲ ਸਿੰਘ

ਮਿਤੀ : 12 ਸਤੰਬਰ 2025
ਸਥਾਨ : ਗੁਰੂਗ੍ਰਾਮ, ਹਰਿਆਣਾ
ਅਧਿਕਾਰਤ ਅਫਸਰ, ਸ੍ਰੀ ਗੌਰਵ ਤ੍ਰਿਪਾਠੀ ਮੋਬਾਈਲ-96500-55701
ਉਮੀਦ ਹਾਊਸਿੰਗ ਫਾਇਨਾਂਸ ਪ੍ਰਾਈ. ਲਿਮ.



**ਉੱਤਰ ਰੇਲਵੇ**

**ਈ-ਨਿਵਿਦਾ ਸੂਚਨਾ**

ਨੰ :- 128-2025-26-DEN-HQ-FZR ਮਿਤੀ 10.09.2025

ਸੀਨੀਅਰ ਮੰਡਲ ਇੰਜੀਨੀਅਰ-ਹੈਡਕੁ. ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਹੇਠਾਂ ਲਿਖਤ ਈ-ਨਿਵਿਦਾਵਾਂ, ਅੰਤਮ ਮਿਤੀ 02.10.2025 ਸਮਾਂ 15.00 ਵਜੇ ਤਕ, www.ireps.gov.in ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ ਇਨਾਂ ਟੈਂਡਰਾਂ ਦੇ ਲਈ ਮੈਨੂਅਲ ਪ੍ਰਸਤਾਵ ਮਾਨਯ ਨਹੀਂ ਹੈ ਅਤੇ ਐਸੇ ਕਿਸੇ ਵੀ ਮੈਨੂਅਲ ਪ੍ਰਾਪਤ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ।ਠੇਕੇਦਾਰ ਨਿਵਿਦਾ ਫਾਰਮ ਦੀ ਲਾਗਤ ਅਤੇ ਬਿਆਨਾ ਰਾਸ਼ੀ ਭੁਗਤਾਨ ਕੇਵਲ www.ireps.gov.in ਪੋਰਟਲ ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ, ਤੇ ਕਰੈਡਿਟ ਕਾਰਡ ਆਦਿ ਨਾਲ ਭੁਗਤਾਨ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਪੈਕੇਟ ਪ੍ਰਣਾਲੀ |
|---|---|---|
| ਖੁਲਾ | ਕੰਮ | ਸਿੰਗਲ ਪੈਕੇਟ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਨਿਵਿਦਾ ਸਮਾਪਨ ਦੀ ਮਿਤੀ ਅਤੇ ਸਮਾਂ |
| 09.09.2025 | 18.09.2025 | 02.10.2025 / 15:00 ਵਜੇ |

| ਲ.ਨੰ. | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ |
|---|---|---|
| 1 | 128-2025-26-DEN-HQ-FZR | ਮੰਡਲ ਇੰਜੀਨੀਅਰ-ਹੈਡਕੁਆਟਰ/ਫਿਰੋਜਪੁਰ ਦੇ ਅਧਿਕਾਰ ਖੇਤਰ ਦੇ ਤਹਿਤ ਸਹਾਇਕ ਮੰਡਲ ਇੰਜੀਨੀਅਰ-ਫਸਟ/ਫਿਰੋਜਪੁਰ ਅਤੇ ਸਹਾਇਕ ਮੰਡਲ ਇੰਜੀਨੀਅਰ- ਸੈਕਿੰਡ/ਫਿਰੋਜਪੁਰ ਅਨੁਭਾਗ ਵਿਚ 5 ਸਾਲਾਂ ਦੇ ਲਈ ਟ੍ਰੈਕ ਆਧਾਰਿਤ ਇਲੈਕਟ੍ਰਾਨਿਕ ਟਾਈਪ ਰੇਲ ਗੇਜ ਫੇਸ ਲੁਬ੍ਰਿਕੇਟਰ 31 ਨਗ (31x12x5 ਸਾਲ = 1860 ਮਹੀਨੇ) ਦੀ ਸਪਲਾਈ, ਸਥਾਪਨਾ, ਅਤੇ ਕਮਿਸ਼ਨਿੰਗ। |

| ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਨ ਦੀ ਅਵਧੀ |
|---|---|---|---|
| 5,15,48,796.00/- | 4,07,800.00/- | 90 ਦਿਨ | 60 ਮਹੀਨੇ |

ਸਮਾਨ ਨੇਚਰ ਦਾ ਕੰਮ: "ਟ੍ਰੈਕ ਆਧਾਰਿਤ ਲੁਬ੍ਰਿਕੇਟਰ ਦੇ ਲਈ ਅਨੁਮੋਦਿਤ ਆਰਡੀਐਸਓ ਅਨੁਮੋਦਿਤ/ਵਿਕਾਸ ਵਿਕ੍ਰੇਤਾ ਹੀ ਇਸ ਨਿਵਿਦਾ ਵਿਚ ਭਾਗ ਲੈ ਸਕਦੇ ਹਨ। ਅਨੁਮੋਦਨ ਸਰਟੀਫਿਕੇਟ ਦੀ ਵੈਲੇਡਿਟੀ ਮਿਤੀ ਸਮੇਤ ਕਾਪੀ ਨਿਵਿਦਾ ਦੇ ਨਾਲ ਜਮ੍ਹਾ ਕਰਨੀ ਹੋਵੇਗੀ।

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜੀ ਵਰਜਨ ਹੀ ਮਾਨਯ ਹੋਣਗੇ।

2762/25

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



**ਪਬਲਿਕ ਨੋਟਿਸ**

ICICI Bank Registered Office: ICICI Bank Tower, Near Chakli Circle, Old Padra Road, Vadodara- 390007 Corporate Office: ICICI Bank Towers, Bandra-Kurla Complex Mumbai 400051

**ਸੋਨਾ ਈ-ਨਿਲਾਮੀ ਕਮ ਸੱਦਾ ਨੋਟਿਸ**

ਹੇਠਾਂ ਲਿਖੇ ਕਰਜ਼ਦਾਰਾਂ ਨੂੰ ਸੋਨੇ ਦੇ ਗਹਿਣਿਆਂ ਬਦਲੇ ਆਈ ਸੀ ਆਈ ਸੀ ਆਈ ਬੈਂਕ ਲਿਮ: ('ਆਈ ਸੀ ਆਈ ਸੀ ਆਈ ਬੈਂਕ') ਤੋਂ ਲਈ ਸਹੂਲਤ ('ਸਹੂਲਤ') ਪ੍ਰਤੀ ਬਕਾਇਆ ਰਕਮ ਦੇ ਭੁਗਤਾਨ ਲਈ ਨੋਟਿਸ ਜਾਰੀ ਕੀਤਾ ਗਿਆ ਹੈ। ਕਿਉਂਕਿ ਇਹ ਬਕਾਇਆ ਰਕਮ ਦਾ ਭੁਗਤਾਨ ਕਰਨ 'ਚ ਅਸਫਲ ਰਹੇ ਹਨ। ਇਸ ਲਈ ਅਸੀਂ ਗਿਰਵੀ ਰੱਖੇ ਸੋਨੇ ਦੇ ਗਹਿਣਿਆਂ ਦੀ 22 ਸਤੰਬਰ 2025 ਨੂੰ ਈ-ਨਿਲਾਮੀ ਕਰਨ ਦੇ ਪਾਬੰਦ ਹਾਂ। ਆਈ ਸੀ ਆਈ ਸੀ ਆਈ ਬੈਂਕ ਨੂੰ ਬਿਨਾਂ ਅਗਾਊਂ ਨੋਟਿਸ ਖਾਤਾ ਹਟਾਉਣ/ਈ-ਨਿਲਾਮੀ ਦੀ ਤਰੀਕ ਬਦਲਣ ਦਾ ਅਧਿਕਾਰ ਹੈ। ਨਿਲਾਮੀ ਦੁਪਹਿਰ 12.30 ਤੋਂ 3.30 ਵਜੇ ਤੱਕ https://jewel-auction.procuretiger.com 'ਤੇ ਆਨਲਾਈਨ ਕੀਤੀ ਜਾਵੇਗੀ। ਸ਼ਰਤਾਂ ਅਤੇ ਨਿਯਮਾਂ ਦੇ ਵੇਰਵੇ ਲਈ ਕ੍ਰਿਪਾ ਕਰਕੇ ਦਿੱਤੀ ਗਈ ਵੈੱਬਸਾਈਟ 'ਤੇ ਲਾਗ ਕਰੋ। ਮ੍ਰਿਤਕ ਕਰਜ਼ਦਾਰਾਂ ਦੇ ਮਾਮਲੇ 'ਚ ਸਾਰੀਆਂ ਸ਼ਰਤਾਂ ਉਹਨਾਂ ਦੇ ਕਾਨੂੰਨੀ ਵਾਰਸਾਂ 'ਤੇ ਲਾਗੂ ਹੋਣਗੀਆਂ।

| ਕਰਜ਼ਾ ਖਾਤਾ ਨੰ. | ਗਾਹਕ ਦਾ ਨਾਂਅ |
|---|---|
| ਬਰਾਂਚ ਦਾ ਨਾਂਅ : ਅਹਿਮਦਗੜ੍ਹ | |
| 096862004560 | ਬਲਜੀਤ ਕੌਰ |
| ਬਰਾਂਚ ਦਾ ਨਾਂਅ : ਅਜਨਾਲਾ | |
| 108362005927 | ਹਰਦੀਪ ਸਿੰਘ |
| 108362007729 | ਜਗਦੀਪ ਸਿੰਘ |
| ਬਰਾਂਚ ਦਾ ਨਾਂਅ : ਅਮਰਗੜ੍ਹ | |
| 381162001784 | ਪੁਸ਼ਪਿੰਦਰ ਸਿੰਘ |
| ਬਰਾਂਚ ਦਾ ਨਾਂਅ : ਅੰਮ੍ਰਿਤਸਰ-ਮਜੀਠਾ ਰੋਡ | |
| 659357015032 | ਰਾਜੀਵ ਮਹਿਰਾ |
| 659357015033 | ਰਾਜੀਵ ਮਹਿਰਾ |
| 659357015040 | ਰਾਜੀਵ ਮਹਿਰਾ |
| ਬਰਾਂਚ ਦਾ ਨਾਂਅ : ਅਰਨੀਵਾਲਾ-ਸ਼ੇਖਾ ਸੁਭਾਨਾ | |
| 411962000944 | ਦਲਜੀਤ ਸਿੰਘ |
| 411962004080 | ਗੁਰਪਿੰਦਰ ਸਿੰਘ |
| 411962004100 | ਸੁਰਿੰਦਰ ਸਿੰਘ |
| ਬਰਾਂਚ ਦਾ ਨਾਂਅ : ਬਰਨਾਲਾ | |
| 051862003814 | ਜਗਜੀਤ ਸਿੰਘ |
| 051862004593 | ਰੁਪਾਲੀ ਰੁਪਾਲੀ |
| ਬਰਾਂਚ ਦਾ ਨਾਂਅ : ਬਸੀ ਪਠਾਣਾ | |
| 383462002060 | ਗੁਰਮੀਤ ਸਿੰਘ |
| 383462001641 | ਸੁਰਿੰਦਰ ਸਿੰਘ |
| ਬਰਾਂਚ ਦਾ ਨਾਂਅ : ਬਟਾਲਾ | |
| 129862002469 | ਗੁਰਮੇਜ ਸਿੰਘ |
| 129862002589 | ਵਿਜੇ ਸਿੰਘ |
| ਬਰਾਂਚ ਦਾ ਨਾਂਅ : ਬਟਾਲਾ-ਅਰਬਨ ਅਸਟੇਟ | |
| 241562000797 | ਰਵਿੰਦਰ ਸਿੰਘ |
| ਬਰਾਂਚ ਦਾ ਨਾਂਅ : ਬਠਿੰਡਾ | |
| 016357000055 | ਹਰਭਜਨ ਸਿੰਘ |
| ਬਰਾਂਚ ਦਾ ਨਾਂਅ : ਬੇਗੋਵਾਲ | |
| 152262001659 | ਕੁਲਦੀਪ ਸਿੰਘ |
| 152262001663 | ਕੁਲਜੀਤ ਕੌਰ |
| ਬਰਾਂਚ ਦਾ ਨਾਂਅ : ਭਗਤਾ | |
| 372862001553 | ਪ੍ਰਗਟ ਸਿੰਘ |
| ਬਰਾਂਚ ਦਾ ਨਾਂਅ : ਬਠਿੰਡਾ-ਸਿਵਲ ਲਾਈਨ | |
| 241662001370 | ਗੁਰਮੇਲ ਸਿੰਘ |
| ਬਰਾਂਚ ਦਾ ਨਾਂਅ : ਭਿੱਖੀਵਿੰਡ, ਪੰਜਾਬ | |
| 361062003585 | ਗੁਰਦਿੱਤ ਸਿੰਘ |
| ਬਰਾਂਚ ਦਾ ਨਾਂਅ : ਭੋਗਪੁਰ | |
| 374562000486 | ਕਮਲਦੀਪ |
| 374557000042 | ਪਾਇਲ ਸੈਣੀ |
| ਬਰਾਂਚ ਦਾ ਨਾਂਅ : ਭੁੱਚੋ ਮੰਡੀ, ਪੰਜਾਬ | |
| 357962001423 | ਚਰਨਜੀਤ ਕੌਰ |
| ਬਰਾਂਚ ਦਾ ਨਾਂਅ : ਬੋਹਾ | |
| 394957000213 | ਸਲੀਮ |
| ਬਰਾਂਚ ਦਾ ਨਾਂਅ : ਝਬਾਲ | |
| 374662000388 | ਅਵਤਾਰ ਸਿੰਘ |
| ਬਰਾਂਚ ਦਾ ਨਾਂਅ : ਚੰਡੀਗੜ੍ਹ-ਸੈਕਟਰ-10 | |
| 360762000235 | ਮਨਪਿੰਦਰ ਸਿੰਘ ਗਰੇਵਾਲ |
| ਬਰਾਂਚ ਦਾ ਨਾਂਅ : ਚੰਡੀਗੜ੍ਹ-ਸੈਕਟਰ-17 ਸੀ | |
| 659157015030 | ਅਮਿਤ ਕੁਮਾਰ |
| ਬਰਾਂਚ ਦਾ ਨਾਂਅ : ਚੁਗਾਵਾਂ | |
| 380262003037 | ਜਗਬੀਰ ਸਿੰਘ |
| 380262003054 | ਸੋਹਣ ਸਿੰਘ |
| ਬਰਾਂਚ ਦਾ ਨਾਂਅ : ਦਸੂਹਾ, ਪੰਜਾਬ | |
| 357562001837 | ਭਾਨੂੰਪ੍ਰਤਾਪ ਸਿੰਘ |
| 357562001719 | ਜਿਪਸੀ ਰਾਜਾ |
| ਬਰਾਂਚ ਦਾ ਨਾਂਅ : ਡੇਰਾ ਬੱਸੀ | |
| 096762004187 | ਹਰਪ੍ਰੀਤ ਸਿੰਘ |
| ਬਰਾਂਚ ਦਾ ਨਾਂਅ : ਧਾਰੀਵਾਲ, ਪੰਜਾਬ | |
| 356062001677 | ਗੁਰਵਿੰਦਰ ਕੌਰ |
| ਬਰਾਂਚ ਦਾ ਨਾਂਅ : ਦੀਨਾਨਗਰ, ਪੰਜਾਬ | |
| 355962001818 | ਅਨੂਪ ਹੰਜੋਤਰਾ |
| 355962002031 | ਬਬਤੀ ਸੈਣੀ |
| 355957000099 | ਅਜਵਿੰਦਰ ਸਿੰਘ |
| ਬਰਾਂਚ ਦਾ ਨਾਂਅ : ਫਰੀਦਕੋਟ | |
| 078362003839 | ਜਸਕਰਨ ਸਿੰਘ |
| ਬਰਾਂਚ ਦਾ ਨਾਂਅ : ਫਾਜ਼ਿਲਕਾ | |
| 078557000174 | ਲਖਵਿੰਦਰ ਸਿੰਘ ਬੁੱਟਰ |
| ਬਰਾਂਚ ਦਾ ਨਾਂਅ : ਫਿਰੋਜ਼ਪੁਰ | |
| 044862002666 | ਕੁਲਵੰਤ ਸਿੰਘ |
| ਬਰਾਂਚ ਦਾ ਨਾਂਅ : ਗੜ੍ਹਸ਼ੰਕਰ | |
| 150962001625 | ਸੰਤੋਸ਼ ਦੇਵੀ |
| ਬਰਾਂਚ ਦਾ ਨਾਂਅ : ਗਿੱਦੜਬਾਹਾ | |
| 199962004266 | ਗੁਰਜੰਟ ਸਿੰਘ |
| ਬਰਾਂਚ ਦਾ ਨਾਂਅ : ਗੋਨਿਆਣਾ ਮੰਡੀ | |
| 380362002686 | ਸ਼ੀਨੂੰ ਬਾਲਾ |
| ਬਰਾਂਚ ਦਾ ਨਾਂਅ : ਗੁਰਦਾਸਪੁਰ | |
| 050162002717 | ਤਲਵਿੰਦਰ ਸਿੰਘ |

| ਕਰਜ਼ਾ ਖਾਤਾ ਨੰ. | ਗਾਹਕ ਦਾ ਨਾਂਅ |
|---|---|
| 050162002796 | ਤਲਵਿੰਦਰ ਸਿੰਘ |
| ਬਰਾਂਚ ਦਾ ਨਾਂਅ : ਗੁਰੂ ਹਰਸਹਾਏ | |
| 199362009381 | ਵਿਕਾਸ ਖੰਨਾ |
| 199362009242 | ਅਮਨਦੀਪ ਅਮਨਦੀਪ |
| ਬਰਾਂਚ ਦਾ ਨਾਂਅ : ਜਗਰਾਓਂ | |
| 087962001801 | ਕੁਲਜੀਤ ਕੌਰ |
| 087962002597 | ਬਲਦੇਵ ਸਿੰਘ |
| ਬਰਾਂਚ ਦਾ ਨਾਂਅ : ਜੈਤੋ, ਪੰਜਾਬ | |
| 355862002075 | ਰਵਨੀਤ ਕੌਰ |
| ਬਰਾਂਚ ਦਾ ਨਾਂਅ : ਜਲਾਲਾਬਾਦ | |
| 211862004507 | ਜਸਵੰਤ ਸਿੰਘ |
| 211862006005 | ਸਤਨਾਮ ਸਿੰਘ |
| 211862006666 | ਗੁਰਪ੍ਰੀਤ ਸਿੰਘ |
| ਬਰਾਂਚ ਦਾ ਨਾਂਅ : ਜਲੰਧਰ-ਰਾਮਾ ਮੰਡੀ | |
| 217662000998 | ਨਵੀਨ ਤਿਵਾੜੀ |
| ਬਰਾਂਚ ਦਾ ਨਾਂਅ : ਜਲੰਧਰ-ਬੱਸ ਸਟੈਂਡ | |
| 563257000013 | ਜਗਦੀਸ਼ ਸਿੰਘ ਰੰਧਾਵਾ |
| ਬਰਾਂਚ ਦਾ ਨਾਂਅ : ਜਲੰਧਰ-ਚੋਹਕਾਂ, ਰਾਮਾ ਮੰਡੀ | |
| 593057000008 | ਰਾਜੇਸ਼ ਕੁਮਾਰ ਯਾਦਵਾ |
| ਬਰਾਂਚ ਦਾ ਨਾਂਅ : ਜਲੰਧਰ-ਛੋਟੀ ਬਾਰਾਦਰੀ | |
| 151162002183 | ਲੱਕੀ ਠਾਕੁਰ |
| ਬਰਾਂਚ ਦਾ ਨਾਂਅ : ਜਲੰਧਰ-ਨਕੋਦਰ | |
| 008062002539 | ਮੰਗਲ ਸਿੰਘ |
| ਬਰਾਂਚ ਦਾ ਨਾਂਅ : ਕਲਾਨੌਰ, ਪੰਜਾਬ | |
| 357462003720 | ਅੰਮ੍ਰਿਤਪਾਲ ਕੌਰ |
| ਬਰਾਂਚ ਦਾ ਨਾਂਅ : ਕਪੂਰਥਲਾ | |
| 044962003221 | ਲਖਬੀਰ ਸਿੰਘ |
| ਬਰਾਂਚ ਦਾ ਨਾਂਅ : ਕਰਤਾਰਪੁਰ | |
| 163462001451 | ਦਵਿੰਦਰ ਕੁਮਾਰ |
| 163462002132 | ਸੁਖਵੰਤ ਕੌਰ |
| 163462002270 | ਮਨਪ੍ਰੀਤ ਕੌਰ |
| ਬਰਾਂਚ ਦਾ ਨਾਂਅ : ਖਨੌਰੀ, ਪੰਜਾਬ | |
| 356162001865 | ਹੇਮ ਰਾਜ |
| ਬਰਾਂਚ ਦਾ ਨਾਂਅ : ਖਰੜ | |
| 079162003732 | ਗੁਲਸ਼ਨ ਕੌਰ |
| ਬਰਾਂਚ ਦਾ ਨਾਂਅ : ਕੁਰਾਲੀ | |
| 152462002915 | ਨਿਸ਼ਾ ਰਸਮੀ |
| ਬਰਾਂਚ ਦਾ ਨਾਂਅ : ਲੌਂਗੋਵਾਲ | |
| 178157000087 | ਮਨਜੀਤ ਸਿੰਘ |
| ਬਰਾਂਚ ਦਾ ਨਾਂਅ : ਲੁਧਿਆਣਾ-ਬਹਾਦੁਰਕੇ ਰੋਡ | |
| 366262000639 | ਦੀਪਕ ਕੁਮਾਰ |
| ਬਰਾਂਚ ਦਾ ਨਾਂਅ : ਲੁਧਿਆਣਾ-ਢੰਡਾਰੀ ਕਲਾਂ | |
| 366362000555 | ਮਨਪ੍ਰੀਤ ਸਿੰਘ |
| ਬਰਾਂਚ ਦਾ ਨਾਂਅ : ਲੁਧਿਆਣਾ-ਫੀਲਡਗੰਜ | |
| 366162001150 | ਰਾਮ ਸਿੰਘ |
| ਬਰਾਂਚ ਦਾ ਨਾਂਅ : ਲੁਧਿਆਣਾ-ਦੁੱਗਰੀ | |
| 151562001014 | ਗਗਨਪ੍ਰੀਤ ਕੌਰ |
| ਬਰਾਂਚ ਦਾ ਨਾਂਅ : ਲੁਧਿਆਣਾ-ਫਾਇਰ ਸਟੇਸ਼ਨ | |
| 631962015025 | ਬਲਰਾਜ ਸਿੰਘ |
| ਬਰਾਂਚ ਦਾ ਨਾਂਅ : ਲੁਧਿਆਣਾ-ਜਮਾਲਪੁਰ | |
| 057862003075 | ਸੋਨੀਆ ਜੈਨ |
| ਬਰਾਂਚ ਦਾ ਨਾਂਅ : ਲੁਧਿਆਣਾ-ਮਾਡਲ ਟਾਊਨ | |
| 041362003687 | ਗੋਬਿੰਦ ਝਾਅ |
| ਬਰਾਂਚ ਦਾ ਨਾਂਅ : ਲੁਧਿਆਣਾ-ਸਰਾਭਾ ਨਗਰ | |
| 167457000025 | ਜਸਕਰਨਜੀਤ ਸਿੰਘ ਦਿਓਲ |
| 036362003451 | ਅੰਕਿਤ ਚਾਵਲਾ |
| ਬਰਾਂਚ ਦਾ ਨਾਂਅ : ਮਾਛੀਵਾੜਾ | |
| 178262003341 | ਮਨਪ੍ਰੀਤ ਕੌਰ |
| ਬਰਾਂਚ ਦਾ ਨਾਂਅ : ਮਾਹਿਲਪੁਰ | |
| 374062000184 | ਬਲਜੀਤ ਸਿੰਘ |
| ਬਰਾਂਚ ਦਾ ਨਾਂਅ : ਮਾਲੇਰਕੋਟਲਾ | |
| 249662001975 | ਅਖਤਰ ਅਲੀ |
| ਬਰਾਂਚ ਦਾ ਨਾਂਅ : ਮਲੌਦ | |
| 397962000658 | ਦਵਿੰਦਰ ਸਿੰਘ |
| 397962001322 | ਯਾਦਵਿੰਦਰ ਸਿੰਘ |
| ਬਰਾਂਚ ਦਾ ਨਾਂਅ : ਮਮਦੋਟ | |
| 382162000947 | ਪਰਮਜੀਤ ਸਿੰਘ |
| 382162003621 | ਸਤਨਾਮ ਸਿੰਘ |
| 382162003941 | ਗੁਰਮੇਲ ਸਿੰਘ |
| ਬਰਾਂਚ ਦਾ ਨਾਂਅ : ਮਾਨਸਾ | |
| 044662004561 | ਇਕਬਾਲ ਸਿੰਘ |
| 044657000214 | ਅੰਜਲੀ |
| ਬਰਾਂਚ ਦਾ ਨਾਂਅ : ਮੁੱਲਾਂਪੁਰ ਦਾਖਾ | |
| 151662003063 | ਅਮਨਦੀਪ ਸਿੰਘ |
| 151662003100 | ਹਰਪ੍ਰੀਤ ਸਿੰਘ |
| ਬਰਾਂਚ ਦਾ ਨਾਂਅ : ਨਾਭਾ | |
| 078962004496 | ਸੁਖਵਿੰਦਰ ਸਿੰਘ |

| ਕਰਜ਼ਾ ਖਾਤਾ ਨੰ. | ਗਾਹਕ ਦਾ ਨਾਂਅ |
|---|---|
| 078962003821 | ਰਵੀ ਕੁਮਾਰ |
| 078962003901 | ਮਨਪ੍ਰੀਤ ਸਿੰਘ |
| 078962004303 | ਸਤਨਾਮ ਸਿੰਘ |
| ਬਰਾਂਚ ਦਾ ਨਾਂਅ : ਨੰਗਲ | |
| 152362002730 | ਮੀਨਾ ਕੁਮਾਰੀ |
| ਬਰਾਂਚ ਦਾ ਨਾਂਅ : ਨਿਊ ਅੰਮ੍ਰਿਤਸਰ | |
| 733562000610 | ਸੋਨੂੰ * |
| ਬਰਾਂਚ ਦਾ ਨਾਂਅ : ਪਠਾਨਕੋਟ-ਮਾਮੂਨ ਕੈਂਟ | |
| 096562000694 | ਸੁਰਿੰਦਰਪਾਲ ਸਿੰਘ |
| ਬਰਾਂਚ ਦਾ ਨਾਂਅ : ਪਟਿਆਲਾ-ਲੀਲਾ ਭਵਨ | |
| 016262007935 | ਹਰਮਨ ਸਿੰਘ ਸ਼ੇਰਗਿੱਲ |
| ਬਰਾਂਚ ਦਾ ਨਾਂਅ : ਪਟਿਆਲਾ-ਲੋਅਰ ਮਾਲ ਰੋਡ | |
| 660357015056 | ਅਬੀਦ ਅਬੀਦ |
| ਬਰਾਂਚ ਦਾ ਨਾਂਅ : ਪਾਤੜਾਂ | |
| 283162002614 | ਰਾਂਝਾ ਰਾਮ |
| 283162004055 | ਜੀਤਾ ਰਾਮ |
| ਬਰਾਂਚ ਦਾ ਨਾਂਅ : ਪੱਟੀ ਸੰਦਲੀ ਮਹਿਰਾਜ | |
| 435662001574 | ਢੱਲਾ ਸਿੰਘ |
| ਬਰਾਂਚ ਦਾ ਨਾਂਅ : ਫਿਲੌਰ | |
| 078662002124 | ਅਮਰਜੀਤ ਕੌਰ |
| ਬਰਾਂਚ ਦਾ ਨਾਂਅ : ਕਾਦੀਆਂ | |
| 411862001132 | ਮਨਜੀਤ ਕੌਰ |
| 411862001498 | ਰਮਪ੍ਰੀਤ ਕੌਰ |
| 411862001720 | ਸੁਭਾਸ਼ ਚੰਦਰ |
| ਬਰਾਂਚ ਦਾ ਨਾਂਅ : ਰਾਏਕੋਟ | |
| 201762002774 | ਅਮਨਦੀਪ ਕੌਰ |
| ਬਰਾਂਚ ਦਾ ਨਾਂਅ : ਰਾਮਾ | |
| 397862001174 | ਹਰਪ੍ਰੀਤ ਸਿੰਘ |
| ਬਰਾਂਚ ਦਾ ਨਾਂਅ : ਰੋਪੜ | |
| 055362002958 | ਗੁਰਿੰਦਰ ਸਿੰਘ |
| ਬਰਾਂਚ ਦਾ ਨਾਂਅ : ਸਾਦਿਕ | |
| 357162002978 | ਨਵਪ੍ਰੀਤ ਸਿੰਘ |
| 357162006198 | ਗੁਰਜੰਟ ਸਿੰਘ |
| 357162006201 | ਸਲਵਿੰਦਰ ਸਿੰਘ |
| 357162006266 | ਹਰਮਨਦੀਪ ਕੌਰ |
| 357162006838 | ਸੁਰਜੀਤ ਸਿੰਘ |
| ਬਰਾਂਚ ਦਾ ਨਾਂਅ : ਸਾਹਨੇਵਾਲ | |
| 151705001439 | ਰਾਜਵੀਰ ਸਿੰਘ ਭੱਟੀ |
| 151757000036 | ਰਾਜਵੀਰ ਸਿੰਘ ਭੱਟੀ |
| 151762001532 | ਰਾਜਵੀਰ ਸਿੰਘ ਭੱਟੀ |
| ਬਰਾਂਚ ਦਾ ਨਾਂਅ : ਸਮਰਾਲਾ | |
| 151862002379 | ਗੁਰਮੀਤ ਕੌਰ |
| 151862002841 | ਹਰਜੀਤ ਸਿੰਘ |
| ਬਰਾਂਚ ਦਾ ਨਾਂਅ : ਸੰਗਤ | |
| 383562002258 | ਬਲਜਿੰਦਰ ਕੌਰ |
| ਬਰਾਂਚ ਦਾ ਨਾਂਅ : ਸੰਗਰੂਰ | |
| 029362003842 | ਮਲਕੀਤ ਸਿੰਘ |
| 029362004031 | ਨਿਰਭੈ ਸਿੰਘ |
| ਬਰਾਂਚ ਦਾ ਨਾਂਅ : ਸਰਦੂਲਗੜ੍ਹ ਪੰਜਾਬ | |
| 356762004110 | ਅਰੀਹੰਤ ਜੈਨ |
| ਬਰਾਂਚ ਦਾ ਨਾਂਅ : ਸ਼ਾਹਕੋਟ | |
| 216662000579 | ਗੁਣਜੀਤ ਕੌਰ |
| ਬਰਾਂਚ ਦਾ ਨਾਂਅ : ਸਿੱਧਵਾਂ ਬੇਟ | |
| 398062001064 | ਜਗਤਾਰ ਸਿੰਘ |
| ਬਰਾਂਚ ਦਾ ਨਾਂਅ : ਸਰਹਿੰਦ | |
| 150662003962 | ਸੁਮਨਦੀਪ ਕੌਰ |
| ਬਰਾਂਚ ਦਾ ਨਾਂਅ : ਸੁਨਾਮ | |
| 152662005253 | ਖੁਸ਼ਬੂ |
| ਬਰਾਂਚ ਦਾ ਨਾਂਅ : ਟਾਂਡਾ ਉੜਮੁੜ | |
| 087862003005 | ਸਤਵਿੰਦਰ ਕੌਰ |
| ਬਰਾਂਚ ਦਾ ਨਾਂਅ : ਤਰਨ ਤਾਰਨ | |
| 050562003146 | ਮਨਜੀਤ ਸਿੰਘ |
| ਬਰਾਂਚ ਦਾ ਨਾਂਅ : ਜ਼ੀਰਕਪੁਰ | |
| 050757000068 | ਰੁਚੀਕਾ ਪਰਾਸ਼ਰ |
| 050757000093 | ਰੁਚੀਕਾ ਪਰਾਸ਼ਰ |
| 050762002994 | ਰੁਚੀਕਾ ਪਰਾਸ਼ਰ |
| 050757000091 | ਹਰਜੋਤ ਕੌਰ |
| ਬਰਾਂਚ ਦਾ ਨਾਂਅ : ਜ਼ੀਰਕਪੁਰ-ਢਕੋਲੀ | |
| 775862000133 | ਨਿਧੀ |
| ਬਰਾਂਚ ਦਾ ਨਾਂਅ : ਬਸਖਾਰੀ ਉੱਤਰ ਪ੍ਰਦੇਸ਼ | |
| 318962002284 | ਪ੍ਰਦੀਪ ਕੁਮਾਰ |
| ਬਰਾਂਚ ਦਾ ਨਾਂਅ : ਚੰਡੀਗੜ੍ਹ-ਸੈਕਟਰ 17 ਸੀ | |
| 659157015030 | ਅਮਿਤ ਕੁਮਾਰ |
| ਬਰਾਂਚ ਦਾ ਨਾਂਅ : ਪੰਚਕੂਲਾ-ਅਰਬਨ ਅਸਟੇਟ | |
| 093562001683 | ਸ਼ਮਸ਼ੇਰ ਸਿੰਘ |
| ਬਰਾਂਚ ਦਾ ਨਾਂਅ : ਸੰਜੌਲੀ | |
| 169862000210 | ਅਨੰਤ ਸਾਰਾਭਾਈ |

ਮਿਤੀ : 12.09.2025
ਸਥਾਨ : ਚੰਡੀਗੜ੍ਹ, ਲੁਧਿਆਣਾ, ਮਾਲੇਰਕੋਟਲਾ, ਮਾਨਸਾ, ਪਟਿਆਲਾ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਸੰਗਰੂਰ, ਸ਼ਹੀਦ ਭਗਤ ਸਿੰਘ ਨਗਰ, ਅੰਮ੍ਰਿਤਸਰ, ਬਠਿੰਡਾ, ਫਰੀਦਕੋਟ, ਫਤਿਹਗੜ੍ਹ ਸਾਹਿਬ, ਫਾਜ਼ਿਲਕਾ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ, ਕਪੂਰਥਲਾ, ਮੋਗਾ, ਫਿਰੋਜ਼ਪੁਰ, ਮੁਕਤਸਰ, ਤਰਨ ਤਾਰਨ, ਰੂਪਨਗਰ, ਬਰਨਾਲਾ, ਪਠਾਨਕੋਟ, ਢਾਣਾ, ਮੁਹਾਲੀ, ਜ਼ੀਰਕਪੁਰ

ਸਹੀ/- ਅਧਿਕਾਰਤ ਅਫਸਰ
ਵਾਸਤੇ ਆਈ ਸੀ ਆਈ ਸੀ ਆਈ ਬੈਂਕ ਲਿਮਟਿਡ

12- Sept - Page - 7.qxd 9/11/2025 11:09 PM Page 1



# ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਸਮਾਗਮਾਂ ਦੀਆਂ ਤਿਆਰੀਆਂ ਸੰਬੰਧੀ ਮੀਟਿੰਗ ਅੱਜ

ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)-ਹਿੰਦ ਦੀ ਚਾਦਰ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਦੇ ਸਮਾਗਮਾਂ ਦੀਆਂ ਤਿਆਰੀਆਂ ਸੰਬੰਧੀ ਇੱਕ ਵਿਸ਼ੇਸ਼ ਮੀਟਿੰਗ 12 ਸਤੰਬਰ ਨੂੰ ਸਵੇਰੇ 10 ਵਜੇ ਵਿਰਾਸਤ ਏ ਖਾਲਸਾ ਵਿਚ ਹੋਵੇਗੀ, ਜਿਸ ਵਿੱਚ ਪੰਜਾਬ ਦੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ, ਤਰੁਣਪ੍ਰੀਤ ਸਿੰਘ ਸੌਂਦ, ਹਰਭਜਨ ਸਿੰਘ ਈਟੀਓ ਵਿਸ਼ੇਸ਼ ਸ਼ਹੀਦੀ ਦਿਹਾੜੇ ਦੇ ਸਮਾਗਮਾਂ ਦੀਆਂ ਤਿਆਰੀਆਂ ਤੇ ਕੀਤੇ ਜਾ ਰਹੇ ਪ੍ਰਬੰਧਾਂ ਨੂੰ ਰੀਵਿਊ ਕਰਨਗੇ। ਇਸ ਬਾਰੇ ਹੋਰ ਵਧੇਰੇ ਜਾਣਕਾਰੀ ਦਿੰਦੇ ਹੋਏ ਇੱਕ ਬੁਲਾਰੇ ਨੇ ਦੱਸਿਆ ਕਿ ਨਵੰਬਰ ਮਹੀਨੇ ਵਿੱਚ ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਦੇ ਸਮਾਗਮ ਆਯੋਜਿਤ ਕਰਵਾਏ ਜਾ ਰਹੇ ਹਨ। ਜਿਸ ਵਿਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਦੇਸ਼ ਵਿਦੇਸ਼ ਤੋਂ ਲੱਖਾਂ ਸੰਗਤਾਂ ਦੇ ਪਹੁੰਚਣ ਦੀ ਸੰਭਾਵਨਾ ਹੈ।

# ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਐੱਸ. ਡੀ.ਐੱਮ. ਦਫ਼ਤਰ ਅੱਗੇ ਮੁਜ਼ਾਹਰਾ



ਅੱਡਾ ਸਰਾਂ/ਟਾਂਡਾ ਉੜਮੁੜ, (ਜਸਵੀਰ ਕਾਜਲ, ਓਂਕਾਰ ਸਿੰਘ)-ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਵੱਲੋਂ ਐੱਸ. ਡੀ.ਐੱਮ. ਦਫ਼ਤਰ ਟਾਂਡਾ ਵਿਖੇ ਧਰਨਾ ਮੁਜ਼ਾਹਰਾ ਕਰਕੇ ਤਹਿਸੀਲਦਾਰ ਮਨਪ੍ਰੀਤ ਸਿੰਘ ਰਾਹੀਂ ਪ੍ਰਧਾਨ ਮੰਤਰੀ ਅਤੇ ਮੁੱਖ ਮੰਤਰੀ ਨਾਂ ਮੰਗ ਪੱਤਰ ਸੌਂਪਿਆ ਗਿਆ। ਯੂਨੀਅਨ ਦੇ ਸੂਬਾ ਆਗੂ ਗੁਰਪ੍ਰੀਤ ਸਿੰਘ ਗੁਰਾਇਆ ਅਤੇ ਤਹਿਸੀਲ ਆਗੂ ਨਾਥ ਗਿੱਲ ਟਾਹਲੀ ਨੇ ਇਸ ਦੌਰਾਨ ਦੱਸਿਆ ਕਿ ਪੰਜਾਬ ਵਿਚ ਹੜ੍ਹਾਂ ਕਾਰਨ ਭਾਰੀ ਤਬਾਹੀ ਨਾਲ ਦਰਜਨਾਂ ਮੌਤਾਂ ਤੋਂ ਇਲਾਵਾ, ਮਕਾਨਾਂ, ਦੁਕਾਨਾਂ, ਪਸ਼ੂਆਂ, ਫਸਲਾਂ ਤੇ ਜ਼ਮੀਨਾਂ ਵਗੈਰਾ ਦਾ ਬਹੁਤ ਭਾਰੀ ਨੁਕਸਾਨ ਹੋ ਚੁੱਕਾ ਹੈ ਅਤੇ ਲਗਾਤਾਰ ਹੋ ਰਿਹਾ ਹੈ। ਕੇਂਦਰ ਅਤੇ ਪੰਜਾਬ ਦੀਆਂ ਸਰਕਾਰਾਂ ਵੱਲੋਂ ਅਗਾਊਂ ਪੇਸ਼ੀਨਗੋਈ ਦੇ ਬਾਵਜੂਦ ਇਸ ਨੁਕਸਾਨ ਨੂੰ ਰੋਕਣ ਲਈ ਪਹਿਲਾਂ ਕੋਈ ਵੀ ਪ੍ਰਬੰਧ ਨਹੀਂ ਕੀਤੇ ਗਏ। ਇਸ ਦੌਰਾਨ ਹੋਈਆਂ ਇਨਸਾਨੀ ਮੌਤਾਂ ਲਈ ਘੱਟੋ ਘੱਟ 25 ਲੱਖ ਰੁਪਏ, ਮਜ਼ਦੂਰਾਂ ਦੇ ਤਬਾਹ ਹੋਏ ਘਰਾਂ ਲਈ 15 ਲੱਖ ਰੁਪਏ, ਬਾਲੇ ਗਾਡਰਾਂ ਵਾਲੀਆਂ ਛੱਤਾਂ ਬਦਲਣ ਲਈ 5 ਲੱਖ ਰੁਪਏ ਦੀ ਰਾਸ਼ੀ ਗਰਾਂਟ ਵਜੋਂ ਦਿੱਤੀ ਜਾਵੇ, ਮਰੇ ਦੁਧਾਰੂ ਪਸ਼ੂਆਂ ਦਾ ਪ੍ਰਤੀ ਪਸ਼ੂ ਇੱਕ ਲੱਖ ਰੁਪਏ ਮੁਆਵਜ਼ਾ ਦੇਣ ਤੋਂ ਇਲਾਵਾ ਫਸਲਾਂ, ਜ਼ਮੀਨਾਂ ਵਗੈਰਾ ਦੀ ਬਰਬਾਦੀ ਨੂੰ ਠੱਲਣ ਵਾਲੇ ਲੋਕਾਂ ਦੇ ਨੁਕਸਾਨ ਦੀ ਸੌ ਫ਼ੀਸਦੀ ਪੂਰਤੀ ਕੀਤੀ ਜਾਵੇ। ਮਜ਼ਦੂਰਾ ਸਮੇਂ ਨੁਕਸਾਨੀਆਂ ਸੜਕਾਂ, ਸਕੂਲਾਂ, ਕਾਲਜਾਂ ਦੀ ਮੁੜ ਉਸਾਰੀ ਤੇ ਮੁਰੰਮਤ ਤੋਂ ਇਲਾਵਾ ਦਰਿਆਵਾਂ ਨਦੀਆਂ ਨਾਲਿਆਂ ਆਦਿ ਦੇ ਬੰਨ੍ਹਾਂ ਦੀ ਮੁਰੰਮਤ ਆਦਿ ਦੇ ਕੰਮ ਮਨਰੇਗਾ ਵਰਕਰਾਂ ਰਾਹੀਂ ਕਰਵਾਏ ਜਾਣ, ਅਤੇ ਮਜ਼ਦੂਰਾਂ ਦੀ ਦਿਹਾੜੀ ਪ੍ਰਤੀ ਦਿਨ 700/- ਰੁਪਏ ਦਿੱਤੀ ਜਾਵੇ। ਇਸ ਮੌਕੇ ਯੂਨੀਅਨ ਆਗੂ ਜਸਵਿੰਦਰ ਸਿੰਘ, ਧਰਮਿੰਦਰ ਮੰਗਤ ਰਾਮ ਸਣੇ ਕਿਰਤੀ ਮੌਜੂਦ ਸਨ।

## ਖੇਤ ਮਜ਼ਦੂਰ ਯੂਨੀਅਨ ਨੇ ਜਥੇਬੰਦੀ ਨੂੰ ਮਜ਼ਬੂਤ ਕਰਨ ਲਈ ਅਹਿਮ ਫੈਸਲੇ ਲਏ : ਵੈਂਕਟ

ਬੰਗਾ, (ਅਵਤਾਰ ਕਲੇਰ)-ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੀ ਜਨਰਲ ਕੌਂਸਲ ਦੀ ਮੀਟਿੰਗ ਮੌਕੇ ਯੂਨੀਅਨ ਨੇ ਕਈ ਅਹਿਮ ਫੈਸਲੇ ਲਏ। ਇਹ ਜਾਣਕਾਰੀ ਮੀਟਿੰਗ ਤੋਂ ਬਾਅਦ ਕੌਮੀ ਜਨਰਲ ਸਕੱਤਰ ਸਾਥੀ ਬੀ ਵੈਂਕਟ ਨੇ ਪ੍ਰੈਸ ਨੂੰ ਦਿੱਤੀ। ਉਨ੍ਹਾਂ ਦੱਸਿਆ ਕਿ ਯੂਨੀਅਨ ਦੀ ਕੌਮੀ ਕਾਨਫਰੰਸ ਅਗਲੇ ਸਾਲ ਜੂਨ ਜੁਲਾਈ ਵਿੱਚ [illegible] ਕੀਤੀ ਜਾਵੇਗੀ। ਮੀਟਿੰਗ ਵਿੱਚ 25-26 ਦੀ [illegible] ਨੂੰ ਤੇਜ਼ ਕਰਨ ਤੇ ਜ਼ੋਰ ਦਿੱਤਾ ਗਿਆ। ਵੈਂਕਟ ਨੇ ਕਿਹਾ ਕਿ ਯੂਨੀਅਨ ਪੇਂਡੂ ਤੇ ਖੇਤ ਮਜ਼ਦੂਰਾਂ ਦੀਆਂ ਮੰਗਾਂ ਲਈ ਦੇਸ਼ ਭਰ ਵਿੱਚ ਸੰਘਰਸ਼ ਕਰੇਗੀ। ਪੰਜਾਬ ਵੱਲੋਂ ਸਰਗਰਮੀਆਂ ਦੀ ਰਿਪੋਰਟ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਗੁਰਮੇਸ਼ ਸਿੰਘ ਨੇ ਪੇਸ਼ ਕੀਤੀ। ਮੀਟਿੰਗ ਵਿੱਚ ਸਾਥੀ ਭੂਪ ਚੰਦ ਚੰਨੋ, ਜਸਬੀਰ ਸਿੰਘ ਝਬਾਲ ਤੇ ਸਾਥੀ ਵਿਜੇ ਕੁਮਾਰ ਘਨੌਰ ਸ਼ਾਮਲ ਹੋਏ।

# ਕਲਾਸੀਫਾਈਡ ਇਸ਼ਤਿਹਾਰ

## Change of Name

I, Navdeep S/o Raja R/o 494, Kacha Kot, Basti Bawa Khel, Jalandhar-I, PO. Basti Bawa Khel, Jalandhar-144021, Punjab have changed my name to Navdeep Mahey. Mahey is my Surname.]

I, hitherto known as Gurwinder Singh son of Kishna resident of Village Tandi Aulakh District Kapurthala, Punjab have changed my name Gurwinder Singh to Singh Gurwinder. Now my given name is Gurwinder and Surname is Singh. All concerned note.

I, Rajni Jagota W/o Puneet Jagota R/o H. No. 3923/8 Mohalla Kaulsar Kartarpur, Distt. Jalandhar. I change my name Rajni Tandon to Rajni Jagota.

I, Nand Kishor S/o Ram Sagar, R/o H. No. Plot No. 5, Satluj Coach Private Ltd., Basti Bawa Khel, Jalandhar have changed my name from Nand Kishor to Nandu Paswan. Please note. (12504)

I Charanjeet S/O Nirmal Kumar R/O VPO. Lakhpur, Teh. Phagwara, Distt. Kaurthala, Punjab I Have changed my name from Charanjeet to Charanjeet Singh. All note.

I, Sharndeep Kaur W/o Jagdip Singh R/o VPO Tarsikka, Patti Musalamana Di, Tehsil Baba Bakala, Distt. Amritsar, Punjab- 143116 have changed my name from Sharndeep Kaur to Sharandeep Kaur.

I, Akwinder Kaur W/o Jatinder Singh R/o Village Burj, 169, Sarai Amanat Khan, Tarn Taran, Punjab-143414 have changed my name after marriage from Akwinder Kaur to Pawanpreet Kaur.

I Hitherto known as Dheeraj S/O Om Parkash Uppal R/O B-1-704/15C, Prem Nagar, Civil Lines, Ludhiana-141001(Punjab) have changed my name and shall hereafter be known as Dheeraj Uppal and surname as Uppal.

I, Mandeep Kumar S/o Mangal Dass R/o Taragarh, Distt. Gurdaspur have changed my name to Given Name as Mandeep & Surname as Kumar. All concerned please note.

I, Sunita Kumari D/o Jarnail Chand R/o Village Bashesherpur, PO. Lambra, Jalandhar have changed my name to Given Name as Sunita & Surname as Kumari. All concerned please note.

I, Rajni Makhija W/o Kewal Krishan R/o H.No. NK 228, Charanjeet Pura, Jalandhar (PB) have changed my name to Rajni. All concerned please note.

I, Punam Maini W/o Madan Lal R/o H.No. 19, Fauji Gali Mohalla, Makhdoompura, Jalandhar-144001 (PB) have changed my name from Punam Maini to Poonam. All concerned please note.

I, Sukhwinder Kaur W/o Harchand Singh R/o VPO Sur Singh, Tarn Taran have changed my name from Sukhwinder Kaur to Jasvir Kaur.

I, Jasbir Kaur W/o Harchand Singh R/o VPO Sur Singh, Tarn Taran have changed my name from Jasbir Kaur to Jasvir Kaur.

I, Darshan Singh S/o Harbhajan Singh R/o VPO Sur Singh, Tarn Taran have changed my name from Darshan Singh to Harchand Singh.

I, Paramjit Kaur W/o Avtar Singh R/o Ward No.7, Gali Barf Wala Karkhana, Majitha Amritsar have changed my name from Paramjit Kaur to Parmjit Kaur.

I, Preeti c/o Yog Raj r/o Vill. Nangal Karar Khan, Po. Kukar Pind, Distt. Jalandhar have changed my name from Preeti to Preeti Paul. All please note.

I, Sangram Jaswal s/o Kalyan Singh r/o 653, Model Town, Jalandhar have changed my name from Sangram Jaswal to Sangram Singh. All please note.

I, Pooja c/o Dinesh Kumar r/o H.No. 522/12, Avtar Nagar, Model Town, Jalandhar, Punjab have changed my name from Pooja Khanna to Pooja. All please note.

I, Pawandeep Singh s/o Gurmeet Singh r/o Village Dhadda, Po. Hazara, Teh & Distt. Jalandhar have changed my name from Pawandeep Singh to Singh Pawandeep. (Surname as Singh) All please note.

I, Goldy s/o Ravi Kant r/o VPO. Randhawa Masandan, Jalandhar have changed my name to Goldy Randhawa (Surname as Randhawa) All please note.

I, Navpreet Kaur d/o Gurdeep Singh r/o Vpo. Boparai, Teh. Bholath, Kapurthala have changed my name to Kaur Navpreet (Surname as Kaur) All please note.

I, Prince S/o Tarlok Chand R/o H.No. C-93, New Dashmesh Nagar, Jalandhar, Punjab have changed my name from Prince to Prince Kanojia (Surname as Kanojia). All please note.

I, Surpreet W/o Vishal Gorka R/o WM-165, Basti Guzan, Jalandhar have changed my name from Surpreet to Surpreet Gorka. All please note.

## Change of Name

I, Preeti Kaur W/o Rajan Sharma R/o D7-3341, chakki wali Gali, Dashmesh Nagar, Kot khalsa Amritsar, PO Khalsa College District Amritsar, Punjab 143002 hereby declare that I have changed my name from Preeti Mehra to Preeti Kaur (All Concerned Note)

I, Jarnail Singh S/o Channan Singh R/o Vill. Suchetgarh, Tehsil Sultanpur Lodhi, District Kapurthala, Punjab, India do hereby solemnly declare that I am called and known by name of Jarnail Singh, Jail Singh and Zail Singh. That the names Jarnail Singh, Jail Singh and Zail Singh are of one and the same person.

I, Parmjit Kaur W/o Gurmukh Singh R/o Vill. Suchetgarh, Tehsil Sultanpur Lodhi, District Kapurthala, Punjab, India do hereby solemnly declare that I am called and known by name of Parmjit Kaur and Paramjit kaur. That the names Parmjit Kaur and Paramjit kaur are of one and the same person.

## PUBLIC NOTICE

We,Usha Devi wife of Yash Paul Hampaul and Yash Paul son of Des Raj permanent resident of H. No. 1055, Ward No. 5, Adampur Doaba, District Jalandhar, Pb. India, at present residing at 961 West MacArthur Oakland, CA USA 94608 hereby give public notice that our Son Sunil Hampaul and his wife Monika Rani Hampaul are not under our control and are residing separate from us, due to these reasons, e.g., bad behavior, misconduct, defiance, irresponsibility, etc., we evict both of them from our moveable and immoveable property. We and our other family members will not held responsible for their any kind of illegal activities and money matters. Therefore, the general public, and all other persons are hereby informed that the Parents shall not be responsible for any act, deed, or liabilities of the said Usha Devi and Yash Paul Hampaul.

I, Shakti Pal Sharma S/o Sukh Lal. R/o H.No. 70, Nangal Kotli, Ward No. 18, Gurdaspur, Tehsil/Distt. Gurdaspur, Punjab, India. My Son Nitin Sharma is not my Saying out of Control. So I Disinherit Them From My Moveable and Immoveable property, I Shall not be Responsible.

I, Palwinder Singh S/o Bakhshish Singh R/o Village Saprorh, Teh. Phagwara, Distt. Kapurthala, Punjab declare that my wife Kuldeep Kaur and my sons Tanveer Singh and Avneet Kaur are out of my Control. So I Disinherit them from all my Moveable and Immoveable property. I Shall not be responsible for their any act. Concerned note to be.

We, Tilak Raj Dua S/o Mohan Lal Dua and Savita Dua W/o Tilak Raj Dua both R/o H.No. 1, Ambedkar Nagar, Near SBI Atm, Jalandhar declare that our son Saurav Dua & his wife Heena Dua and their children's are out of my control. We disinherit them from my moveable and immovable properties. We and our family shall not be held responsible for any of their acts deeds and things. All please note.

## ਨਾਂਅ ਦੀ ਬਦਲੀ

ਮੈਂ , ਸੌਰਵ ਪੁੱਤਰ ਗੁਰਮੇਲ ਸਿੰਘ ਮੁਹੱਲਾ ਕੱਚਾ ਪੱਕਾ ਵਿਹੜਾ ਨੂਰਮਹਿਲ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੈਂ ਆਪਣਾ ਨਾਂਅ ਸੌਰਵ ਤੋਂ ਬਦਲ ਕੇ ਸੌਰਵ ਸਿੰਘ ਰੱਖ ਲਿਆ ਹੈ।(12507)

ਮੈਂ, ਨੀਤੂ ਪੁੱਤਰੀ ਹਰਜੀਤ ਸਿੰਘ, ਵਾਸੀ ਜੀ. ਟੀ. ਰੋਡ, ਪਿੰਡ ਤੇ ਡਾਕਖਾਨਾ ਦਬੁਰਜੀ, ਜ਼ਿਲ੍ਹਾ ਅੰਮ੍ਰਿਤਸਰ ਨੇ ਆਪਣਾ ਨਾਂਅ ਨੀਤੂ ਤੋਂ ਬਦਲ ਕੇ ਨਵਨੀਤ ਕੌਰ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਮੈਂ ਗੀਤਾ ਪਤਨੀ ਵੀਰ ਚੰਦ ਵਾਸੀ ਪਿੰਡ ਜਲਪੋਤ ਡਾਕਖਾਨਾ ਡਰੋਲੀ ਖੁਰਦ, ਜਲੰਧਰ-144104, ਪੰਜਾਬ, ਨੇ ਆਪਣਾ ਨਾਮ ਬਦਲ ਕੇ ਗੀਤਾ ਤੋਂ ਗੀਤਾ ਰਾਣੀ ਰੱਖ ਲਿਆ ਹੈ। ਸਬੰਧਤ ਨੋਟ ਕਰਨ।

ਮੈਂ ਗਿਰਧਾਰੀ ਲਾਲ ਪੁੱਤਰ ਲੇਟ ਦੁਰਗਾ ਦਾਸ , ਵਾਸੀ ਮਕਾਨ ਨੰਬਰ 4, ਮਾਡਲ ਗ੍ਰਾਮ ਕਲੋਨੀ, ਮਾਡਲ ਹਾਊਸ, ਜਲੰਧਰ ਇਹ ਬਿਆਨ ਕਰਦਾ ਹਾਂ ਕਿ ਮੇਰੇ ਕੁਝ ਦਸਤਾਵੇਜ਼ਾਂ ਵਿੱਚ ਮੇਰਾ ਨਾਮ ਗਿਰਧਾਰੀ ਲਾਲ ਲਿਖਿਆ ਹੋਇਆ ਹੈ ਅਤੇ ਕੁਝ ਦਸਤਾਵੇਜ਼ਾਂ ਵਿੱਚ ਗਿਰਧਾਰੀ ਲਾਲ ਰਾਜਪੂਤ ਲਿਖਿਆ ਹੋਇਆ ਹੈ। ਉਕਤ ਗਿਰਧਾਰੀ ਲਾਲ ਅਤੇ ਗਿਰਧਾਰੀ ਲਾਲ ਰਾਜਪੂਤ ਦੋਨੋਂ ਮੇਰੇ ਹੀ ਨਾਮ ਹਨ। ਸੰਬੰਧਤ ਨੋਟ ਕਰਨ।

## ਬੇਦਖਲੀ ਨੋਟਿਸ

**ਕਾਲ਼ਾ ਸੰਘਿਆਂ (ਮਨਜੀਤ ਮਾਨ)-** ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ - ਲੈਨਿਨਵਾਦੀ) ਨਿਊ ਡੈਮੋਕ੍ਰੇਸੀ ਵਲੋਂ ਨਕਸਲੀ ਲਹਿਰ 1973 'ਚ ਕਾਲ਼ਾ ਸੰਘਿਆਂ ਲੋਕ ਘੋਲ ਦੇ 7 ਨਕਸਲੀ ਸ਼ਹੀਦ ਸਾਥੀ ਤੇਜਾ ਸਿੰਘ ਕਾਲਾ ਸੰਘਿਆਂ, ਜੋਗਿੰਦਰ ਸਿੰਘ ਜਿੰਦ, ਸਵਰਨ ਸਿੰਘ ਢੱਡਾ, ਤਰਸੇਮ ਸਿੰਘ ਟੁੱਟ, ਗੁਰਦੀਪ ਸਿੰਘ ਗੋਬਿੰਦਪੁਰ, ਗੁਰਦਿਆਲ ਸਿੰਘ ਕਾਲਾ ਸੰਘਿਆਂ ਅਤੇ ਬਿਕਰਮਜੀਤ ਸਿੰਘ ਸਾਦਿਕਪੁਰ ਦੀ ਯਾਦ ਵਿੱਚ ਨਕਸਲੀ ਲਹਿਰ ਦੇ ਸ਼ਹੀਦਾਂ ਨੂੰ ਸਮਰਪਿਤ ਸ਼ਰਧਾਂਜਲੀ ਸਮਾਗਮ ਕਰਵਾਇਆ ਗਿਆ। ਇਸ ਮੌਕੇ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ- ਲੈਨਿਨਵਾਦੀ) ਨਿਊ ਡੈਮੋਕ੍ਰੇਸੀ ਵਲੋਂ ਸਵੇਰੇ 11 ਵਜੇ ਪਾਰਟੀ ਦੇ ਸੀਨੀਅਰ ਆਗੂ ਕਾਮਰੇਡ ਅਜਮੇਰ ਸਿੰਘ ਵੱਲੋਂ ਲੋਕ ਘੋਲ ਦੇ ਸ਼ਹੀਦਾਂ ਦੀ ਯਾਦ 'ਚ ਕਾਲਾ ਸੰਘਿਆਂ ਵਿਖੇ ਸਥਿਤ ਸ਼ਹੀਦੀ ਯਾਦਗਾਰ ਤੇ ਸੂਹਾ ਲਾਲ ਝੰਡਾ ਝੁਲਾਇਆ ਗਿਆ। ਇਸ ਉਪਰੰਤ ਇਨਕਲਾਬੀ ਨਾਅਰਿਆਂ ਦੀ ਗੂੰਜ ਹੇਠ ਕਿਰਤੀ ਲੋਕਾਂ ਦਾ ਕਾਫ਼ਲਾ ਮਾਰਚ ਕਰਦਿਆਂ ਪਿੰਡ ਵਿੱਚ ਦੀ ਹੁੰਦਾ ਹੋਇਆ ਸਥਾਨਕ ਜੋਤੀ ਪੈਲਸ ਪਹੁੰਚਿਆ ਜਿਥੇ ਪਾਰਟੀ ਵੱਲੋਂ ਵਿਸ਼ਾਲ ਸਿਆਸੀ ਕਾਨਫਰੰਸ ਕੀਤੀ ਜਾਵੇਗੀ, ਜਿਸ ਵਿਚ ਪਾਰਟੀ ਦੇ ਸੀਨੀਅਰ ਆਗੂ ਕਾਮਰੇਡ ਅਜਮੇਰ ਸਿੰਘ ਸਮਰਾ, ਕਾਮਰੇਡ ਕੁਲਵਿੰਦਰ ਸਿੰਘ ਵੜੈਚ ਨੇ ਲੋਕ ਘੋਲਾਂ ਦੇ ਨਾਇਕ ਸ਼ਹੀਦ ਸਾਥੀਆਂ ਨੂੰ ਸ਼ਰਧਾਂਜਲੀਆਂ ਭੇਂਟ ਕਰਦਿਆਂ ਕਿਹਾ ਕਿ ਸ਼ਹੀਦ ਸਾਥੀਆਂ ਨੇ ਜਿਸ ਤਰ੍ਹਾਂ ਦਾ ਸਮਾਜ ਸਿਰਜਣ ਦਾ ਸੁਪਨਾ ਲਿਆ ਸੀ ਉਹ ਸੁਪਨਾ ਪੂਰਾ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਦੇਸ਼ ਵਿਚ ਅਮੀਰੀ ਅਤੇ ਗਰੀਬੀ ਦਾ ਪਾੜਾ ਆਏ ਦਿਨ ਵਧਦਾ ਜਾ ਰਿਹਾ ਹੈ ਜਿਸ ਦਾ ਮੁੱਖ ਕਾਰਨ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਕੁਦਰਤੀ ਸੋਮਿਆਂ ਨੂੰ ਕਾਰਪੋਰੇਟਾਂ ਕੋਲ ਲੁਟਾਉਣਾ ਹੈ। ਸਮਾਗਮ ਦੌਰਾਨ ਮੌਕੇ ਲੋਕ ਕਲਾ ਮੰਚ ਇਪਟਾ ਕਪੂਰਥਲਾ ਵਲੋਂ ਇੰਦਰਜੀਤ ਰੂਪੋਵਾਲ ਦੀ ਅਗਵਾਈ 'ਚ ਇਨਕਲਾਬੀ ਨਾਟਕ ਟੋਇਆਂ ਅਤੇ ਰਾਹਤ ਦਾ ਸਫਲ ਮੰਚਨ ਕੀਤਾ ਗਿਆ। ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਆਗੂ ਬਲਵਿੰਦਰ ਸਿੰਘ ਭੁੱਲਰ, ਤਰਸੇਮ ਸਿੰਘ ਬੰਨੇਮੱਲ, ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਆਗੂ ਨਿਰਮਲ ਸਿੰਘ ਸ਼ੇਰਪੁਰ ਸੱਧਾ ਆਦਿ ਨੇ ਵੀ ਵਿਚਾਰ ਸਾਂਝੇ ਕੀਤੇ।ਸ਼ਹੀਦਾਂ ਦੇ ਪਰਵਾਰਾਂ ਦਾ ਵੀ ਸਨਮਾਨ ਕੀਤਾ ਗਿਆ। ਸਮਾਗਮ ਦੌਰਾਨ ਪ੍ਰੋ: ਜਗਤਾਰ ਸਿੰਘ ਸੰਘਾ, ਸੁਖਦੇਵ ਸਿੰਘ ਸਿੱਧਵਾਂ ਦੋਨਾ, ਮਨਜੀਤ ਸਿੰਘ ਸੰਘਾ, ਰਾਜਿੰਦਰ ਸਿੰਘ ਸੰਘਾ, ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਧਨੇਰ ਗਰੁੱਪ ਦੇ ਪ੍ਰਧਾਨ ਰਾਣਾ ਸੈਦੋਵਾਲ, ਮੀਤ ਪ੍ਰਧਾਨ ਸੁਰਜੀਤ ਸਿੰਘ ਨੱਥੂਚਾਹਲ ਆਦਿ ਹਾਜ਼ਰ ਸਨ।




## ਏਕਨੂਰ ਸਿੰਘ ਨੇ 3000 ਮੀਟਰ ਰੇਸ 'ਚ ਪ੍ਰਾਪਤ ਕੀਤਾ ਪਹਿਲਾ ਸਥਾਨ

**ਮਹਿਤਪੁਰ (ਰਾਜਾ)-** ਐਚ. ਪੀ. ਮਾਡਲ ਸੀਨੀਅਰ ਸੈਕੰਡਰੀ ਸਕੂਲ ਸੰਗੋਵਾਲ ਦੇ ਵਿਦਿਆਰਥੀ ਏਕਨੂਰ ਸਿੰਘ ਨੇ ਪੰਜਾਬ ਸਕੂਲ ਖੇਡਾਂ ਦੇ ਜੋਨਲ ਐਥਲੈਟਿਕਸ ਮੀਟ ਵਿੱਚ ਅੰਡਰ



17 ਵਿੱਚ 3 ਹਜ਼ਾਰ ਮੀਟਰ ਰੇਸ ਵਿੱਚ ਪਹਿਲੀ ਪੁਜੀਸ਼ਨ ਹਾਸਿਲ ਕਰਕੇ ਜ਼ਿਲ੍ਹਾ ਪਧਰੀ ਖੇਡਾਂ ਵਿੱਚ ਪ੍ਰਵੇਸ਼ ਕੀਤਾ। ਇਸੇ ਤਰ੍ਹਾਂ ਅੰਡਰ 19 ਵਿੱਚ ਗੌਰਵ ਨੇ ਡਿਸਕਸ ਥਰੋ ਵਿੱਚ ਪਹਿਲੀ ਪੁਜੀਸ਼ਨ ਪ੍ਰਾਪਤ ਕੀਤੀ, ਹਰਜੀਤ ਸਿੰਘ ਨੇ ਅੰਡਰ 19 ਹਾਈ ਜੰਪ ਵਿੱਚ ਦੂਜੀ ਪੁਜੀਸ਼ਨ ਹਾਸਲ ਕੀਤੀ ਅਤੇ ਮਨਰਾਜ ਸਿੰਘ ਨੇ ਡਿਸਕਸ ਥਰੋ ਵਿੱਚ ਤੀਜੀ ਪੁਜੀਸ਼ਨ ਹਾਸਿਲ ਕੀਤੀ, ਹਰਮਾਨ ਸਿੰਘ ਨੇ ਜੈਮਰ ਥਰੋ ਵਿੱਚ ਤੀਜੀ ਅਤੇ ਕਾਸ਼ਦੀਪ ਸਿੰਘ ਨੇ ਸ਼ਾਰਟਪੁੱਟ ਵਿੱਚ ਤੀਜੀ ਪੁਜੀਸ਼ਨ ਹਾਸਿਲ ਕੀਤੀ। ਇਹ ਜਾਣਕਾਰੀ ਸਕੂਲ ਪ੍ਰੈਜੀਡੈਂਟ ਸਰਦਾਰ ਹਰਪ੍ਰੀਤ ਸਿੰਘ ਅਤੇ ਪ੍ਰਿੰਸੀਪਲ ਮੈਡਮ ਸੰਦੀਪ ਕੌਰ ਵੱਲੋਂ ਸਾਂਝੇ ਤੌਰ ਤੇ ਦਿੱਤੀ ਗਈ। ਇਸ ਮੌਕੇ ਸਕੂਲ ਮੈਨੇਜਮੈਂਟ ਵੱਲੋਂ ਇਹਨਾਂ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਤ ਵੀ ਕੀਤਾ ਗਿਆ।

## ਵਕੀਲ ਭਾਈਚਾਰਾ ਹਰਵੀਰ ਦੇ ਕਾਤਲ ਦੀ ਮਦਦ ਨਾ ਕਰੇ : ਤਲਵਾਰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-** ਜਿਸ ਤਸ਼ੱਦਦ ਨਾਲ ਹਰਵੀਰ ਨੂੰ ਮਾਰਿਆ ਗਿਆ, ਉਸ ਨੇ ਮਨੁੱਖਤਾ ਨੂੰ ਸ਼ਰਮਸਾਰ ਕੀਤਾ ਹੈ। ਸ਼੍ਰੋਮਣੀ ਅਕਾਲੀ ਦਲ ਦੁਖੀ ਹਰਵੀਰ ਨੂੰ ਕਾਨੂੰਨੀ ਮਦਦ ਪ੍ਰਦਾਨ ਕਰੇਗਾ ਤਾਂ ਜੋ ਇਸ ਅਪਰਾਧ ਨੂੰ ਕਰਨ ਵਾਲੇ ਦਰਿੰਦੇ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਮਿਲੇ। ਉਪਰੋਕਤ ਸ਼ਬਦ ਸ਼੍ਰੋਮਣੀ ਅਕਾਲੀ ਦਲ ਦੇ ਰਾਸ਼ਟਰੀ ਉਪ ਪ੍ਰਧਾਨ ਸੰਜੀਵ ਤਲਵਾਰ ਨੇ ਪ੍ਰੈਸ ਨੂੰ ਜਾਰੀ ਇੱਕ ਬਿਆਨ ਵਿੱਚ ਕਹੇ। ਤਲਵਾਰ ਨੇ ਕਿਹਾ ਕਿ ਪੁਲਸ ਦੀ ਸ਼ੁਰੂਆਤੀ ਜਾਂਚ ਅਨੁਸਾਰ ਪਤਾ ਲੱਗਾ ਹੈ ਕਿ ਦੋਸ਼ੀ ਪਹਿਲਾਂ ਹੀ ਬਲਾਤਕਾਰ ਦੇ ਅਪਰਾਧ ਲਈ 7 ਸਾਲ ਦੀ ਸਜ਼ਾ ਕੱਟ ਚੁੱਕਾ ਹੈ ਤੇ ਹੁਣ ਉਸ ਨੇ ਇਹ ਅਪਰਾਧ ਕਰਕੇ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਹਨ। ਸੰਜੀਵ ਤਲਵਾਰ ਨੇ ਵਕੀਲ ਭਾਈਚਾਰੇ ਨੂੰ ਅਪੀਲ ਕੀਤੀ ਕਿਅਜਿਹੇ ਦਰਿੰਦੇ ਨੂੰ ਕਾਨੂੰਨੀ ਮਦਦ ਨਾ ਦੇ ਕੇ ਮਾਸੂਮ ਹਰਵੀਰ ਨੂੰ ਸ਼ਰਧਾਂਜਲੀ ਦੇਣ।

## ਜ਼ਿਲ੍ਹਾ ਪੱਧਰੀ ਕਿਸ਼ੋਰ ਸਿੱਖਿਆ ਤੇ ਜਨਸੰਖਿਆ ਪ੍ਰੋਗਰਾਮ ਤਹਿਤ ਰੰਗਾਰੰਗ ਮੁਕਾਬਲੇ ਕਰਵਾਏ




**ਹੁਸ਼ਿਆਰਪੁਰ (ਓ ਪੀ ਰਾਣਾ)-** ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ ਅਤੇ ਜ਼ਿਲ੍ਹਾ ਸਿੱਖਿਆ ਅਫਸਰ ਸੀਨੀਅਰ ਸੈਕੰਡਰੀ ਹੁਸ਼ਿਆਰਪੁਰ ਵੱਲੋਂ ਕਿਸ਼ੋਰ ਸਿੱਖਿਆ ਪ੍ਰੋਗਰਾਮ ਅਤੇ ਰਾਸ਼ਟਰੀ ਜਨਸੰਖਿਆ ਸਿੱਖਿਆ ਪ੍ਰੋਗਰਾਮ ਅਧੀਨ ਡੀਏਵੀ ਸੀਨੀਅਰ ਸੈਕੰਡਰੀ ਸਕੂਲ ਹੁਸ਼ਿਆਰਪੁਰ ਵਿੱਚ ਜ਼ਿਲ੍ਹਾ ਪੱਧਰੀ ਰੋਲ ਪਲੇਅ, ਫੋਕ ਡਾਂਸ ਅਤੇ ਕੁਇਜ਼ ਮੁਕਾਬਲੇ ਕਰਵਾਏ ਗਏ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫਸਰ ਸ੍ਰੀਮਤੀ ਲਲਿਤਾ ਅਰੋੜਾ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ। ਕੁਇਜ਼ ਮੁਕਾਬਲੇ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੱਗਰਾਂ ਨੇ ਪਹਿਲਾ ਸਥਾਨ ਹਾਸਲ ਕੀਤਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਮਾਹੀ ਦੇਵੀ ਨੇ ਦੂਸਰਾ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਟਾਂਡਾ ਰਾਮ ਸਹਾਏ ਨੇ ਤੀਸਰਾ ਸਥਾਨ ਹਾਸਲ ਕਰਕੇ ਆਪਣੀ ਕਾਬਲਿਯਤ ਸਾਬਤ ਕੀਤੀ। ਰੋਲ ਪਲੇਅ ਮੁਕਾਬਲੇ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰੇਲਵੇ ਮੰਡੀ ਨੇ ਪਹਿਲਾ ਸਥਾਨ ਜਿੱਤਿਆ। ਦੂਸਰੇ ਸਥਾਨ 'ਤੇ ਸਰਕਾਰੀ ਕੋ-ਐਡ ਸੀਨੀਅਰ ਸੈਕੰਡਰੀ ਸਕੂਲ ਹਨੇ ਰਿਹਾ ਜਦਕਿ ਤੀਸਰਾ ਸਥਾਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਰਸੇ ਕਲੋਤਾ ਨੇ ਪ੍ਰਾਪਤ ਕੀਤਾ। ਲੋਕ ਨਾਚ ਮੁਕਾਬਲੇ ਵਿੱਚ ਸਰਕਾਰੀ ਹਾਈ ਸਕੂਲ ਘੋਗਰਾ ਨੇ ਆਪਣੇ ਸ਼ਾਨਦਾਰ ਪ੍ਰਦਰਸ਼ਨ ਨਾਲ ਪਹਿਲਾ ਸਥਾਨ ਜਿੱਤਿਆ। ਸਰਕਾਰੀ ਹਾਈ ਸਕੂਲ ਭਟੇੜ ਨੇ ਦੂਸਰਾ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੱਦੀ ਸੂਰਾ ਸਿੰਘ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਜ਼ਿਲ੍ਹਾ ਕੋਆਰਡੀਨੇਟਰ ਸ੍ਰੀ ਅਸ਼ੋਕ ਕਾਲੀਆ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਪਹਿਲੇ ਸਥਾਨ ਪ੍ਰਾਪਤ ਕਰਨ ਵਾਲੀਆਂ ਟੀਮਾਂ ਨੂੰ ?4000, ਦੂਜੇ ਸਥਾਨ ਵਾਲੀਆਂ ਨੂੰ ?3000 ਅਤੇ ਤੀਸਰੇ ਸਥਾਨ ਵਾਲੀਆਂ ਨੂੰ ?2000 ਨਕਦ ਇਨਾਮ ਦਿੱਤੇ ਗਏ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਪਹਿਲਾ ਸਥਾਨ ਜਿੱਤਣ ਵਾਲੀਆਂ ਟੀਮਾਂ ਸਟੇਟ ਪੱਧਰੀ ਮੁਕਾਬਲਿਆਂ ਵਿੱਚ ਜ਼ਿਲ੍ਹੇ ਦੀ ਨੁਮਾਇੰਦਗੀ ਕਰਨਗੀਆਂ।

## ਵਿਦਿਆਰਥੀਆਂ ਨੂੰ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਸੰਬੰਧੀ ਸੈਮੀਨਾਰ ਲਗਾ ਕੇ ਕੀਤਾ ਜਾਗਰੂਕ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)-** ਸ੍ਰੀ ਹਰਮਨਦੀਪ ਸਿੰਘ ਹਾਂਸ, ਸੀਨੀਅਰ ਕਪਤਾਨ ਪੁਲਸ, ਜ਼ਿਲ੍ਹਾ ਐਸ.ਏ. ਐਸ. ਨਗਰ ਵੱਲੋਂ ਨਸ਼ਿਆਂ ਖਿਲਾਫ ਅਤੇ ਟ੍ਰੈਫਿਕ ਨਿਯਮਾਂ ਦੀ ਜਾਗਰੂਕਤਾ ਸਬੰਧੀ ਚਲਾਈ ਗਈ ਮੁਹਿੰਮ ਤਹਿਤ ਦਿੱਤੇ ਗਏ ਦਿਸ਼ਾ ਨਿਰਦੇਸ਼ਾਂ ਹੇਠ ਕਰਨੈਲ ਸਿੰਘ ਉਪ ਕਪਤਾਨ ਪੁਲਿਸ, ਟ੍ਰੈਫਿਕ ਵੱਲੋਂ ਗਿਆਨ ਜਯੋਤੀ ਗਲੋਬਲ ਸਕੂਲ (ਮੋਹਾਲੀ ਐਸ.ਏ.ਐਸ.ਨਗਰ) ਮੋਹਾਲੀ, ਐਸ.ਏ. ਐਸ. ਨਗਰ ਵਿਖੇ ਵਿਦਿਆਰਥੀਆਂ ਨੂੰ ਨਸ਼ਿਆਂ ਦੀ ਵਰਤੋਂ ਨਾ ਕਰਨ ਸਬੰਧੀ ਅਤੇ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਸਬੰਧੀ ਇੱਕ ਵਿਸ਼ੇਸ਼ ਸੈਮੀਨਾਰ ਲਗਾ ਕੇ ਜਾਗਰੂਕ ਕੀਤਾ ਗਿਆ। ਇਸ ਸੈਮੀਨਾਰ ਦਾ ਮੁੱਖ ਉਦੇਸ਼ ਸਕੂਲ ਦੇ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ, ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਅਤੇ ਖੇਡਾਂ ਵੱਲ ਜਾਣ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ ਗਿਆ। ਇਸ ਸੈਮੀਨਾਰ ਦੌਰਾਨ ਸਕੂਲ ਦੇ ਵਿਦਿਆਰਥੀਆਂ ਨੂੰ ਸਮਝਾਇਆ ਗਿਆ ਕਿ ਕੁਝ ਗਲਤ ਅਨਸਰਾਂ ਵੱਲੋਂ ਵਿਦਿਆਰਥੀਆਂ ਨੂੰ ਨਸ਼ੇ ਤੇ ਲਗਾ ਦਿੱਤਾ ਜਾਂਦਾ ਹੈ ਇਸ ਲਈ ਅਜਿਹੇ ਮਾੜੇ ਅਨਸਰਾਂ ਤੋਂ ਆਪਣਾ ਬਚਾਅ ਰੱਖੋ। ਇਸਦੇ ਨਾਲ ਹੀ ਵਿਦਿਆਰਥੀਆਂ ਨੂੰ ਇਹ ਵੀ ਦੱਸਿਆ ਗਿਆ ਕਿ ਮੋਟਰ ਵਹੀਕਲ ਐਕਟ ਦੀ ਧਾਰਾ 199 ਏ ਤਹਿਤ ਜੇਕਰ 18 ਸਾਲ ਤੋਂ ਘੱਟ ਉਮਰ ਦਾ ਕੋਈ ਬੱਚਾ ਵਹੀਕਲ ਚਲਾਉਂਦਾ ਹੈ ਤਾਂ ਉਸਦੇ ਮਾਪਿਆਂ ਨੂੰ 3 ਸਾਲ ਦੀ ਕੈਦ, 25 ਹਜਾਰ ਰੁਪਏ ਤੱਕ ਦਾ ਜੁਰਮਾਨਾ ਹੋ ਸਕਦਾ ਹੈ ਅਤੇ 18 ਸਾਲ ਤੋਂ ਘੱਟ ਉਮਰ ਦੇ ਬੱਚੇ ਨੂੰ ਵਹੀਕਲ ਦੇਣ ਵਾਲੇ ਵਿਅਕਤੀ ਨੂੰ ਵੀ 3 ਸਾਲ ਦੀ ਸਜਾ ਜਾਂ ਜੁਰਮਾਨਾ ਹੋ ਸਕਦਾ ਹੈ।



## ਸਵ. ਸਰਬਜੀਤ ਸਿੰਘ ਨੂੰ ਅੰਤਿਮ ਅਰਦਾਸ ਮੌਕੇ ਸ਼ਰਧਾਂਜਲੀਆਂ ਭੇਟ

**ਅੱਡਾ ਸਰਾ (ਜਸਵੀਰ ਕਾਜਲ)-** ਪਿੰਡ ਬੈਂਚ ਖੁਰਦ ਵਿਖੇ ਸਾਬਕਾ ਸਰਪੰਚ ਅਤੇ ਸਮਾਜ ਸੇਵਕ ਸਵ੍. ਸਰਬਜੀਤ ਸਿੰਘ ਦੇ ਬੇ-ਵਕਤੀ ਮੌਤ ਹੋਣ ਕਾਰਨ ਆਪਣੇ ਪਰਵਾਰ ਨੂੰ ਸਦੀਵੀਂ ਵਿਛੋੜਾ ਦੇ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ। ਉਨ੍ਹਾਂ ਦੇ ਅੰਤਿਮ ਅਰਦਾਸ ਲਈ ਰੱਖੇ ਗਏ ਸਹਿਜ ਪਾਠ ਦੇ ਭੋਗ



ਉਪਰੰਤ ਗੁਰਦੁਆਰਾ ਬਾਬਾ ਝੰਡਾ ਜੀ ਦੇ ਅਸਥਾਨ ਵਿਖੇ ਭਾਈ ਸੰਦੀਪ ਸਿੰਘ ਦੇ ਜੱਥੇ ਕੂਟਾਂ ਵਾਲਿਆਂ ਵੱਲੋਂ ਗੁਰਬਾਣੀ ਦਾ ਕੀਰਤਨ ਕੀਤਾ ਗਿਆ। ਇਸ ਮੌਕੇ ਵੱਖ ਵੱਖ ਰਾਜਨੀਤਕ ਪਾਰਟੀਆਂ ਤੇ ਸਮਾਜ ਸੇਵਕਾਂ ਵੱਲੋਂ ਜਿਨਾਂ ਵਿੱਚ ਬੀਬੀ ਮਹਿੰਦਰ ਕੌਰ ਜੋਸ਼ ਸਾਬਕਾ ਕੈਬਨਿਟ ਮੰਤਰੀ, ਅਤੇ ਕਾਗਰਸੀ ਯੂਥ ਆਗੂ ਐਡਵੋਕੇਟ ਗੁਰਵੀਰ ਸਿੰਘ ਚੋਟਾਲਾ, ਇਨਾਂ ਤੋ ਇਲਾਵਾ ਹੋਰਨਾਂ ਵਲੋਂ ਵੀ ਸਵ੍. ਸਰਬਜੀਤ ਸਿੰਘ ਨੂੰ ਸ਼ਰਧਾਜਲੀਆ ਦਿੱਤੀਆ ਗਈਆਂ। ਇਸ ਮੌਕੇ ਤੇਜਿੰਦਰ ਸਿੰਘ, ਕੁਲਵਿੰਦਰ ਸਿੰਘ, ਇੰਦਰਜੀਤ ਸਿੰਘ, ਗੁਰਚੈਂਚਲ ਸਿੰਘ, ਸਵਿੰਦਰ ਕੌਰ, ਕਿਰਪਾਲ ਸਿੰਘ ਪੰਡੋਰੀ,ਸਰਪੰਚ ਸਤਨਾਮ ਸਿੰਘ, ਮਾਸਟਰ ਸੁਖਵੀਰ ਸਿੰਘ, ਲਖਵੀਰ ਸਿੰਘ ਬੜੈਚ, ਕੌਸਲਰ ਗੁਰਬਿੰਦਰ ਸਿੰਘ, ਕਰਤਾਰ ਸਿੰਘ ਹੰਬੜਾਂ, ਮਨਦੀਪ ਸਿੰਘ ਮੱਲੀ, ਅਵਤਾਰ ਸਿੰਘ ਤਾਰੀ ਆਦਿ ਹਾਜ਼ਰ ਸਨ। ਇਸ ਮੌਕੇ ਗੁਰੂ ਦਾ ਅਤੁੱਟ ਲੰਗਰ ਵੀ ਵਰਤਾਇਆ ਗਿਆ।

12 Sep Page 9.qxd 9/11/2025 11:03 PM Page 1



## ਪਿੰਡ ਧੁੱਗੜ 'ਚ ਮੀਂਹ ਕਾਰਨ ਹੋਏ ਨੁਕਸਾਨ ਦਾ ਲਿਆ ਜਾਇਜ਼ਾ

**ਮਹਿਤਪੁਰ (ਰਾਜਾ)**- ਹਲਕਾ ਸ਼ਾਹਕੋਟ ਤੋਂ ਆਮ ਆਦਮੀ ਪਾਰਟੀ ਬਲਾਕ ਮਹਿਤਪੁਰ ਦੇ ਪ੍ਰਧਾਨ ਕ੍ਰਿਸ਼ਨ ਕੁਮਾਰ ਬਿੱਟੂ ਨੇ ਪਿੰਡ ਧੁੱਗੜ ਵਿੱਚ ਸਾਬਕਾ ਸਰਪੰਚ ਸਾਧੂ ਸਿੰਘ ਦੇ ਨਾਲ ਬੀਤੇ ਕੁਝ ਦਿਨਾਂ ਤੋਂ ਲਗਾਤਾਰ ਪੈ ਰਹੇ ਮੀਂਹ ਕਾਰਨ ਹੋਏ ਨੁਕਸਾਨ ਦਾ ਜਾਇਜ਼ਾ ਲਿਆ ਤੇ ਦੇਖਿਆ ਕਿ ਪਿੰਡ ਦਾ ਡੇਂਡ ਨੀਵਾਂ ਹੋਣ ਕਰਕੇ ਖੇਤਾਂ ਵਿੱਚ ਬਹੁਤ ਵੱਡੇ ਵੱਡੇ ਖਰਲ ਪੈ ਗਏ, ਇਸ ਖਰਲ ਦੇ ਨਾਲ ਹੀ ਇੱਕ ਮੋਟਰ ਤੇ ਟਰਾਂਸਫਰ ਵੀ ਲਾਗੇ ਸੀ ਜਿਸ ਦਾ ਬਚਾਅ ਹੋ ਗਿਆ। ਇਸ ਮੌਕੇ ਪਿੰਡ ਦੇ ਆਲੇ ਦੁਆਲੇ ਹੋਏ ਨੁਕਸਾਨ ਸਬੰਧੀ ਵਿਚਾਰ ਚਰਚਾ ਕੀਤੀ ਗਈ ਤੇ ਬਲਾਕ ਪ੍ਰਧਾਨ ਨੇ ਉਹਨਾਂ ਨੂੰ ਭਰੋਸਾ ਦਵਾਇਆ ਕਿ ਇਸ ਸਬੰਧੀ ਜਲਦੀ ਹੀ ਅਸੀਂ ਮਿਲ ਕੇ ਹਲਕਾ ਸ਼ਾਹਕੋਟ ਦੇ ਇੰਚਾਰਜ ਪਰਮਿੰਦਰ ਸਿੰਘ ਪਿੰਦਰ ਪੰਡੋਰੀ ਨੂੰ ਮਿਲ ਕੇ ਜਿਨ੍ਹਾਂ ਨੇ ਬੀਤੇ ਕੁਝ ਦਿਨਾਂ ਤੋਂ ਹਲਕਾ ਸ਼ਾਹਕੋਟ ਦੀ ਹੜ੍ਹ ਪ੍ਰਭਾਵਿਤ ਇਲਾਕਿਆਂ ਦੀ ਮਦਦ ਲਈ ਵਾਗਡੋਰ ਪਹਿਲਾਂ ਹੀ ਬੜੀ ਸ਼ਿੱਦਤ ਨਾਲ ਸਾਂਭੀ ਹੋਈ ਹੈ ਤੇ ਲੋੜਵੰਦਾਂ ਲਈ ਮਦਦ ਲਈ ਪਿੰਦਰ ਪੰਡੋਰੀ ਅਤੇ ਉਹਨਾਂ ਦੀ ਸਮੁੱਚੀ ਟੀਮ ਸਮੇਂ ਸਮੇਂ ਤੇ ਜ਼ਰੂਰਤਮੰਦ ਲੋਕਾਂ ਲਈ ਹਰ ਤਰ੍ਹਾਂ ਦੀ ਮਦਦ ਲਈ ਮੌਕੇ ਤੇ ਪਹੁੰਚ ਰਹੇ ਹਨ, ਬੇਨਤੀ ਕਰਕੇ ਹੋਏ ਨੁਕਸਾਨ ਸਬੰਧੀ ਜਾਣੂ ਕਰਵਾਵਾਂਗੇ ਅਤੇ ਜਲਦ ਹੀ ਹੋਏ ਨੁਕਸਾਨ ਦਾ ਕੰਮ ਸ਼ੁਰੂ ਕਰਵਾਵਾਂਗੇ। ਇਸ ਮੌਕੇ ਪਿੰਡ ਦੇ ਪਤਵੰਤੇ ਸੱਜਣ ਰਸ਼ਪਾਲ ਸਿੰਘ, ਘੁੱਪ ਮਹਿਤਾ ਤੇ ਬਲਦੇਵ ਸਿੰਘ ਹਾਜ਼ਰ ਸਨ।



## ਹੜ੍ਹ ਪ੍ਰਭਾਵਤ 50% ਇਲਾਕਿਆਂ 'ਚ ਸਪੈਸ਼ਲ ਗਿਰਦਾਵਰੀ ਦਾ ਕੰਮ ਹੋਇਆ ਮੁਕੰਮਲ : ਹਰਜੋਤ ਬੈਂਸ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਵਿੰਦੀ)**- ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ ਨੇ ਕਿਹਾ ਹੈ ਕਿ ਭਾਖੜਾ ਡੈਮ ਵਿਚ ਪਾਣੀ ਦਾ ਪੱਧਰ ਨਿਰੰਤਰ ਘੱਟ ਰਿਹਾ ਹੈ। ਡੈਮ ਦਾ ਪੱਧਰ 1677 ਫੁੱਟ ਹੈ ਪੰਜੂ ਮੌਸਮ ਵਿਭਾਗ ਵੱਲੋਂ 12, 13 ਅਤੇ 14 ਸਤੰਬਰ ਨੂੰ ਭਾਰੀ ਬਰਸਾਤ ਦੀ ਭਵਿੱਖਬਾਣੀ ਜਾਰੀ ਕੀਤੀ ਹੈ। ਇਸ ਸਥਿਤੀ ਨੂੰ ਦੇਖਦਿਆਂ, ਭਾਖੜਾ ਡੈਮ ਵਿੱਚੋਂ 5000 ਕਿਊਸਿਕ ਪਾਣੀ ਵਾਧੂ ਮਾਤਰਾ ਵਿੱਚ ਛੱਡਿਆ ਜਾ ਰਿਹਾ ਹੈ, ਤਾਂ ਜੋ ਕਿਸੇ ਵੀ ਆਪਾਤ ਹਾਲਾਤ ਵਿੱਚ ਇਕੱਠੇ ਵੱਡੀ ਮਾਤਰਾ ਵਿੱਚ ਪਾਣੀ ਛੱਡਣ ਦੀ ਲੋੜ ਨਾ ਪਏ। ਉਨ੍ਹਾਂ ਨੇ ਕਿਹਾ ਕਿ ਇਹ ਪਾਣੀ ਹੌਲੀ-ਹੌਲੀ ਅਗਲੇ ਤਿੰਨ ਤੋਂ ਚਾਰ ਘੰਟਿਆਂ ਵਿੱਚ ਛੱਡਿਆ ਜਾਵੇਗਾ। ਪਿਛਲੀ ਵਾਰ ਦੀ ਤਰ੍ਹਾਂ ਕੰਟਰੋਲ ਰਿਲੀਜ਼ ਹੀ ਕੀਤੇ ਜਾਣਗੇ ਤਾਂ ਜੋ ਹੇਠਲੇ ਇਲਾਕਿਆਂ ਵਿੱਚ ਕਿਸੇ ਤਰ੍ਹਾਂ ਦਾ ਖਤਰਾ ਪੈਦਾ ਨਾ ਹੋਵੇ। ਸ. ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਰੂਪਨਗਰ ਸ੍ਰੀ ਵਰਜੀਤ ਵਾਲੀਆ ਨਾਲ ਮੀਟਿੰਗ ਕਰਕੇ ਹੜ੍ਹਾਂ ਦੌਰਾਨ ਹੋਏ ਖਰਾਬੇ ਅਤੇ ਨੁਕਸਾਨ ਦੀ ਸਮੀਖਿਆ ਕੀਤੀ ਹੈ ਸਪੈਸ਼ਲ ਗਿਰਦਾਵਰੀ ਦਾ ਕੰਮ 50 ਪ੍ਰਤੀਸ਼ਤ ਮੁਕੰਮਲ ਕਰਵਾ ਲਿਆ ਹੈ, ਨਾਲ ਹੀ, ਰਾਹਤ ਕੈਂਪ ਲਗਾਤਾਰ ਚੱਲ ਰਹੇ ਹਨ। ਉਨ੍ਹਾਂ ਨੇ ਦੱਸਿਆ ਕਿ ਮਲੇਰੀਆ ਤੇ ਹੋਰ ਬਿਮਾਰੀਆਂ ਦੇ ਖਤਰੇ ਨੂੰ ਦੇਖਦੇ ਹੋਏ ਫੌਗਿੰਗ ਮਸ਼ੀਨਾਂ ਇਲਾਕੇ ਵਿੱਚ ਭੇਜੀਆਂ ਜਾ ਰਹੀਆਂ ਹਨ ਅਤੇ ਪਿੰਡਾਂ ਵਿੱਚ ਇਸ ਮਸ਼ੀਨਾਂ ਲਗਾਤਾਰ ਚਲਾਈਆਂ ਜਾਣਗੀਆਂ ਅਤੇ ਮੈਡੀਕਲ ਕੈਂਪ ਵੀ ਲਗਾਤਾਰ ਜਾਰੀ ਰਹਿਣਗੇ।

## ਹੜ੍ਹਾਂ ਨਾਲ ਹੋਏ ਨੁਕਸਾਨ ਦੀ ਭਰਪਾਈ ਲਈ ਮੁਜ਼ਾਹਰਾ ਅੱਜ



**ਸੁਲਤਾਨਪੁਰ ਲੋਧੀ (ਬਲਵੀਰ ਸ਼ਾਲਪੁਰੀ)**- ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਵਲੋਂ ਪੇਂਡੂ ਅਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮਜ਼ਦੂਰ ਮੋਰਚੇ ਦੇ ਸੱਦੇ ਤਹਿਤ 12 ਸਤੰਬਰ ਨੂੰ ਸੁਲਤਾਨਪੁਰ ਲੋਧੀ ਵਿਖੇ ਐਸ ਡੀ ਐਮ ਦਫਤਰ ਅੱਗੇ ਮੁਜ਼ਾਹਰਾ ਕੀਤਾ ਜਾਵੇਗਾ। ਇਹ ਮੁਜ਼ਾਹਰਾ ਕੇਂਦਰ ਦੀ ਮੋਦੀ ਸਰਕਾਰ ਅਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਆਪਣੀਆਂ ਜ਼ਿੰਮੇਵਾਰੀ ਤੋਂ ਹੜ੍ਹਾਂ ਤੇ ਬਾਰਸ਼ਾਂ ਕਰਕੇ ਪੀੜਤ ਲੋਕਾਂ ਨੂੰ ਬਿਲਕੁਲ ਅੱਖੋਂ ਪਰੋਖੇ ਕਰਨ ਗਰੀਬ ਲੋਕਾਂ ਨਾਲ ਰਾਹਤ ਦੇ ਨਾਂ ਉੱਤੇ ਕੀਤੇ ਜਾ ਰਹੇ ਵੱਡੇ ਮਜ਼ਾਕ ਖ਼ਿਲਾਫ਼ ਮੁਜ਼ਾਹਰਾ ਕੀਤਾ ਜਾਵੇਗਾ। ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਆਗੂ ਨਿਰਮਲ ਸਿੰਘ ਸ਼ੇਰਪੁਰ ਸੱਧਾ ਅਤੇ ਜ਼ਿਲ੍ਹਾ ਪ੍ਰਧਾਨ ਅਮਰਜੀਤ ਸਿੰਘ ਜਵਾਲਾਪੁਰ ਨੇ ਕਿਹਾ ਕਿ ਯੂਨੀਅਨ ਵਲੋਂ ਪੀੜਤ ਲੋਕਾਂ ਦੇ ਘਰਾਂ ਵਿੱਚ ਜਾ ਕੇ ਦੇਖਿਆ ਕਿ ਗਰੀਬ ਲੋਕ ਘੱਗਰ ਗੁਰਬਤ 'ਚ ਰਹਿ ਰਹੇ ਕਿਰਤੀ ਲੋਕਾਂ ਦੇ ਘਰਾਂ ਦੀ ਹਾਲਤ ਵੀ ਬਹੁਤ ਤਰਸਯੋਗ ਬਣੀ ਹੋਈ ਹੈ। ਉਨ੍ਹਾਂ ਕਿਹਾ ਕਿ ਹੜ੍ਹਾਂ ਤੇ ਬਾਰਸ਼ਾਂ ਕਾਰਨ ਹੋਇਆ ਨੁਕਸਾਨ ਕੁਦਰਤੀ ਨਹੀਂ ਬਲਕਿ ਸਰਕਾਰਾਂ ਦੀ ਨਲਾਇਕੀ ਹੈ। ਅਤੇ ਇਸ ਲਈ ਦੋਨੋਂ ਸਰਕਾਰਾਂ ਜ਼ਿੰਮੇਵਾਰ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਹੜ੍ਹਾਂ, ਬਾਰਸ਼ਾਂ ਕਾਰਨ ਭਾਰੀ ਤਬਾਹੀ ਨਾਲ ਦਰਜਨਾਂ ਮੌਤਾਂ ਤੋਂ ਇਲਾਵਾ ਮਕਾਨਾਂ, ਪਸ਼ੂਆਂ, ਫਸਲਾਂ ਤੇ ਜ਼ਮੀਨਾਂ ਦਾ ਭਾਰੀ ਨੁਕਸਾਨ ਹੋ ਚੁੱਕਾ ਹੈ ਅਤੇ ਨੁਕਸਾਨ ਜਾਰੀ ਹੈ। ਪਰ ਕੇਂਦਰ ਅਤੇ ਪੰਜਾਬ ਸਰਕਾਰ ਵੱਲੋਂ ਅਗਾਊਂ ਪੇਸ਼ੀਨਗੋਈ ਦੇ ਬਾਵਜੂਦ ਇਸ ਨੁਕਸਾਨ ਨੂੰ ਰੋਕਣ ਲਈ ਪਹਿਲਾਂ ਕੋਈ ਵੀ ਪ੍ਰਬੰਧ ਨਹੀਂ ਕੀਤੇ ਗਏ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ 12 ਸਤੰਬਰ ਨੂੰ ਐਸ ਡੀ ਐਮ ਦਫਤਰ ਸੁਲਤਾਨਪੁਰ ਲੋਧੀ ਵਿਖੇ ਮੁਜ਼ਾਹਰੇ ਵਿੱਚ ਸ਼ਮੂਲੀਅਤ ਕਰਨ।

## ਸਮਾਜ ਸੇਵੀ ਸੰਸਥਾਵਾਂ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਅੱਗੇ ਆਉਣ : ਸੰਜੀਵ ਅਰੋੜਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਰੋਟਰੀ ਆਈ ਬੈਂਕ ਐਂਡ ਕਾਰਨੀਅਲ ਟ੍ਰਾਂਸਪਲਾਂਟੇਸ਼ਨ ਸੋਸਾਇਟੀ ਹੁਸ਼ਿਆਰਪੁਰ ਵੱਲੋਂ ਪ੍ਰਧਾਨ ਅਤੇ ਪ੍ਰਮੁੱਖ ਸਮਾਜ ਸੇਵੀ ਸੰਜੀਵ ਅਰੋੜਾ ਦੀ ਅਗਵਾਈ ਵਿੱਚ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਰੈੱਡ ਕਰਾਸ ਸੋਸਾਇਟੀ ਦੇ ਸਕੱਤਰ ਮੰਗੇਸ਼ ਸੂਦ ਨੂੰ ਤਰਪਾਲਾਂ ਅਤੇ ਸੈਨੇਟਰੀ ਨੈਪਕਿਨ ਭੇਟ ਕੀਤੇ ਗਏ। ਇਸ ਮੌਕੇ ਸੋਸਾਇਟੀ ਦੇ ਪ੍ਰਧਾਨ ਸੰਜੀਵ ਅਰੋੜਾ ਨੇ ਕਿਹਾ ਕਿ ਕੁਦਰਤੀ ਆਫ਼ਤ ਅੱਗੇ ਕਿਸੇ ਦਾ ਜ਼ੋਰ ਨਹੀਂ ਚੱਲਦਾ। ਉਨ੍ਹਾਂ ਕਿਹਾ ਕਿ ਸਰਕਾਰ ਆਪਣੇ ਪੱਧਰ 'ਤੇ ਲੋਕਾਂ ਦੀ ਸਹਾਇਤਾ ਕਰ ਰਹੀ ਹੈ ਪਰ ਸਮਾਜ ਸੇਵੀ ਸੰਸਥਾਵਾਂ ਨੂੰ ਮੀਟਿੰਗ ਕਰਕੇ ਇਸ ਕੰਮ ਵਿੱਚ ਉਹ ਵੀ ਸਹਾਇਤਾ ਕਾਰਜਾਂ ਵਿੱਚ ਯੋਗਦਾਨ ਪਾਣ। ਇਸ ਕਰਕੇ ਰੋਟਰੀ ਆਈ ਬੈਂਕ ਸੋਸਾਇਟੀ ਨੇ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਹੱਥ ਵਧਾਉਣ ਦਾ ਫੈਸਲਾ ਕੀਤਾ ਅਤੇ ਰੈੱਡ ਕਰਾਸ ਸੋਸਾਇਟੀ ਰਾਹੀਂ ਤਰਪਾਲਾਂ ਤੇ ਸੈਨੇਟਰੀ ਨੈਪਕਿਨ ਭੇਟ ਕੀਤੇ।ਸੰਜੀਵ ਅਰੋੜਾ ਨੇ ਕਿਹਾ ਕਿ ਜ਼ਰੂਰਤਮੰਦ ਦੀ ਸੇਵਾ ਕਰਨਾ ਹੀ ਅਸਲੀ ਸੇਵਾ ਹੈ। ਉਨ੍ਹਾਂ ਹੋਰ ਸਮਾਜ ਸੇਵੀ ਸੰਸਥਾਵਾਂ ਨੂੰ ਵੀ ਅਪੀਲ ਕੀਤੀ ਕਿ ਉਹ ਇਸ ਮੁਸ਼ਕਲ ਘੜੀ ਵਿੱਚ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਅੱਗੇ ਆਉਣ।ਇਸ ਮੌਕੇ ਰੈੱਡ ਕਰਾਸ ਸਕੱਤਰ ਮੰਗੇਸ਼ ਸੂਦ ਨੇ ਸੋਸਾਇਟੀ ਦੇ ਕਾਰਜਾਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਸੋਸਾਇਟੀ ਦੇ ਮੈਂਬਰ ਦਿਨ ਰਾਤ ਸੇਵਾ ਕਾਰਜਾਂ ਵਿੱਚ ਲੱਗੇ ਹੋਏ ਹਨ। ਉਨ੍ਹਾਂ ਨੇ ਨੇਤਰਦਾਨੀਤਾ ਨੂੰ ਦੂਰ ਕਰਨ ਦੇ ਨਾਲ ਨਾਲ ਹੜ੍ਹ ਪੀੜਤਾਂ ਨੂੰ ਸਹਾਇਤਾ ਸਮੱਗਰੀ ਭੇਟ ਕੀਤੀ ਜੋ ਕਿ ਕਾਬਿਲ-ਏ-ਤਾਰੀਫ਼ ਹੈ।ਚੇਅਰਮੈਨ ਜੇ.ਬੀ. ਬਹਲ ਨੇ ਕਿਹਾ ਕਿ ਜਿਹੜੇ ਇਲਾਕਿਆਂ ਵਿੱਚ ਲੋਕ ਹੜ੍ਹ ਨਾਲ ਪ੍ਰਭਾਵਿਤ ਹੋਏ ਹਨ ਉੱਥੇ ਸਮਰੱਥ ਲੋਕਾਂ ਦਾ ਫਰਜ਼ ਬਣਦਾ ਹੈ ਕਿ ਤੁਰੰਤ ਰਾਹਤ ਸਮੱਗਰੀ ਭੇਜਣ।ਇਸ ਮੌਕੇ ਰੈੱਡ ਕਰਾਸ ਸੋਸਾਇਟੀ ਦੇ ਸੰਯੁਕਤ ਸਕੱਤਰ ਆਦਿਤਿਆ ਰਾਣਾ, ਉਪ-ਚੇਅਰਮੈਨ ਰਾਜੀਵ ਬਜਾਜ, ਰਮਿੰਦਰ ਸਿੰਘ, ਜਸਵੀਰ ਕੰਵਰ, ਪ੍ਰੋ. ਰਜਨੀਸ਼ ਸਿੰਘ, ਵਿਜੇ ਅਰੋੜਾ, ਅਸ਼ਵਨੀ ਕੁਮਾਰ ਦੱਤਾ, ਕ੍ਰਿਸ਼ਨ ਕਿਸ਼ੋਰ, ਗੁਰਜੀਤ ਲਾਲ ਤੇ ਹੋਰ ਵੀ ਹਾਜ਼ਰ ਸਨ।



## ਕੰਧਾਲਾ ਜੱਟਾਂ ਵਿਖੇ ਛਿੰਝ ਮੇਲਾ ਕਰਵਾਇਆ



**ਅੱਡਾ ਸਰਾ (ਹਰਜੀਵ ਕਾਜਲ)**- ਪਿੰਡ ਕੰਧਾਲਾ ਜੱਟਾਂ ਵਿਖੇ ਬਾਬਾ ਬਾਲਕ ਨਾਥ ਦਰਬਾਰ ਦੇ ਗੱਦੀ ਨਸ਼ੀਨ ਬਾਬਾ ਲੱਖੀ ਵੱਲੋਂ ਬਾਬਾ ਮੋਹਣ ਸਿੰਘ ਦੀ ਯਾਦ ਨੂੰ ਸਮਰਪਿਤ 57ਵਾਂ, ਲੱਖ ਦਾਤਾ ਜੀ ਦਾ ਛਿੰਝ ਮੇਲਾ ਕਰਵਾਇਆ ਗਿਆ। ਇਸ ਛਿੰਝ ਮੇਲੇ ਮੌਕੇ 100 ਦੇ ਕਰੀਬ ਨਾਮਵਰ ਪਹਿਲਵਾਨਾਂ ਨੇ ਭਾਗ ਲਿਆ, ਜਿਸ ਵਿੱਚ ਪਹਿਲੀ ਰੁਮਾਲੀ ਗੁਰਜ ਤੇ ਪਾਲੀ ਘੁਮਾਣ ਤੇ ਨਕ ਬਿਸਨਪੁਰ ਅਤੇ ਦੂਜੀ ਰੁਮਾਲੀ ਕੰਗਣ ਤੇ ਹੋਈ।ਇਸ ਮੌਕੇ ਬਾਬਾ ਲੱਖੀ, ਅਰਮਾਨ, ਪ੍ਰੀਤ, ਡਾ. ਮੋਹਣ, ਰਾਕੇਸ਼ ਕੁਮਾਰ, ਸਰਬਜੀਤ, ਪਵਨਦੀਪ, ਭਿੰਦਾ, ਸਾਬਕਾ ਪੰਚ ਮਨਦੀਪ ਸਿੰਘ ਮੰਨਾ,ਪੰਚ ਤਰਸੇਮ ਸਿੰਘ ਫੌਜੀ,ਕਮਲ ਸਟੂਡੀਓ ਆਦਿ ਇਲਾਕੇ ਅਤੇ ਨਗਰ ਦੀਆਂ ਸੰਗਤਾਂ ਹਾਜ਼ਰ ਸਨ।

## ਲਾਇਸੈਂਸਸ਼ੁਦਾ ਥਾਵਾਂ ਤੋਂ ਬਿਨਾਂ ਪਟਾਕੇ ਵੇਚਣ 'ਤੇ ਪਾਬੰਦੀ

**ਜਲੰਧਰ (ਸ਼ੈਲੀ ਐਲਬਰਟ)**- ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਤਹਿਤ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਆਦੇਸ਼ ਜਾਰੀ ਕੀਤੇ ਹਨ ਕਿ ਪੁਲਸ ਕਮਿਸ਼ਨਰੇਟ ਜਲੰਧਰ ਦੇ ਇਲਾਕੇ ਵਿੱਚ ਅਧਿਕਾਰਤ ਲਾਇਸੈਂਸਸ਼ੁਦਾ ਦੁਕਾਨਾਂ ਨੂੰ ਛੱਡ ਕੇ ਪਟਾਕਿਆਂ ਦੀ ਵਿਕਰੀ ਦੀ ਇਜਾਜ਼ਤ ਨਹੀਂ ਹੋਵੇਗੀ।ਸਾਈਲੈਂਸ ਜ਼ੋਨ (ਹਸਪਤਾਲ, ਵਿੱਦਿਅਕ ਅਦਾਰਿਆਂ ਦੇ ਨੇੜੇ) ਵਿਚ ਕਿਸੇ ਵੀ ਸਮੇਂ ਪਟਾਕੇ ਚਲਾਉਣ 'ਤੇ ਮੁਕੰਮਲ ਪਾਬੰਦੀ ਹੋਵੇਗੀ। ਇਸ ਤੋਂ ਇਲਾਵਾ ਸੂਚੀ ਪਿੰਡ ਦੀ ਹੱਦ ਅੰਦਰ ਅਤੇ ਇੰਡੀਅਨ ਆਇਲ ਕਾਰਪੋਰੇਸ਼ਨ, ਭਾਰਤ ਪੈਟਰੋਲੀਅਮ ਕਾਰਪੋਰੇਸ਼ਨ ਲਿਮਟਿਡ ਅਤੇ ਹਿੰਦੋਸਤਾਨ ਪੈਟਰੋਲੀਅਮ ਕਾਰਪੋਰੇਸ਼ਨ ਲਿਮਟਿਡ ਦੇ ਤੇਲ ਟਰਮੀਨਲਾਂ ਦੇ 500 ਗਜ਼ ਦੇ ਘੇਰੇ ਅੰਦਰ ਵੀ ਪਟਾਕੇ ਨਹੀਂ ਚਲਾਏ ਜਾਣਗੇ। ਹੁਕਮਾਂ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਖਿਡੌਣਿਆਂ ਅਤੇ ਇਲੈਕਟ੍ਰਾਨਿਕ ਵਸਤਾਂ ਦੇ



ਰੂਪ ਵਿੱਚ ਆਕਾਰ ਕੀਤੇ ਪਟਾਕਿਆਂ 'ਤੇ ਮੁਕੰਮਲ ਪਾਬੰਦੀ ਹੋਵੇਗੀ। ਲਾਇਸੈਂਸ-ਧਾਰਕ ਨੂੰ ਦੁਕਾਨ 'ਤੇ ਵਿਕਰੀ ਲਈ ਪਟਾਕਿਆਂ ਦੀ ਲਾਇਸੈਂਸੀ ਫੈਕਟਰੀ ਜਾਂ ਕੰਪਨੀ ਤੋਂ ਮਨਜ਼ੂਰਸ਼ੁਦਾ ਪਟਾਕੇ ਖ਼ਰੀਦਣ ਦੀ ਪ੍ਰਵਾਨਗੀ ਹੈ। ਲਾਇਸੈਂਸ-ਧਾਰਕ ਸਿਰਫ਼ ਗ੍ਰੀਨ ਪਟਾਕਿਆਂ ਦੀ ਹੀ ਵਿਕਰੀ ਕਰਨਗੇ। ਹੁਕਮਾਂ ਅਨੁਸਾਰ ਜੁੜੇ ਹੋਏ ਪਟਾਕਿਆਂ ਜਿਵੇਂ ਕਿ ਲੜੀਆਂ ਆਦਿ ਦੇ ਨਿਰਮਾਣ, ਵਿਕਰੀ ਅਤੇ ਵਰਤੋਂ 'ਤੇ ਵੀ ਮੁਕੰਮਲ ਤੌਰ 'ਤੇ ਪਾਬੰਦੀ ਹੈ । ਲਾਇਸੈਂਸ-ਧਾਰਕ ਵਿਦੇਸ਼ੀ ਮੂਲ ਦੇ ਪਟਾਕੇ ਨਾ ਤਾਂ ਰੱਖਣਗੇ, ਨਾ ਪ੍ਰਦਰਸ਼ਤ ਕਰੇਗਾ ਅਤੇ ਨਾ ਹੀ ਵੇਚੇਗਾ। ਦੀਵਾਲੀ ਦੇ ਤਿਉਹਾਰ ਮੌਕੇ ਕੇਵਲ ਰਾਤ 8 ਵਜੇ ਤੋਂ ਰਾਤ 10 ਵਜੇ ਤੱਕ ਪਟਾਕੇ ਚਲਾਏ ਜਾ ਸਕਣਗੇ। ਇਸ ਤੋਂ ਇਲਾਵਾ ਕ੍ਰਿਸਮਿਸ ਅਤੇ ਨਵੇਂ ਸਾਲ ਮੌਕੇ ਰਾਤ 11.55 ਤੋਂ ਰਾਤ 12.30 ਵਜੇ ਤੱਕ ਅਤੇ ਗੁਰਪੁਰਬ ਮੌਕੇ ਸਵੇਰੇ 4 ਤੋਂ ਸਵੇਰੇ 5 ਵਜੇ ਤੱਕ ਅਤੇ ਰਾਤ 9 ਵਜੇ ਤੋਂ ਰਾਤ 10 ਵਜੇ ਤੱਕ ਪਟਾਕੇ ਚਲਾਉਣ ਦੀ ਆਗਿਆ ਹੋਵੇਗੀ। ਹੁਕਮਾਂ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਕਮਿਸ਼ਨਰੇਟ ਪੁਲਿਸ ਦੀ ਹੱਦ ਅੰਦਰ ਅਧਿਕਾਰਤ ਲਾਇਸੰਸਸ਼ੁਦਾ ਦੁਕਾਨਾਂ ਤੋਂ ਇਲਾਵਾ ਕਿਸੇ ਵੀ ਹੋਰ ਜਗ੍ਹਾ 'ਤੇ ਪਟਾਕਿਆਂ ਦਾ ਭੰਡਾਰ ਨਹੀਂ ਕੀਤਾ ਜਾ ਸਕਦਾ।ਇਹ ਹੁਕਮ 7.11.2025 ਤੱਕ ਲਾਗੂ ਰਹੇਗਾ।

## ਹੜ੍ਹ ਪ੍ਰਭਾਵਤ ਲੋਕਾਂ ਲਈ 2.5 ਲੱਖ ਰੁ. ਦੀਆਂ ਦਵਾਈਆਂ ਜ਼ਿਲ੍ਹਾ ਪ੍ਰਸ਼ਾਸਨ ਨੂੰ ਭੇਟ ਕੀਤੀਆਂ



**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਰੋਟਰੀ ਕਲੱਬ ਮੋਹਾਲੀ ਨੇ ਇਨਰ ਵ੍ਹੀਲ ਕਲੱਬ ਮੋਹਾਲੀ ਬਲਿਸਫੁੱਲ, ਜ਼ਿਲ੍ਹਾ 308 ਨਾਲ ਮਿਲ ਕੇ ਹੜ੍ਹ ਪ੍ਰਭਾਵਿਤ ਲੋਕਾਂ ਵਿੱਚ ਵੰਡਣ ਲਈ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੂੰ ਉਨ੍ਹਾਂ ਦੇ ਦਫ਼ਤਰ ਵਿਖੇ ਲਗਭਗ 2.5 ਲੱਖ ਰੁਪਏ ਮੁੱਲ ਦੀਆਂ ਦਵਾਈਆਂ ਦੇ 19 ਡੱਬੇ ਸੌਂਪੇ। ਰੋਟਰੀ ਕਲੱਬ ਦੇ ਪ੍ਰਧਾਨ ਸਤੀਸ਼ ਅਰੋੜਾ, ਮੈਂਬਰਾਂ ਨਵਨੀਤ ਸਕਸੈਨਾ, ਅਸ਼ੋਕ ਗੁਪਤਾ ਅਤੇ ਸਤਵੀਰ ਸਿੰਘ ਧਨੋਆ ਨੇ ਇਨਰ ਵ੍ਹੀਲ ਕਲੱਬ ਦੇ ਪ੍ਰਧਾਨ ਆਸ਼ਾ ਸੂਦ ਅਤੇ ਸਕੱਤਰ ਵਿਜੇ ਸੂਦ ਦੇ ਨਾਲ ਮਿਲ ਕੇ ਡਿਪਟੀ ਕਮਿਸ਼ਨਰ ਨੂੰ ਬੇਨਤੀ ਕੀਤੀ ਕਿ ਉਹ ਇਹ ਯਕੀਨੀ ਬਣਾਉਣ ਕਿ ਇਹ ਦਵਾਈਆਂ ਲੋੜਵੰਦਾਂ ਤੱਕ ਪਹੁੰਚਣ ਤਾਂ ਜੋ ਹੜ੍ਹ ਤੋਂ ਬਾਅਦ ਦੀਆਂ ਸੰਭਾਵੀ ਬਿਮਾਰੀਆਂ ਨੂੰ ਰੋਕਣ ਵਿੱਚ ਮਦਦ ਮਿਲ ਸਕੇ। ਇਸ ਨੇਕ ਕਦਮ ਪ੍ਰਤੀ ਧੰਨਵਾਦ ਪ੍ਰਗਟ ਕਰਦੇ ਹੋਏ, ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਕਿਹਾ ਕਿ ਇਹ ਉਨ੍ਹਾਂ ਪ੍ਰਭਾਵਿਤ ਲੋਕਾਂ ਲਈ ਇਮਤਿਹਾਨ ਦੀ ਘੜੀ ਹੈ, ਜਿਨ੍ਹਾਂ ਨੇ ਵੱਡੇ ਦੁਖਾਂਤ ਦਾ ਸਾਹਮਣਾ ਕੀਤਾ ਹੈ ਅਤੇ ਜਿਨ੍ਹਾਂ ਨੂੰ ਪੰਜਾਬ ਭਰ ਤੋਂ ਹਰ ਸੰਭਵ ਰੂਪ ਵਿੱਚ ਸਹਾਇਤਾ ਦੀ ਲੋੜ ਹੈ।

## ਬੱਚਿਆਂ ਦਾ ਕੈਂਸਰ ਵਧ ਰਿਹਾ, ਸਮੇਂ 'ਤੇ ਪਛਾਣ ਤੇ ਰੋਕਥਾਮ ਜ਼ਰੂਰੀ : ਕ੍ਰਿਤਿਕਾ ਗੋਯਲ



**ਹੁਸ਼ਿਆਰਪੁਰ (ਓ ਪੀ ਰਾਣਾ)**- 'ਇੱਕ ਸਮਾਂ 'ਤੇ ਵਿਰਲੇ ਸਮਝੇ ਜਾਣ ਵਾਲੇ ਬੱਚਿਆਂ ਦੇ ਕੈਂਸਰ ਦੇ ਮਾਮਲੇ ਹੁਣ ਲਗਾਤਾਰ ਵਧ ਰਹੇ ਹਨ। ਵੱਡਿਆਂ ਦੇ ਕੈਂਸਰ ਦੇ ਉਲਟ, ਜੋ ਬਹੁਤ ਵਾਰ ਸਿਗਰੇਟ, ਸ਼ਰਾਬ ਅਤੇ ਗਲਤ ਭੋਜਨ ਵਰਗੇ ਜੀਵਨ ਸ਼ੈਲੀਆਂ ਦੇ ਕਾਰਨ ਹੁੰਦੇ ਹਨ , ਬੱਚਿਆਂ ਵਿੱਚ ਕੈਂਸਰ ਦੇ ਮਾਮਲੇ ਆਮ ਤੌਰ 'ਤੇ ਜੈਨੇਟਿਕ ਰੁਝਾਨਾਂ ਨਾਲ ਜੁੜੇ ਹੁੰਦੇ ਹਨ, ਜਿਵੇਂ ਕਿ ਗਰਭਾਵਸਥਾ ਦੌਰਾਨ ਮਾਂ ਦੀ ਸਿਹਤ ਅਤੇ ਵਾਤਾਵਰਣ ਨਾਲ ਸੰਪਰਕ, ਜਿਸ ਵਿੱਚ ਪ੍ਰਦੂਸ਼ਣ, ਵਿਸ਼ਾਕਤ ਪਦਾਰਥ ਆਦਿ ਸ਼ਾਮਲ ਹੁੰਦੇ ਹਨ।' ਅਸਿਸਟੈਂਟ ਕਨਸਲਟੈਂਟ-ਪੀਡੀਆਟ੍ਰਿਕ ਔਂਕੋਲੋਜੀ, ਮੈਕਸ ਹਸਪਤਾਲ, ਡਾਕਟਰ ਕ੍ਰਿਤਿਕਾ ਗੋਯਲ ਨੇ ਕਿਹਾ, 'ਕੈਂਸਰ ਮੁਢਲੀ ਤੌਰ 'ਤੇ ਇੱਕ ਆਨੁਵਾਂਸ਼ਿਕ ਰੋਗ ਹੈ, ਪਰ ਇਸ ਨੂੰ ਵਿਕਸਿਤ ਕਰਨ ਦਾ ਖ਼ਤਰਾ ਸਾਡੀ ਜੀਵਨ ਸ਼ੈਲੀ 'ਤੇ ਨਿਰਭਰ ਕਰਦਾ ਹੈ । ਬੱਚਿਆਂ ਲਈ, ਇਹ ਖ਼ਤਰਾ ਜਨਮ ਤੋਂ ਪਹਿਲਾਂ ਹੀ ਸ਼ੁਰੂ ਹੋ ਸਕਦਾ ਹੈ ਜਿਵੇਂ ਗਰਭਾਵਸਥਾ ਦੌਰਾਨ ਮਾਂ ਦੀ ਖੁਰਾਕ, ਖ਼ਤਰਨਾਕ ਰਸਾਇਣਾਂ ਨਾਲ ਸੰਪਰਕ ਰਾਹੀਂ ਜਾਂ ਨਿਸ਼ਕਿਰਿਆ ਧੂਮਰਪਾਨ ਦੇ ਕਾਰਨ।' ਡਾਕਟਰ ਕ੍ਰਿਤਿਕਾ ਗੋਯਲ ਨੇ ਅੱਗੇ ਕਿਹਾ ਕਿ ਸਮੇਂ 'ਤੇ ਰੋਕ-ਥਾਮ ਕਰਨ ਮਹੱਤਵਪੂਰਨ ਹਨ। ਗਰਭਵਤੀ ਮਹਿਲਾਵਾਂ ਨੂੰ ਸਿਹਤਮੰਦ ਪੋਸ਼ਣ ਅਪਣਾਉਣਾ ਚਾਹੀਦਾ ਹੈ , ਨਸ਼ੀਲੀ ਪਦਾਰਥਾਂ, ਧੂਮਰਪਾਨ, ਪ੍ਰੋਸੈਸਡ ਫੂਡ ਤੋਂ ਬਚਣਾ ਚਾਹੀਦਾ ਹੈ, ਅਤੇ ਪ੍ਰੀਨੇਟਲ ਵਿਟਾਮਿਨਾਂ ਦਾ ਸੇਵਨ ਯਕੀਨੀ ਬਣਾਉਣਾ ਚਾਹੀਦਾ ਹੈ।

## ਪੈਨਸ਼ਨਰਜ਼ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸਿਟੀ ਮੰਡਲ ਹੁਸ਼ਿਆਰਪੁਰ ਪੈਨਸ਼ਨਰਜ਼ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ ਖੁਸ਼ੀ ਰਾਮ ਧੀਮਾਨ ਪ੍ਰਧਾਨ ਸ਼ਹਿਰੀ ਮੰਡਲ ਹੁਸ਼ਿਆਰਪੁਰ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਧੀਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਅਤੇ ਬਿਜਲੀ ਵਿਭਾਗ ਦੀ ਮੈਨੇਜਮੈਂਟ ਕਰਮਚਾਰੀ ਯੂਨੀਅਨਾਂ ਨੂੰ ਮੀਟਿੰਗ ਲਈ ਸਮਾਂ ਨਹੀਂ ਦੇ ਰਹੀ, ਜੇਕਰ ਮੀਟਿੰਗ ਦਿੱਤੀ ਜਾਂਦੀ ਹੈ ਤਾਂ ਉਸ ਨੂੰ ਮੁਲਤਵੀ ਕਰ ਦਿੱਤਾ ਜਾਂਦਾ ਹੈ। ਬਾਰ-ਬਾਰ ਮੀਟਿੰਗ ਦਾ ਸਮਾਂ ਮੁਲਤਵੀ ਕਰਨ ਕਾਰਨ ਕਰਮਚਾਰੀ ਯੂਨੀਅਨਾਂ ਵਿੱਚ ਭਾਰੀ ਰੋਸ ਹੈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸੰਤੋਸ਼ ਕੁਮਾਰ, ਠਾਕੁਰ ਅਵਤਾਰ ਸਿੰਘ, ਦੀਦਾਰ ਸਿੰਘ, ਹਰਭਜਨ ਸਿੰਘ, ਮਨਦੀਪ ਸਿੰਘ, ਮੰਗਲ ਸਿੰਘ, ਜੈਦੇਵ, ਰੋਸ਼ਨ ਲਾਲ, ਗੁਰਮੇਲ ਸਿੰਘ, ਅਸ਼ਵਿਨ ਸ਼ਰਮਾ, ਸਤਪਾਲ ਕਪੂਰ, ਲਖਬੀਰ ਸਿੰਘ ਆਦਿ ਨੇ ਕਿਹਾ ਕਿ ਜੇਕਰ ਕਰਮਚਾਰੀ ਯੂਨੀਅਨਾਂ ਨਾਲ ਮੀਟਿੰਗ ਕਰਕੇ ਕਰਮਚਾਰੀਆਂ ਦੀਆਂ ਮੰਗਾਂ ਦਾ ਹੱਲ ਨਹੀਂ ਕੀਤਾ ਗਿਆ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ।



## ਵੇਰਕਾ ਮਿਲਕ ਪਲਾਂਟ ਤੋਂ ਹੜ੍ਹ ਪ੍ਰਭਾਵਤ ਇਲਾਕਿਆਂ ਲਈ ਭੇਜੀ ਤਿੰਨ ਟਰੱਕ ਰਾਹਤ ਸਮੱਗਰੀ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੰਜਾਬ ਵਿਚ ਆਏ ਹੜ੍ਹਾਂ ਤੋਂ ਪ੍ਰਭਾਵਤ ਪਰਵਾਰਾਂ ਦੀ ਮਦਦ ਲਈ ਮਿਲਕਫੈੱਡ ਪੰਜਾਬ ਲਗਾਤਾਰ ਰਾਹਤ ਸਮੱਗਰੀ ਪ੍ਰਦਾਨ ਕਰ ਰਿਹਾ ਹੈ। ਇਸ ਸਬੰਧ ਵਿਚ ਵੇਰਕਾ ਮਿਲਕ ਪਲਾਂਟ, ਹੁਸ਼ਿਆਰਪੁਰ ਤੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਲਈ ਰਾਹਤ ਸਮੱਗਰੀ ਦੇ ਤਿੰਨ ਟਰੱਕ ਰਵਾਨਾ ਕੀਤੇ ਗਏ। ਰਾਹਤ ਸਮੱਗਰੀ ਨੂੰ ਮਿਲਕਫੈੱਡ ਪੰਜਾਬ ਦੇ ਚੇਅਰਮੈਨ ਨਰਿੰਦਰ ਸਿੰਘ ਸ਼ੇਰਗਿੱਲ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼ੇਰਗਿੱਲ ਨੇ ਕਿਹਾ ਕਿ ਇਨ੍ਹਾਂ ਟਰੱਕਾਂ ਰਾਹੀਂ ਹੜ੍ਹ ਪ੍ਰਭਾਵਤ ਪਰਵਾਰਾਂ ਤੱਕ ਸੁੱਕਾ ਰਾਸ਼ਨ ਪਹੁੰਚਾਇਆ ਜਾਵੇਗਾ। ਹਰੇਕ ਪਰਵਾਰ ਲਈ ਇਕ ਰਾਹਤ ਕਿੱਟ ਤਿਆਰ ਕੀਤੀ ਗਈ ਹੈ, ਜਿਸ ਵਿਚ ਆਟਾ, ਦਾਲਾਂ, ਚੌਲ, ਖੰਡ, ਨਮਕ, ਸੁੱਕਾ ਦੁੱਧ ਅਤੇ ਹੋਰ ਜ਼ਰੂਰੀ ਖਾਣ-ਪੀਣ ਦੀਆਂ ਚੀਜ਼ਾਂ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਇਹ ਕਦਮ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਚੁੱਕਿਆ ਗਿਆ ਹੈ।ਚੇਅਰਮੈਨ ਨੇ ਕਿਹਾ ਕਿ ਹੜ੍ਹ ਪ੍ਰਭਾਵਤ ਪਰਵਾਰਾਂ ਨੂੰ ਤੁਰੰਤ ਰਾਹਤ ਪ੍ਰਦਾਨ ਕਰਨਾ ਮਿਲਕਫੈੱਡ ਦੀ ਤਰਜੀਹ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਵੇਰਕਾ ਵੱਲੋਂ ਮੋਹਾਲੀ, ਜਲੰਧਰ ਅਤੇ ਸੰਗਰੂਰ ਤੋਂ ਵੀ ਰਾਸ਼ਨ ਸਮੱਗਰੀ ਲੈ ਕੇ ਜਾਣ ਵਾਲੇ ਵਾਹਨ ਭੇਜੇ ਜਾ ਚੁੱਕੇ ਹਨ। ਆਉਣ ਵਾਲੇ ਦਿਨਾਂ ਵਿਚ ਪਟਿਆਲਾ, ਗੁਰਦਾਸਪੁਰ ਅਤੇ ਅੰਮ੍ਰਿਤਸਰ ਤੋਂ ਵੀ ਇਸੇ ਤਰ੍ਹਾਂ ਦੀ ਰਾਹਤ ਸਮੱਗਰੀ ਭੇਜੀ ਜਾਵੇਗੀ। ਉਨ੍ਹਾਂ ਕਿਹਾ ਕਿ ਵੇਰਕਾ ਦੇ ਕਰਮਚਾਰੀਆਂ ਨੇ ਵੀ ਇਸ ਰਾਹਤ ਕਾਰਜ ਵਿਚ ਆਪਣੀਆਂ ਤਨਖਾਹਾਂ ਵਿਚੋਂ ਯੋਗਦਾਨ ਪਾਇਆ ਹੈ। ਇਸ ਮੌਕੇ ਪ੍ਰਦੀਪ ਮਲਹੋਤਰਾ, ਵੇਰਕਾ ਮਿਲਕ ਪਲਾਂਟ ਹੁਸ਼ਿਆਰਪੁਰ ਦੇ ਚੇਅਰਮੈਨ ਜਸਪਾਲ ਸਿੰਘ, ਜਨਰਲ ਮੈਨੇਜਰ ਰਾਜੇਸ਼ ਬਲਸੋਤਰਾ, ਮੈਨੇਜਰ ਇੰਜੀਨੀਅਰਿੰਗ ਜਤਿੰਦਰਪਾਲ ਸਿੰਘ, ਇੰਚਾਰਜ ਦੁੱਧ ਪ੍ਰਾਪਤੀ ਸੁਖਦੇਵ ਸਿੰਘ ਚੌਹਾਲ, ਇੰਚਾਰਜ ਕੁਆਲਿਟੀ ਅਮਨਦੀਪ ਕੌਰ, ਇੰਚਾਰਜ ਉਤਪਾਦਨ ਸ਼ੈਲੇਂਦਰ ਕੁਮਾਰ, ਸਿਮਰਨਜੀਤ ਸਿੰਘ, ਡਿਪਟੀ ਮੈਨੇਜਰ ਇੰਜੀਨੀਅਰਿੰਗ ਗੌਰਵ ਸ਼ਰਮਾ ਅਤੇ ਡਿਪਟੀ ਮੈਨੇਜਰ ਮਾਰਕੀਟਿੰਗ ਜਗਤਾਰ ਸਿੰਘ ਵੀ ਮੌਜੂਦ ਸਨ।



## ਹੜ੍ਹ ਪੀੜਤਾਂ ਦੀ ਮਦਦ ਲਈ ਸੇਵਾਮੁਕਤ ਕਾਨੂੰਗੋ/ ਪਟਵਾਰ ਯੂਨੀਅਨ ਅੱਗੇ ਆਵੇਗੀ : ਪ੍ਰਧਾਨ ਭਨੂੰ



**ਬਲਾਚੌਰ (ਜਸਵਿੰਦਰ ਬੈਂਸ)** - ਸ਼ਹੀਦ ਭਗਤ ਸਿੰਘ ਨਗਰ ਦੀ ਸਬ ਡਵੀਜ਼ਨ ਬਲਾਚੌਰ ਵਿੱਚ ਅੱਜ ਗੜ੍ਹਸ਼ੰਕਰ ਰੋਡ ਬਲਾਚੌਰ ਵਿਖੇ ਦੀ ਰੈਵੀਨਿਊ ਪਟਵਾਰੀ ਅਤੇ ਕਾਨੂੰਗੋ ਜਥੇਬੰਦੀ ਦੀ ਮਾਸਿਕ ਮੀਟਿੰਗ ਜਥੇਬੰਦੀ ਦੇ ਪ੍ਰਧਾਨ ਗਿਆਨ ਸਿੰਘ ਭਨੂੰ ਦੀ ਅਗਵਾਈ ਵਿੱਚ ਹੋਈ। ਮੀਟਿੰਗ ਦੇ ਸ਼ੁਰੂ ਵਿੱਚ ਪਿਛਲੇ ਕਈ ਦਿਨਾ ਤੋਂ ਪਹਾੜੀ ਅਤੇ ਮੈਦਾਨੀ ਇਲਾਕਿਆਂ ਵਿੱਚ ਹੋਰ ਰਹੀ ਭਾਰੀ ਵਰਖਾ ਕਾਰਨ ਆਏ ਹੜ੍ਹਾਂ ਨਾਲ ਜਾਨ ਮਾਲ ਦੇ ਹੋਏ ਨੁਕਸਾਨ 'ਤੇ ਗਹਿਰੀ ਚਿੰਤਾ ਦਾ ਪ੍ਰਗਟਾਵਾ ਕੀਤਾ ਅਤੇ ਦੋ ਮਿੰਟ ਦਾ ਮੌਨ ਰੱਖ ਕੇ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕੀਤੀ । ਇਸ ਮੌਕੇ ਜਥੇਬੰਦੀ ਦੇ ਪ੍ਰਧਾਨ ਗਿਆਨ ਸਿੰਘ ਭਨੂੰ ਨੇ ਆਪਣੇ ਸੰਬੋਧਨ ਵਿੱਚ ਆਖਿਆ ਕਿ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਵਿੱਚ ਆਏ ਹੜ੍ਹਾਂ ਕਾਰਨ ਕੁਦਰਤ ਦੀ ਕਰੋਪੀ ਦਾ ਸ਼ਿਕਾਰ ਹੋ ਕੇ ਆਪਣੀਆਂ ਜਾਨਾਂ ਗੁਆਉਣ ਵਾਲੇ ਹੜ੍ਹ ਪੀੜਤਾਂ ਲਈ ਦੀ ਰੈਵੀਨਿਊ ਪਟਵਾਰੀ ਅਤੇ ਕਾਨੂੰਗੋ ਐਸੋਸੀਏਸ਼ਨ ਅੱਗੇ ਹੋ ਕੇ ਹਰ ਸੰਭਵ ਮਦਦ ਕਰੇਗੀ ਅਤੇ ਉਨ੍ਹਾਂ ਵਲੋਂ ਜਲਦ ਹੀ ਇੱਕ ਲੱਖ ਰੁਪਏ ਦੀ ਰਾਸ਼ੀ ਡਿਪਟੀ ਕਮਿਸ਼ਨਰ ਰਾਹੀਂ ਮੁੱਖ ਮੰਤਰੀ ਰਾਹਤ ਫੰਡ ਲਈ ਦਿੱਤੀ ਜਾਵੇਗੀ। ਇਸ ਮੌਕੇ ਉਨ੍ਹਾਂ ਮੀਟਿੰਗ ਵਿੱਚ ਹਿੱਸਾ ਲੈਣ ਲਈ ਪੁੱਜੇ ਸਾਥੀਆਂ ਦਾ ਧੰਨਵਾਦ ਕੀਤਾ । ਇਸ ਮੌਕੇ ਮਦਨ ਲਾਲ ਬੇਗਮਪੁਰੀ, ਹਰਚਰਨਜੀਤ ਸਿੰਘ, ਕੁਲਦੀਪ ਸਿੰਘ, ਬਲਦੇਵ ਸਿੰਘ ਬੱਲੀ, ਗੁਰਬਖਸ਼ ਸਿੰਘ ਗੁੱਲਪੁਰ, ਕੁਲਵਿੰਦਰ ਸਿੰਘ ਗੁੱਲਪੁਰ, ਗੁਰਨੇਕ ਸਿੰਘ ਸ਼ੇਰ, ਸੁਰਿੰਦਰ ਕੁਮਾਰ, ਰਜਿੰਦਰ ਸਿੰਘ, ਬਲਵਿੰਦਰ ਪਾਲ ਸਿੰਘ, ਪਿਆਰਾ ਰਾਮ, ਹਰਭਜਨ ਰਾਮ, ਮਨੋਹਰ ਲਾਲ, ਪਵਨਜੀਤ, ਹਰਬੰਸ ਸਿੰਘ, ਜਨਕ ਰਾਜ, ਮਹਿੰਦਰ ਪਾਲ ਵੀ ਮੌਜੂਦ ਸਨ ।

## ਗੈਸਟ ਫੈਕਲਟੀ ਇੰਸਟਰਕਟਰਾਂ ਦੀ ਭਰਤੀ ਲਈ ਅਰਜ਼ੀਆਂ ਮੰਗੀਆਂ

**ਜਲੰਧਰ (ਸ਼ੈਲੀ ਐਲਬਰਟ)**- ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਮੇਹਰਚੰਦ ਜਲੰਧਰ ਵੱਲੋਂ ਸੈਸ਼ਨ 2025-26 ਲਈ ਵੱਖ-ਵੱਖ ਟਰੇਡਾਂ ਲਈ ਗੈਸਟ ਫੈਕਲਟੀ ਇੰਸਟਰਕਟਰਾਂ ਦੀ ਆਰਜ਼ੀ ਤੌਰ 'ਤੇ ਭਰਤੀ ਕੀਤੀ ਜਾਣੀ ਹੈ, ਜਿਸ ਦੇ ਲਈ ਅਰਜ਼ੀਆਂ ਦੀ ਮੰਗ ਕੀਤੀ ਗਈ ਹੈ। ਇੰਸਟੀਚਿਊਟ ਮੈਨੇਜਮੈਂਟ ਕਮੇਟੀ ਦੇ ਮੈਂਬਰ ਸਕੱਤਰ-ਕਮ-ਡੀ.ਡੀ.ਓ., ਸਰਕਾਰੀ ਆਈ.ਟੀ.ਆਈ ਮੇਹਰਚੰਦ ਜਸਮਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੰਸਥਾ ਵਿੱਚ ਪਲੰਬਰ, ਵੈਲਡਰ, ਆਰ.ਏ.ਸੀ., ਐਮ.ਐਮ.ਵੀ., ਮਸ਼ੀਨਿਸਟ ਅਤੇ ਡੀ.ਐਮ.ਸੀ. ਟਰੇਡ ਲਈ ਗੈਸਟ ਫੈਕਲਟੀ ਇੰਸਟਰਕਟਰਾਂ ਦੀ ਇਕ-ਇਕ ਅਸਾਮੀ 'ਤੇ ਭਰਤੀ ਕੀਤੀ ਜਾਣੀ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਅਸਾਮੀਆਂ ਲਈ ਲੋੜੀਂਦੀ ਯੋਗਤਾ ਲਈ ਡਾਇਰੈਕਟਰ ਜਨਰਲ ਟ੍ਰੇਨਿੰਗ ਦੀ ਵੈੱਬਸਾਈਟ https://dgt.gov.in/cts_datails ਤੋਂ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਇੰਟਰਵਿਊ 18 ਸਤੰਬਰ ਨੂੰ ਸਵੇਰੇ 11 ਵਜੇ ਤੱਕ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਮੇਹਰਚੰਦ ਵਿਖੇ ਹੋਵੇਗੀ, ਜਿਸ ਵਿੱਚ ਚਾਹਵਾਨ ਉਮੀਦਵਾਰ ਆਪਣੀ ਯੋਗਤਾ ਅਤੇ ਤਜ਼ੁਰਬੇ ਨਾਲ ਸਬੰਧਤ ਅਸਲ ਦਸਤਾਵੇਜ਼ ਸਮੇਤ ਫੋਟੋ ਕਾਪੀਆਂ ਨਾਲ ਲੈ ਕੇ ਆਉਣ। ਚਾਹਵਾਨ ਉਮੀਦਵਾਰ 17 ਸਤੰਬਰ ਤੱਕ ਆਪਣੇ ਦਸਤਾਵੇਜ਼ ਸੰਸਥਾ ਵਿਖੇ ਭੇਜ ਵੀ ਸਕਦੇ ਹਨ। ਵਧੇਰੇ ਜਾਣਕਾਰੀ ਲਈ ਮੋਬਾਇਲ ਨੰ. 94174-10589 'ਤੇ ਸੰਪਰਕ ਵੀ ਕੀਤਾ ਜਾ ਸਕਦਾ ਹੈ।

## ਨੌਜਵਾਨ ਭਾਰਤ ਸਭਾ ਦੇ ਆਗੂ ਵੱਖ ਵੱਖ ਪਿੰਡਾਂ 'ਚ ਹੜ੍ਹਾਂ ਕਾਰਨ ਹੋਏ ਨੁਕਸਾਨ ਸੰਬੰਧੀ ਪੀੜਿਤ ਪਰਵਾਰਾਂ ਨੂੰ ਮਿਲੇ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਨੌਜਵਾਨ ਭਾਰਤ ਸਭਾ ਦੀ ਕਮੇਟੀ ਸ਼ਾਹਕੋਟ ਏਰੀਏ ਦੇ ਵੱਖ ਵੱਖ ਪਿੰਡਾਂ ਬਾਊਪੁਰ, ਬਾਗੀਆ, ਬੁੜੇਵਾਲ ਵਿੱਚ ਦਰਿਆਈ ਪਾਣੀ ਆਉਣ ਕਾਰਨ ਪਰਵਾਰਾਂ ਦੇ ਘਰਾਂ ਦੇ ਹੋਏ ਨੁਕਸਾਨ ਸੰਬੰਧੀ ਲੋਕਾਂ ਨੂੰ ਮਿਲੇ।ਇਸ ਮੌਕੇ ਲੋਕਾਂ ਨੇ ਦੱਸਿਆ ਕਿ ਕਿਸੇ ਵੀ ਸਰਕਾਰੀ ਨੁਮਾਇੰਦੇ ਨੇ ਸਾਡੀ ਕੋਈ ਸਾਰ ਨਹੀਂ ਲਈ। ਕਈ ਘਰਾਂ ਅੰਦਰ ਜ਼ਿਆਦਾ ਪਾਣੀ ਆਉਣ ਕਾਰਨ ਘਰਾਂ ਦੀਆਂ ਨੀਹਾਂ ਬੈਠ ਗਈਆਂ ਹਨ। ਛੱਤਾਂ ਦਾ ਬਹੁਤ ਬੁਰਾ ਹਾਲ ਹੈ। ਲੋਕਾਂ ਨੂੰ ਤਰਪਾਲਾਂ ਤੱਕ ਨਹੀਂ ਮਿਲੀਆਂ । ਅੱਜ ਉਨ੍ਹਾਂ ਕੋਲ ਪਸ਼ੂਆਂ ਨੂੰ ਪਾਉਣ ਲਈ ਹਰਾ ਚਾਰਾ ਤੱਕ ਨਹੀਂ । ਫਸਲਾਂ ਦਾ ਵੀ ਵੱਡੇ ਪੱਧਰ 'ਤੇ ਨੁਕਸਾਨ ਹੋਇਆ ਹੈ। ਅਜੇ ਤੱਕ ਵੀ ਖੇਤ ਪੂਰੀ ਤਰ੍ਹਾਂ ਪਾਣੀ 'ਚ ਡੁੱਬੇ ਹੋਏ ਹਨ । ਜਿਸ ਕਾਰਨ ਝੋਨਾ, ਹਰਾ ਚਾਰਾ ਬੁਰੀ ਤਰ੍ਹਾਂ ਮਰ ਚੁੱਕਾ ਹੈ। ਇਹ ਲੋਕ ਬੰਨ੍ਹ 'ਤੇ ਰਹਿ ਰਹੇ ਹਨ। ਇਸ ਮੌਕੇ ਆਗੂਆਂ ਲੋਕਾਂ ਨੂੰ ਅਪੀਲ ਕੀਤੀ ਕਿ ਆਪਣੀਆਂ ਸਮੱਸਿਆਵਾਂ ਨੂੰ ਸਰਕਾਰ ਤੱਕ ਪਹੁੰਚਾਉਣ ਅਤੇ ਹੱਲ ਕਰਵਾਉਣ ਲਈ 11 ਸਤੰਬਰ ਨੂੰ ਐੱਸ ਡੀ ਐਮ ਦਫਤਰ ਸ਼ਾਹਕੋਟ ਪਹੁੰਚਣ ਦਾ ਸੱਦਾ ਦਿੱਤਾ। ਇਸ ਮੌਕੇ ਨੌਜਵਾਨ ਭਾਰਤ ਸਭਾ ਦੇ ਆਗੂ ਮੰਗਲਜੀਤ ਪੰਡੋਰੀ, ਗੁਰਮੀਤ ਸਿੰਘ, ਸੁੱਖ ਮੰਡਿਆਲਾ, ਮੋਹਣਜੀਤ ਆਦਿ ਨੇ ਸੰਬੋਧਨ ਕੀਤਾ।



## ਲਾਇਨਜ਼ ਕਲੱਬ ਨੇ ਫਲਦਾਰ ਬੂਟੇ ਲਗਾਏ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਲਾਇਨਜ ਕਲੱਬ ਹੁਸ਼ਿਆਰਪੁਰ ਸਮਰਪਣ ਐਕਟਿਵ ਅਤੇ ਲਾਇਨਜ ਕਲੱਬ ਰਿਹਾਣਾ ਜੱਟਾ ਕੋਹਿਨੂਰ ਵੱਲੋ 1999 ਤੋਂ ਲਗਾਤਾਰ ਸਮਾਜ ਸੇਵਾ ਦੇ ਖੇਤਰ ਵਿੱਚ ਲਾਇਨਜ ਇੰਟਰਨੈਸ਼ਨਲ ਨੂੰ ਸਮਰਪਿਤ ਹੋ ਕੇ ਵਡਮੁੱਲਾ ਯੋਗਦਾਨ ਪਾ ਰਹੇ ਲਾਇਨ ਡਾਕਟਰ ਤੇਜਬੀਰ ਸਿੰਘ ਧਾਲੀਵਾਲ ਬੀ ਡੀ ਐਸ ਸਕੱਤਰ ਲਾਇਨਜ ਕਲੱਬ ਰਿਹਾਣਾ ਜੱਟਾ ਕੋਹਿਨੂਰ ਦਾ ਜਨਮ ਦਿਨ ਲਾਲ ਰੈਸਟੋਰੈਂਟ ਰਹੀਮਪੁਰ ਰੋਡ ਹੁਸ਼ਿਆਰਪੁਰ ਵਿੱਚ ਮਨਾਇਆ ਗਿਆ। ਲਾਇਨਜ ਕਲੱਬ ਹੁਸ਼ਿਆਰਪੁਰ ਸਮਰਪਣ ਦੇ ਚੀਫ ਐਡਮਨਿਸਟ੍ਰੇਸ਼ਨ ਕੈਬਨਿਟ ਅਫਸਰ ਲਾਇਨ ਐਕਸੀਅਨ ਐਸ ਪੀ ਜੱਖੂ, ਪ੍ਰਧਾਨ ਲਾਇਨ ਇੰਜੀਨੀਅਰ ਜਤਿੰਦਰਪਾਲ ਐਮ ਜੇ ਐਫ, ਲਾਇਨ ਐਮ ਪੀ ਸਿੱਧੂ ਜੋਨ ਚੇਅਰਮੈਨ, ਲਾਇਨ ਮੋਹਨ ਲਾਲ ਖਜ਼ਾਨਚੀ, ਲਾਇਨ ਸੁਰਿੰਦਰ ਕੁਮਾਰ ਮੀਤ ਪ੍ਰਧਾਨ, ਲਾਇਨ ਸੂਰਜ ਕਾਂਤ ਐਮ ਜੇ ਐਫ ਪੀ ਆਰ ਓ, ਅਸ਼ੋਕ ਕੁਮਾਰ ਜੁਨੇਜਾ ਪ੍ਰਾਪਰਟੀ ਲਿੰਕਰਜ, ਕੇ ਐਸ ਅਨਮੋਲ, ਭੁਪਿੰਦਰ ਸਿੰਘ ਵੱਲੋਂ ਲਾਇਨ ਡਾਕਟਰ ਮੁਖਤਿਆਰ ਸਿੰਘ ਧਾਲੀਵਾਲ ਪ੍ਰਧਾਨ ਲਾਇਨਜ ਕਲੱਬ ਰਿਹਾਣਾ ਜੱਟਾ ਕੋਹਿਨੂਰ ਨੂੰ ਬੇਟੇ ਦੇ ਜਨਮ ਦਿਨ ਦੀਆ ਵਧਾਈਆ ਦਿੱਤੀਆ ਗਈਆ। ਜਤਿੰਦਰ ਸਿੰਘ ਲਾਲੀ ਬਾਜਵਾ, ਕੁਲਵਿੰਦਰ ਸਿੰਘ ਥਿਆੜਾ ਨਿਊਜ਼ੀਲੈਂਡ ਵੱਲੋ ਵੀ ਲਾਇਨ ਡਾਕਟਰ ਧਾਲੀਵਾਲ ਨੂੰ ਮੁਬਾਰਕਬਾਦ ਦਿੱਤੀ ਗਈ। ਦੋਵਾਂ ਕਲੱਬਾਂ ਵੱਲੋ ਜਨਮਦਿਨ ਮਨਾਉਣ ਦੀਆਂ ਖੁਸ਼ੀਆ ਸਾਂਝੇ ਕਰਦੇ ਹੋਏ ਫਲਦਾਰ ਫੁੱਲਦਾਰ ਛਾਂਦਾਰ ਅਤੇ ਔਸ਼ਧੀ ਯੁਕਤ ਬੂਟੇ ਲਗਾਏ ਗਏ ਅਤੇ ਸ਼ਾਨਦਾਰ ਡਿਨਰ ਪਾਰਟੀ ਵੀ ਆਯੋਜਿਤ ਕੀਤੀ।

## ਕੇਂਦਰ ਸਰਕਾਰ ਹਮੇਸ਼ਾ ਪੰਜਾਬ ਦੇ ਲੋਕਾਂ ਨਾਲ ਖੜ੍ਹੀ : ਟੌਂਸਾ

**ਬਲਾਚੌਰ (ਜਸਵਿੰਦਰ ਬੈਂਸ)**- ਭਾਰਤੀ ਜਨਤਾ ਪਾਰਟੀ ਦੇ ਕਾਠਗੜ੍ਹ ਤੋਂ ਮੰਡਲ ਪ੍ਰਧਾਨ ਸ੍ਰੀ ਰਾਮ ਟੌਂਸਾ ਨੇ ਪੰਜਾਬ ਵਿੱਚ ਹੜ੍ਹਾਂ ਕਾਰਨ ਹੋਏ ਨੁਕਸਾਨ ਲਈ ਕੇਂਦਰ ਸਰਕਾਰ ਵੱਲੋਂ ਪੰਜਾਬ ਲਈ 1600 ਕਰੋੜ ਰੁਪਏ ਦੀ ਐਡਵਾਂਸ ਰਾਸ਼ੀ ਜਾਰੀ ਕਰਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਧੰਨਵਾਦ ਕੀਤਾ।ਸ੍ਰੀ ਰਾਮ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਇਹ ਫੈਸਲਾ ਪੰਜਾਬ ਦੇ ਲੋਕਾਂ ਲਈ ਵੱਡੀ ਰਾਹਤ ਹੈ ਅਤੇ ਇਸ ਨਾਲ ਹੜ੍ਹ ਪ੍ਰਭਾਵਤ ਖੇਤਰਾਂ ਵਿੱਚ ਰਾਹਤ ਕਾਰਜ ਤੇਜ਼ ਹੋਣਗੇ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੀ ਇਸ ਮਦਦ ਨਾਲ ਪੰਜਾਬ ਦੇ ਲੋਕਾਂ ਨੂੰ ਹੜ੍ਹਾਂ ਕਾਰਨ ਹੋਏ ਨੁਕਸਾਨ ਤੋਂ ਉਭਰਨ ਲਈ ਵਿੱਤੀ ਮਦਦ ਮਿਲੇਗੀ।ਉਹਨਾ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਕੇਂਦਰ ਸਰਕਾਰ ਹਮੇਸ਼ਾ ਪੰਜਾਬ ਦੇ ਲੋਕਾਂ ਨਾਲ ਖੜ੍ਹੀ ਰਹੀ ਹੈ ਅਤੇ ਇਸ ਔਖੇ ਸਮੇਂ ਵਿੱਚ ਵੀ ਉਨ੍ਹਾਂ ਦੀ ਸਰਕਾਰ ਨੇ ਪੰਜਾਬ ਵੱਲ ਮਦਦ ਦਾ ਹੱਥ ਵਧਾਇਆ ਹੈ। ਉਨ੍ਹਾਂ ਇੱਕ ਵਾਰ ਫਿਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਪੰਜਾਬ ਦੇ ਲੋਕ ਇਸ ਮਦਦ ਨੂੰ ਕਦੇ ਨਹੀਂ ਭੁੱਲਣਗੇ।

## ਸਿਹਤ ਮੰਤਰੀ ਵੱਲੋਂ ਪਾਣੀ ਤੇ ਮੱਛਰਾਂ ਤੋਂ ਹੋਣ ਵਾਲੀਆਂ ਬਿਮਾਰੀਆਂ ਖਿਲਾਫ਼ ਮੁਹਿੰਮ ਚਲਾਉਣ ਦੇ ਨਿਰਦੇਸ਼



**ਜਲੰਧਰ (ਸ਼ੈਲੀ ਐਲਬਰਟ)**- ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਮੰਗਲਵਾਰ ਨੂੰ ਸਿਹਤ ਵਿਭਾਗ ਅਤੇ ਨਗਰ ਨਿਗਮ ਜਲੰਧਰ ਨੂੰ ਹਾਲ ਹੀ ਵਿੱਚ ਆਏ ਹੜ੍ਹਾਂ ਅਤੇ ਲਗਾਤਾਰ ਬਾਰਿਸ਼ ਤੋਂ ਬਾਅਦ ਪਾਣੀ ਅਤੇ ਮੱਛਰਾਂ ਤੋਂ ਹੋਣ ਵਾਲੀਆਂ ਬਿਮਾਰੀਆਂ ਖਿਲਾਫ਼ ਵੱਡੇ ਪੱਧਰ 'ਤੇ ਮੁਹਿੰਮ ਵਿੱਢਣ ਦੇ ਨਿਰਦੇਸ਼ ਦਿੱਤੇ।ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਇੱਕ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸਿਹਤ ਮੰਤਰੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਬਿਮਾਰੀਆਂ ਦੇ ਸੰਭਾਵੀ ਫੈਲਾਅ, ਖਾਸ ਕਰ ਡਾਇਰੀਆ ਲਈ ਤਿਆਰੀ ਕਰਨਾ ਸਮੇਂ ਦੀ ਲੋੜ ਹੈ। ਡਾ. ਸਿੰਘ ਨੇ ਅਧਿਕਾਰੀਆਂ ਨੂੰ ਬਿਮਾਰੀ ਫੈਲਣ ਤੋਂ ਰੋਕਣ ਲਈ ਸ਼ਹਿਰੀ ਅਤੇ ਪੇਂਡੂ ਦੋਵਾਂ ਖੇਤਰਾਂ ਵਿੱਚ ਪਾਣੀ ਦੀ ਜਾਂਚ ਅਤੇ ਕਲੋਰੀਨੇਸ਼ਨ ਨੂੰ ਤਰਜੀਹ ਦੇਣ ਦੀ ਹਦਾਇਤ ਕੀਤੀ। ਇਸ ਮੌਕੇ ਉਨ੍ਹਾਂ ਨਾਲ ਵਿਧਾਇਕ ਬਲਕਾਰ ਸਿੰਘ, ਵਿਧਾਇਕ ਇੰਦਰਜੀਤ ਕੌਰ ਮਾਨ, ਕਮਿਸ਼ਨਰ ਨਗਰ ਨਿਗਮ ਸੰਦੀਪ ਰਿਸ਼ੀ, ਵਧੀਕ ਡਿਪਟੀ ਕਮਿਸ਼ਨਰ (ਜ) ਅਮਨਿੰਦਰ ਕੌਰ, ਸੀਨੀਅਰ 'ਆਪ' ਆਗੂ ਰਾਜਵਿੰਦਰ ਕੌਰ ਥਿਆੜਾ, ਨਿਤਿਨ ਕੋਹਲੀ, ਦਿਨੇਸ਼ ਢੱਲ ਅਤੇ ਪ੍ਰਿੰਸੀਪਲ ਪ੍ਰੇਮ ਕੁਮਾਰ ਵੀ ਮੌਜੂਦ ਸਨ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਜ਼ਿਲ੍ਹੇ ਭਰ ਵਿੱਚ ਖੜ੍ਹੇ ਪਾਣੀ ਦੀ ਨਿਕਾਸੀ ਅਤੇ ਢੁੱਕਵੀਂ ਫੌਗਿੰਗ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਮੱਛਰਾਂ ਤੋਂ ਹੋਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਲਈ ਡੇਂਗੂ ਦੇ ਲਾਰਵੇ ਦੀ ਜਾਂਚ ਲਈ ਇੱਕ ਵਿਸ਼ੇਸ਼ ਮੁਹਿੰਮ ਵੀ ਚਲਾਈ ਜਾਵੇਗੀ। ਇਸ ਦੌਰਾਨ ਸਿਹਤ ਮੰਤਰੀ ਨੇ ਮਜ਼ਬੂਤ ਹੜ੍ਹ ਕੰਟਰੋਲ ਪ੍ਰਬੰਧਾਂ ਸਦਕਾ ਜ਼ਿਲ੍ਹੇ ਨੂੰ ਹੜ੍ਹ ਵਰਗੀ ਸਥਿਤੀ ਤੋਂ ਬਚਾਉਣ ਲਈ ਜਲੰਧਰ ਪ੍ਰਸ਼ਾਸਨ ਦੀ ਸ਼ਲਾਘਾ ਕੀਤੀ, ਜਿਸ ਦੇ ਸਿੱਟੇ ਵਜੋਂ ਸਤਲੁਜ ਦਰਿਆ ਵਿੱਚ ਪਾਣੀ ਦੇ ਤੇਜ਼ ਵਹਾਅ ਦੇ ਬਾਵਜੂਦ ਜ਼ਿਲ੍ਹੇ ਭਰ ਵਿੱਚ ਬੰਨ੍ਹ ਵਿੱਚ ਕੋਈ ਪਾੜ ਨਹੀਂ ਪਿਆ। ਸਿਹਤ ਮੰਤਰੀ ਨੇ ਕੇਂਦਰ ਸਰਕਾਰ 'ਤੇ ਪੰਜਾਬ ਦੇ ਬਕਾਇਆ 60,000 ਕਰੋੜ ਰੁਪਏ ਤੁਰੰਤ ਜਾਰੀ ਕਰਨ 'ਤੇ ਜ਼ੋਰ ਦਿੱਤਾ ਅਤੇ ਕਿਹਾ ਕਿ ਹੜ੍ਹਾਂ ਨਾਲ ਨੁਕਸਾਨੇ ਗਏ ਬੁਨਿਆਦੀ ਢਾਂਚੇ ਨੂੰ ਮੁੜ ਬਹਾਲ ਕਰਨ ਲਈ ਇਹ ਫੰਡ ਬਹੁਤ ਮਹੱਤਵਪੂਰਨ ਹਨ।

## ਪਿੰਡ ਭਾਮ ਵਿਖੇ ਸਾਲਾਨਾ ਜੋੜ ਮੇਲਾ ਅੱਜ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਨਜਦੀਕੀ ਪਿੰਡ ਭਾਮ ਵਿਖੇ ਸਥਿਤ ਡੇਰਾ ਦੁੱਧਾਧਾਰੀ ਜੀ ਦੇ ਦਰਬਾਰ ਵਿਖੇ ਸਮੂਹ ਨਗਰ ਨਿਵਾਸੀ, ਐਨ.ਆਰ.ਆਈ ਅਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਪ੍ਰਬੰਧਕ ਕਮੇਟੀ ਵਲੋਂ ਪ੍ਰਧਾਨ ਬਲਜੀਤ ਸਿੰਘ ਦੀ ਅਗਵਾਈ ਵਿਚ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਾਲਾਨਾ ਸਰਾਧਾਂ ਦਾ ਜੋੜ ਮੇਲਾ 12 ਸਤੰਬਰ ਨੂੰ ਸ਼ਰਧਾਪੂਰਵਕ ਕਰਵਾਇਆ ਜਾ ਰਿਹਾ ਹੈ।ਪ੍ਰਬੰਧਕਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੰਤ ਸਤਨਾਮ ਦਾਸ (ਗੱਜਰ ਮਹਿਦੂਦ ਵਾਲੇ) ਆਈਆਂ ਸੰਗਤਾਂ ਨੂੰ ਨਿਹਾਲ ਕਰਨਗੇ।ਇਸ ਮੇਲੇ 'ਚ ਜੀ.ਐਨ.ਐਮ ਸਪੈਸ਼ਲਿਸਟ ਹਸਪਤਾਲ ਵਲੋਂ ਫਰੀ ਮੈਡੀਕਲ ਕੈਂਪ ਵੀ ਲਗਾਇਆ ਜਾਵੇਗਾ।ਇਸ ਮੌਕੇ ਗੁਰੂ ਦੇ ਲੰਗਰ ਅਤੁੱਟ ਵਰਤਾਏ ਜਾਣਗੇ। ਇਹ ਜਾਣਕਾਰੀ, ਪ੍ਰਧਾਨ ਬਲਜੀਤ ਸਿੰਘ, ਸੁਖਵਿੰਦਰ ਰਾਮ ਮੀਤ ਪ੍ਰਧਾਨ, ਸੋਹਣ ਲਾਲ ਜਨਰਲ ਸਕੱਤਰ, ਗੁਰਨਾਮ ਸਿੰਘ ਜਨਰਲ ਸਕੱਤਰ, ਅਮਰਜੀਤ ਸਿੰਘ ਖਜ਼ਾਨਚੀ ਆਦਿ ਨੇ ਦਿੱਤੀ।



## ਸਰਕਾਰ ਹੜ੍ਹ ਪ੍ਰਭਾਵਤ ਕਿਸਾਨਾਂ ਨੂੰ ਚਾਰ ਲੱਖ ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਵੇ : ਐਨ ਕੇ ਸ਼ਰਮਾ

**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਸ਼੍ਰੋਮਣੀ ਅਕਾਲੀ ਦਲ ਦੇ ਖਜ਼ਾਨਚੀ ਅਤੇ ਡੇਰਾਬੱਸੀ ਹਲਕੇ ਦੇ ਸਾਬਕਾ ਵਿਧਾਇਕ ਐਨ ਕੇ ਸ਼ਰਮਾ ਨੇ ਕਿਹਾ ਕਿ ਡੇਰਾਬੱਸੀ ਹਲਕੇ ਦੇ ਉਹਨਾਂ ਕਿਸਾਨਾਂ, ਜਿਨ੍ਹਾਂ ਦੀ ਝੋਨੇ ਦੀ ਫ਼ਸਲ ਬਰਬਾਦ ਹੋ ਗਈ ਹੈ, ਨੂੰ ਘੱਟੋ-ਘੱਟ ਚਾਰ ਲੱਖ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਮੁਆਵਜ਼ਾ ਦਿੱਤਾ ਜਾਵੇ। ਐਨ.ਕੇ. ਸ਼ਰਮਾ ਨੇ ਡੇਰਾਬੱਸੀ ਦੇ ਪਿੰਡ ਕਕਰਾਲੀ, ਸੁੰਢਰਾ, ਅਮਲਾਲਾ, ਇਬ੍ਰਾਹੀਮਪੁਰ ਆਦਿ ਦਾ ਦੌਰਾ ਕਰਕੇ ਪ੍ਰਭਾਵਿਤ ਕਿਸਾਨਾਂ ਦੀਆਂ ਸਮੱਸਿਆਵਾਂ ਸੁਣੀਆਂ। ਕਿਸਾਨਾਂ ਨੇ ਦੱਸਿਆ ਕਿ ਕਈ ਥਾਵਾਂ 'ਤੇ ਝੋਨੇ ਦੀ ਫ਼ਸਲ ਤਿਆਰ ਸੀ ਪਰ ਹੁਣ ਖੇਤਾਂ ਵਿੱਚ ਤਿੰਨ ਤੋਂ ਚਾਰ ਫੁੱਟ ਤੱਕ ਰੇਤ ਇਕੱਠੀ ਹੋ ਗਈ ਹੈ। ਕਿਸਾਨਾਂ ਨੇ ਕਿਹਾ ਕਿ ਝੋਨੇ ਦੀ ਫ਼ਸਲ ਤਬਾਹ ਹੋ ਗਈ ਹੈ ਅਤੇ ਹੁਣ ਅਗਲੀ ਬਿਜਾਈ ਵੀ ਸੰਭਵ ਨਹੀਂ ਰਹੀ। ਇਸ ਮੌਕੇ ਤੇ ਐਨ.ਕੇ. ਸ਼ਰਮਾ ਨੇ ਪ੍ਰਭਾਵਿਤ ਕਿਸਾਨਾਂ ਨੂੰ 50 ਹਜ਼ਾਰ ਰੁਪਏ ਦੀ ਸਹਾਇਤਾ ਵੀ ਦਿੱਤੀ। ਉਨ੍ਹਾਂ ਦੇ ਨਾਲ ਅਕਾਲੀ ਨੇਤਾ ਰਜਿੰਦਰ ਸਿੰਘ ਈਸਾਪੁਰ, ਤਰਨਬੀਰ ਸਿੰਘ ਪੂਨੀਆ ਸਮੇਤ ਕਈ ਪ੍ਰਤਿਨਿਧੀ ਹਾਜ਼ਰ ਸਨ।



## ਹੜ੍ਹ ਪੀੜਤ ਕਿਸਾਨਾਂ ਨੂੰ ਮੁਆਵਜ਼ਾ ਸਵਾਗਤਯੋਗ ਪਰ ਮਜ਼ਦੂਰਾਂ ਨਾਲ ਵਿਤਕਰਾ ਕਿਉਂ : ਚੀਮਾ

**ਕਾਲਾ ਸੰਘਿਆਂ (ਮਨਜੀਤ ਮਾਨ)**- ਸ਼੍ਰੋਮਣੀ ਰੰਘਰੇਟਾ ਦਲ ਪੰਜਾਬ ਦੇ ਪ੍ਰਧਾਨ ਬਲਬੀਰ ਸਿੰਘ ਚੀਮਾ ਚੇਅਰਮੈਨ 11 ਨਿਹੰਗ ਸਿੰਘ ਜਥੇਬੰਦੀਆਂ ਭਾਰਤ ਨੇ ਪ੍ਰੈੱਸ ਦੇ ਨਾਂਅ ਇਕ ਲਿਖਤੀ ਬਿਆਨ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਲਈ ਫਸਲਾਂ ਦੇ ਹੋਏ ਨੁਕਸਾਨ ਦੀ ਭਰਪਾਈ ਲਈ ਪ੍ਰਤੀ ਏਕੜ 20 ਹਜਾਰ ਰੁਪਏ ਸੁਆਗਤ ਯੋਗ ਹੈ ਪਰ ਮਜ਼ਦੂਰ ਵਰਗ ਨਾਲ ਵਿਤਕਰਾ ਕਿਉਂ ਕੀਤਾ ਜਾ ਰਿਹਾ ਹੈ। ਇਹ ਗੱਲ ਉਹਨਾਂ ਦੀ ਸਮਝ ਤੋਂ ਬਾਹਰ ਹੈ, ਇਸ ਲਈ ਸਰਕਾਰ ਨੂੰ ਆਪਣੇ ਫੈਸਲੇ ਤੇ ਮੁੜ ਤੋਂ ਵਿਚਾਰ ਕਰਨਾ ਚਾਹੀਦਾ ਹੈ। ਚੀਮਾ ਨੇ ਕਿਹਾ ਕਿ ਹਾਲ ਹੀ ਵਿੱਚ ਜੋ ਪੰਜਾਬ ਵਿੱਚ ਹੜ੍ਹ ਆਏ ਹੋਏ ਹਨ ਉਹ ਬਹੁਤ ਵੱਡੀ ਤਰਾਸਦੀ ਹੈ ਤੇ ਲੋਕ ਇਸ ਕੁਦਰਤੀ ਆਫਤ ਨਾਲ ਵੱਡੀ ਪੱਧਰ 'ਤੇ ਜੂਝ ਰਹੇ ਹਨ । ਬਲਬੀਰ ਸਿੰਘ ਚੀਮਾ ਨੇ ਕਿਹਾ ਕਿ ਹੜ੍ਹਾ ਨਾਲ ਸਾਲ ਦੋ ਸਾਲ ਬਾਅਦ ਵੱਡੀ ਤਬਾਹੀ ਹੋ ਕੇ ਲੋਕ ਆਰਥਿਕ ਤੌਰ 'ਤੇ ਵੱਡੀ ਮਾਰ ਝਲਦੇ ਹਨ, ਇਸ ਲਈ ਸਰਕਾਰਾਂ ਨੂੰ ਕੋਈ ਪੱਕਾ ਹੱਲ ਕਰਨਾ ਚਾਹੀਦਾ ਹੈ ਜਾਂ ਫਿਰ ਵਧੇਰੇ ਪਾਣੀ ਛੱਡੇ ਜਾਣ ਦੀ ਕੋਈ ਯੋਜਨਾ ਪਹਿਲਾ ਉਲੀਕੀ ਜਾਣੀ ਚਾਹੀਦੀ ਹੈ। ਇਸ ਮੌਕੇ ਬੂਟਾ ਸਿੰਘ ਪੰਡੋਰੀ, ਕਸ਼ਮੀਰ ਸਿੰਘ ਭੁਲਥ, ਹਰਿ ਸਾਹਿਬ ਸਿੰਘ ਜੰਡਿਆਲਾ ਜਿਲਾ ਜਥੇਦਾਰ ਦਸ਼ਮੇਸ਼ ਤਰਨਾ ਦਲ, ਪੰਥ ਪ੍ਰੀਤ ਸਿੰਘ, ਯੂਥ ਆਗੂ ਜਸਪਿੰਦਰ ਸਿੰਘ ਚੀਮਾ, ਸੁਖਦੇਵ ਸਿੰਘ ਨਿੱਧੜਕ, ਸੁੱਚਾ ਸਿੰਘ ਸ਼ਾਹਪੁਰੀ ਤੇ ਰੇਸ਼ਮ ਸਿੰਘ ਆਦਿ ਹਾਜ਼ਰ ਸਨ।





## ਬੰਨ੍ਹ ਦੀ ਮਜ਼ਬੂਤੀ ਲਈ ਕੀਤੀ ਸੇਵਾ ਵਾਸਤੇ ਪਿੰਡ ਵਾਸੀਆਂ ਨੇ ਕੀਤਾ ਕਰਨਵੀਰ ਨੂੰ ਸਨਮਾਨਤ

**ਬਲਾਚੌਰ (ਜਸਵਿੰਦਰ ਬੈਂਸ)**- ਬਲਾਚੌਰ ਇਲਾਕੇ ਅੰਦਰ ਪੈਂਦਾ ਪਿੰਡ ਬੇਲਾ ਤਾਜੋਵਾਲ ਆਦਿ ਹੋਰ ਕਈ ਪਿੰਡਾਂ ਦੇ ਬੰਨ੍ਹਾ ਦੀ ਮਜਬੂਤੀ ਲਈ ਸਮੁੱਚੇ ਇਲਾਕਾ ਵਾਸੀਆਂ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਵਲੋ ਵੱਡੇ ਉਪਰਾਲੇ ਕੀਤੇ ਜਾ ਰਹੇ ਹਨ। ਉਸੇ ਲੜੀ ਤਹਿਤ ਸਭ ਤੋਂ ਵੱਡਾ ਸਹਿਯੋਗ ਯੂਥ ਆਗੂ ਕਰਨਵੀਰ ਕਟਾਰੀਆ ਵੱਲੋਂ ਆਪਨੀ ਟੀਮ ਨੂੰ ਨਾਲ ਲੈ ਕੇ ਪਿਛਲੇ ਕਈ ਦਿਨਾਂ ਤੋਂ ਬੰਨ੍ਹ ਦੀ ਮਜਬੂਤੀ ਲਈ ਲਗਾਤਾਰ ਸੇਵਾ ਕੀਤੀ। ਜਿਸ ਵਿੱਚ ਯੂਥ ਆਗੂ ਕਰਨਵੀਰ ਕਟਾਰੀਆ ਅਤੇ ਉਹਨਾਂ ਦੀ ਟੀਮ ਵਲੋਂ ਮਿੱਟੀ ਦੇ ਥੈਲੇ ਭਰ ਕੇ ਬੰਨ੍ਹ ਦੀ ਮਜਬੂਤੀ ਲਈ ਦਿਨ ਰਾਤ ਸੇਵਾ ਕੀਤੀ । ਜਾਲ ਅਤੇ ਬੰਨ ਬਣਾਉਣ ਦਾ ਕੰਮ ਠੇਕੇਦਾਰ ਦੁਆਰਾ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਮੌਕੇ ਬੇਲਾ ਤਾਜੋਵਾਲ ਅਤੇ ਸਮੂਹ ਸੰਗਤਾਂ ਵੱਲੋਂ ਯੂਥ ਆਗੂ ਕਰਨਵੀਰ ਕਟਾਰੀਆ ਨੂੰ ਸਨਮਾਨਿਤ ਕੀਤਾ ਗਿਆ। ਇਹੋ ਜਿਹੀ ਦੁੱਖ ਘੜੀ ਵਿਚ ਕਰਨਵੀਰ ਕਟਾਰੀਆ ਦੇ ਉਪਰਾਲੇ ਦੀ ਹਰ ਪਾਸੇ ਸ਼ਲਾਘਾ ਕੀਤੀ ਜਾ ਰਹੀ ਅਤੇ ਇਲਾਕੇ ਦੇ ਲੋਕਾਂ ਵਲੋਂ ਧੰਨਵਾਦ ਵੀ ਕੀਤਾ ਜਾ ਰਿਹਾ ਹੈ। ਇਸ ਮੌਕੇ ਤੇ ਯੂਥ ਆਗੂ ਕਰਨਵੀਰ ਕਟਾਰੀਆ ਦੀ ਟੀਮ ਵਿੱਚ ਸੇਵਾ ਕਰਨ ਦਾ ਇੱਕ ਵੱਖਰਾ ਜਜ਼ਬਾ ਦਿਖਾਈ ਦੇ ਰਿਹਾ ਹੈ।

## ਵਿਧਾਇਕ ਕੋਟਲੀ ਤੇ ਪ੍ਰਧਾਨ ਕਰਵਲ ਨੇ 115 ਘਰਾਂ ਲਈ ਜ਼ਰੂਰਤਮੰਦਾਂ ਨੂੰ ਮਨਜ਼ੂਰੀ ਪੱਤਰ ਸੌਂਪੇ

**ਆਦਮਪੁਰ (ਪਰਮਜੀਤ ਸਿੰਘ)**- ਨਗਰ ਕੌਂਸਲ ਦਫ਼ਤਰ ਵਿਖੇ ਆਦਮਪੁਰ ਹਲਕੇ ਦੇ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਅਤੇ ਨਗਰ ਕੌਂਸਲ ਦੇ ਪ੍ਰਧਾਨ ਦਰਸ਼ਨ ਸਿੰਘ ਕਰਵਲ ਦੀ ਅਗਵਾਈ ਹੇਠ ਤੇ ਸਾਰੇ ਕੌਂਸਲਰ ਦੀ ਹਾਜ਼ਰੀ ਵਿੱਚ ਪੀ.ਐਮ.ਏ.ਵਾਈ. ਸਕੀਮ ਤਹਿਤ 2.87 ਕਰੋੜ ਰੁਪਏ ਦੇ



ਜ਼ਰੂਰਤਮੰਦ ਲੋਕਾਂ ਲਈ ਬਣਾਏ ਜਾਣ ਵਾਲੇ 115 ਵਿਅਕਤੀਆਂ ਦੇ ਘਰਾਂ ਦੀ ਨਵੀਂ ਉਸਾਰੀ ਕਰਨ ਲਈ 2.5 ਲੱਖ ਰੁਪਏ ਪ੍ਰਤੀ ਘਰ ਅਲਾਟਮੈਂਟ ਪੱਤਰ ਜਾਰੀ ਕੀਤੇ ਗਏ। ਇਸ ਮੌਕੇ 'ਤੇ ਪੱਤਰ ਲੈਣ ਆਏ ਲਾਭਪਾਤਰੀਆਂ ਨੇ ਪ੍ਰਧਾਨ ਦਰਸ਼ਨ ਸਿੰਘ ਕਰਵਲ ਅਤੇ ਸਮੂਹ ਕੌਂਸਲਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਡੇ ਘਰ ਲੰਬੇ ਸਮੇਂ ਤੋਂ ਨਹੀਂ ਬਣੇ ਸਨ, ਪਰ ਉਨ੍ਹਾਂ ਨੇ ਪੂਰੇ ਯਤਨ ਕਰਕੇ ਸਰਵੇ ਦੇ ਅਨੁਸਾਰ ਸਾਰੀ ਕਾਗਜ਼ੀ ਕਾਰਵਾਈ ਪੂਰੀ ਕਰਵਾਈ ਅਤੇ ਸਾਨੂੰ ਅਲਾਟਮੈਂਟ ਪੱਤਰ ਜਾਰੀ ਕੀਤੇ ਗਏ। ਜਿੱਥੇ ਸ਼ਹਿਰ ਦੇ ਵਿਕਾਸ ਲਈ ਨਗਰ ਕੌਂਸਲ ਨੇ ਯਤਨ ਕੀਤੇ ਹਨ, ਉੱਥੇ ਸਾਡੇ 115 ਘਰ ਬਣ ਜਾਣ ਨਾਲ ਲੋੜਵੰਦਾਂ ਦੀ ਲੰਬੀ ਮੰਗ ਪੂਰੀ ਹੋ ਜਾਵੇਗੀ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪ੍ਰਧਾਨ ਦਰਸ਼ਨ ਸਿੰਘ ਕਰਵਲ ਨੇ ਕਿਹਾ ਕਿ ਮਕਾਨ ਸ਼ੁਰੂ ਕਰਨ ਲਈ ਤੁਰੰਤ 115 ਵਿਅਕਤੀਆਂ ਦੇ ਖਾਤਿਆਂ ਵਿੱਚ 50,000 ਪਾ ਦਿੱਤੇ ਜਾਣਗੇ। ਲੈਂਟਰ ਪੂਰਾ ਹੋਣ 'ਤੇ 1 ਲੱਖ ਅਦਾ ਕੀਤਾ ਜਾਵੇਗਾ ਅਤੇ ਬਾਕੀ ਰਹਿੰਦੀ ਰਕਮ ਕੰਮ ਪੂਰਾ ਹੋਣ 'ਤੇ ਤੁਰੰਤ ਅਦਾ ਕਰ ਦਿੱਤੀ ਜਾਵੇਗੀ। ਇਸ ਮੌਕੇ ਭੁਪਿੰਦਰ ਸਿੰਘ ਭਿੰਦਾ (ਕੌਂਸਲਰ), ਵੀਨਾ ਚੋਡਾ (ਸੀਨੀਅਰ ਵਾਇਸ ਪ੍ਰਧਾਨ ਨਗਰ ਕੌਂਸਲ ਆਦਮਪੁਰ, ਸੁਸ਼ਮਾ (ਕੌਂਸਲਰ), ਜੋਗਿੰਦਰ ਪਾਲ (ਕੌਂਸਲਰ), ਸੁਖਵਿੰਦਰ ਕੌਰ (ਕੌਂਸਲਰ), ਰਜਿੰਦਰ ਕੌਰ (ਕੌਂਸਲਰ), ਹਰਜਿੰਦਰ ਸਿੰਘ (ਕੌਂਸਲਰ), ਵਰੁਣ ਚੋਡਾ, ਰਾਜੇਸ਼ ਰਾਜੂ, ਕੈਪਟਨ ਗੁਰਮੀਤ ਸਿੰਘ, ਸੁਨੀਤਾ ਆਦਿ ਹਾਜ਼ਰ ਸਨ।

## ਮੁਫਤ ਮੈਡੀਕਲ ਕੈਂਪ ਲਗਾਇਆ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਹਕੂਮਤਪੁਰ ਵਿਖੇ ਡਾਕਟਰ ਪਰਵਿੰਦਰ ਸੂਦ ਐਸ ਜੀ ਆਰ ਹਸਪਤਾਲ ਕੋਟ ਫਤੂਹੀ ਵੱਲੋਂ ਹੜ੍ਹ ਪੀੜਤਾਂ ਲਈ ਮੁਫਤ ਮੈਡੀਕਲ ਕੈਂਪ ਲਗਾਇਆ ਗਿਆ।ਡਾਕਟਰ ਪਰਮਿੰਦਰ ਸੂਦ ਐਸ ਜੀ ਆਰ ਹਸਪਤਾਲ ਦੀ ਸਮੁੱਚੀ ਟੀਮ ਵੱਲੋਂ ਲੋੜਵੰਦ ਮਰੀਜ਼ਾਂ ਦਾ ਚੈੱਕਅਪ ਕਰਕੇ ਮੁਫਤ ਦਵਾਈਆਂ ਦਿੱਤੀਆਂ ਗਈਆਂ। ਇਸ ਮੌਕੇ ਡਾਕਟਰ ਪਰਮਿੰਦਰ ਸੂਦ ਐਸੀ ਆਰ ਹਸਪਤਾਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਦੱਸਿਆ ਕਿ ਹੜ ਆਉਣ ਕਾਰਨ ਪੰਜਾਬ ਦਾ ਬਹੁਤ ਨੁਕਸਾਨ ਹੋਇਆ ਹੈ। ਹਰ ਕੋਈ ਆਦਮੀ ਆਪਣੇ ਆਪਣੇ ਤਰੀਕੇ ਨਾਲ ਹੜ੍ਹ ਪੀੜਤਾਂ ਦੀ ਹਰ ਸੰਭਵ ਸਹਾਇਤਾ ਕਰ ਰਿਹਾ ਹੈ। ਇਸ ਮੌਕੇ ਰਾਮ ਪ੍ਰਕਾਸ਼ ਸੂਦ ਰੀਹਲਾ ਨੇ ਡਾਕਟਰ ਪਰਮਿੰਦਰ ਸੂਦ ਐੱਸ ਜੀ ਆਰ ਹਸਪਤਾਲ ਕੋਟ ਫਤੂਹੀ ਵੱਲੋਂ ਹੜ੍ਹ ਪੀੜਤਾਂ ਦੀ ਵੱਖ-ਵੱਖ ਪਿੰਡਾ ਵਿੱਚ ਜਾ ਕੇ ਲੋੜਵੰਦਾਂ ਸੇਵਾ ਦੀ ਸ਼ਲਾਘਾ ਕੀਤੀ।ਇਸ ਮੌਕੇ ਸ਼੍ਰੀ ਰਾਮ ਪ੍ਰਕਾਸ਼ ਸੂਦ ਰੀਹਲਾ, ਡਾਕਟਰ ਪਰਮਿੰਦਰ ਸੂਦ ਐੱਸ ਜੀ ਆਰ ਹਸਪਤਾਲ ਕੋਟ ਫਤੂਹੀ, ਡਾਕਟਰ ਗਗਨਦੀਪ ਸਿੰਘ ਗੋਪਾਲੀਆ, ਨੀਲਮ ਕੁਮਾਰ ਪਚਨੰਗਲਾ, ਡਾਕਟਰ ਭੁਪਿੰਦਰ ਕੁਮਾਰ ਕੋਟ ਫਤੂਹੀ ਆਦਿ ਹਾਜ਼ਰ ਸਨ।



12-SEP-PAGE-10.qxd 9/11/2025 10:47 PM Page 1



## ਹਾਈ ਰਿਸਕ ਏਰੀਏ 'ਚ ਲਾਰਵੀ ਸਾਈਡ ਸਪਰੇਅ ਕਰਵਾਈ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸਿਵਲ ਸਰਜਨ ਡਾਕਟਰ ਸੰਜੇ ਕਾਮਰਾ ਦੇ ਦਿਸ਼ਾ ਨਿਰਦੇਸ਼ ਜ਼ਿਲ੍ਹਾ ਐਪੀਡੈਮੋਲੋਜਿਸਟ ਡਾਕਟਰ ਉਪਾਸਨਾ ਬਿੰਦਰਾ ਤੇ ਡਾਕਟਰ ਰਮਨਦੀਪ ਕੌਰ, ਸੁਨਾਮ ਦੇ ਐੱਸ ਐੱਮ ਓ ਡਾਕਟਰ ਕਸ਼ਿਸ਼ ਅਗਰਵਾਲ ਦੀ ਅਗਵਾਈ ਵਿੱਚ ਸ਼ਹਿਰ ਵਿੱਚ ਵੱਖ-ਵੱਖ ਵਾਰਡਾਂ ਤੇ ਸਕੂਲਾਂ ਵਿੱਚ ਲਾਰਵੀ ਸਾਈਡ ਸਪਰੇ ਕਰਵਾਈ ਗਈ।ਇਸ ਮੌਕੇ ਸਰਕਾਰੀ ਹਸਪਤਾਲ ਸੁਨਾਮ ਦੀਆਂ ਟੀਮਾਂ ਵੱਲੋਂ ਘਰ ਘਰ ਜਾ ਕੇ ਡੇਂਗੂ ਦੇ ਲਾਰਵੇ ਦੀ ਚੈਕਿੰਗ ਕੀਤੀ ਗਈ ਅਤੇ ਡੇਂਗੂ ਬੁਖ਼ਾਰ ਬਾਰੇ ਜਾਣਕਾਰੀ ਦਿੱਤੀ ਗਈ।ਡਾਕਟਰ ਕਸ਼ਿਸ਼ ਅਗਰਵਾਲ ਨੇ ਦੱਸਿਆ ਕਿ ਡੇਂਗੂ ਦਾ ਮੱਛਰ ਸਾਫ ਖੜੇ ਹੋਏ ਪਾਣੀ ਵਿੱਚ ਪੈਦਾ ਹੁੰਦਾ ਹੈ, ਮੀਂਹ ਦੇ ਜ਼ਿਆਦਾ ਪੈਣ ਕਾਰਨ ਸ਼ਹਿਰ ਵਿੱਚ ਥਾਂ ਥਾਂ ਜਗ੍ਹਾ 'ਤੇ ਪਾਣੀ ਖੜਾ ਹੋਣ ਕਾਰਨ ਮੱਛਰ ਦੀ ਪੈਦਾਵਾਰ ਵਿੱਚ ਵਾਧਾ ਹੋ ਗਿਆ ਹੈ।ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਘਰ ਵਿੱਚ ਤੇ ਘਰ ਤੋਂ ਬਾਹਰ ਗਲੀਆਂ ਵਿੱਚ ਪਾਣੀ ਨਾ ਖੜਾ ਹੋਣ ਦਿੱਤਾ ਜਾਵੇ।ਇਸ ਮੌਕੇ ਪੂਰੀਆਂ ਬਾਹਾਂ ਦੇ ਕੱਪੜੇ ਪਾਉਣ ਅਤੇ ਕੂਲਰਾਂ ਨੂੰ ਚੰਗੀ ਤਰ੍ਹਾਂ ਸਾਫ਼ ਕਰਨ, ਬੁਖ਼ਾਰ ਹੋਣ 'ਤੇ ਨੇੜੇ ਦੇ ਸਰਕਾਰੀ ਹਸਪਤਾਲ ਜਾਂ ਮੁਹੱਲਾ ਕਲੀਨਿਕ ਤੋਂ ਹੀ ਦਵਾਈ ਲਈ ਜਾਵੇ।ਇਸ ਮੌਕੇ ਕੁਲਦੀਪ ਗਰਗ, ਜਗਸੀਰ ਸਿੰਘ, ਗੁਰਮੇਲ ਸਿੰਘ ਤੇ ਗੁਰਤੇਜ ਸਿੰਘ ਆਦਿ ਟੀਮ ਮੈਂਬਰ ਹਾਜ਼ਰ ਸਨ।

## ਰਾਹਤ ਪੈਕੇਜ ਦੇਣ ਲਈ ਰਾਣਾ ਸੋਢੀ ਵੱਲੋਂ ਪ੍ਰਧਾਨ ਮੰਤਰੀ ਦਾ ਧੰਨਵਾਦ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਭਾਰਤੀ ਜਨਤਾ ਪਾਰਟੀ ਭਾਜਪਾ ਦੇ ਕੇਂਦਰੀ ਕਾਰਜਕਾਰੀ ਮੈਂਬਰ ਤੇ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਡਾ. ਰਾਣਾ ਗੁਰਮੀਤ ਸਿੰਘ ਸੋਢੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਪੰਜਾਬ ਨੂੰ 1600 ਕਰੋੜ ਰੁਪਏ ਦੇ ਵਿਸ਼ੇਸ਼ ਰਾਹਤ ਪੈਕੇਜ ਦੀ ਘੋਸ਼ਣਾ ਕਰਨ 'ਤੇ ਦਿਲੋਂ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਪੈਕੇਜ ਪੰਜਾਬ ਪ੍ਰਤੀ ਪ੍ਰਧਾਨ ਮੰਤਰੀ ਮੋਦੀ ਦੇ ਖ਼ਾਸ ਸਨੇਹ ਤੇ ਸੰਵੇਦਨਸ਼ੀਲ ਸੋਚ ਦਾ ਸਪੱਸ਼ਟ ਪ੍ਰਮਾਣ ਹੈ। ਡਾ. ਸੋਢੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੇ ਨਾ ਸਿਰਫ਼ ਪੰਜਾਬ ਨੂੰ ਰਾਹਤ ਰਾਸ਼ੀ ਦਿੱਤੀ ਹੈ, ਬਲਕਿ ਖ਼ੁਦ ਰਾਜ ਦਾ ਦੌਰਾ ਕਰਕੇ ਹੜ੍ਹ ਪੀੜਤ ਇਲਾਕਿਆਂ ਦੀ ਸਥਿਤੀ ਦਾ ਜਾਇਜ਼ਾ ਵੀ ਲਿਆ। ਉਨ੍ਹਾਂ ਨੇ ਹਾਲਾਤਾਂ ਨੂੰ ਨੇੜੋਂ ਦੇਖ ਕੇ ਕਿਸਾਨਾਂ, ਮਜ਼ਦੂਰਾਂ ਤੇ ਆਮ ਲੋਕਾਂ ਦੇ ਦਰਦ ਨੂੰ ਸਮਝਿਆ ਤੇ ਫ਼ੌਰੀ ਤੌਰ 'ਤੇ ਸਹਾਇਤਾ ਰਾਸ਼ੀ ਦੀ ਘੋਸ਼ਣਾ ਕੀਤੀ। ਪ੍ਰਧਾਨ ਮੰਤਰੀ ਵੱਲੋਂ ਘੋਸ਼ਿਤ ਰਾਹਤ ਪੈਕੇਜ ਅੰਦਰ ਮ੍ਰਿਤਕਾਂ ਦੇ ਪਰਿਵਾਰਾਂ ਨੂੰ 2-2 ਲੱਖ ਰੁਪਏ ਦੀ ਆਰਥਿਕ ਸਹਾਇਤਾ ਅਤੇ ਜ਼ਖ਼ਮੀਆਂ ਨੂੰ 50-50 ਹਜ਼ਾਰ ਰੁਪਏ ਦੀ ਰਕਮ ਦੇਣ ਦਾ ਫ਼ੈਸਲਾ ਵੀ ਸ਼ਾਮਲ ਹੈ। ਡਾ. ਸੋਢੀ ਨੇ ਇਸ ਫ਼ੈਸਲੇ ਨੂੰ ਸਰਾਹਣਯੋਗ ਕਰਾਰ ਦਿੰਦਿਆਂ ਕਿਹਾ ਕਿ ਇਹ ਕਦਮ ਪੀੜਤ ਪਰਵਾਰਾਂ ਨੂੰ ਮੁਸ਼ਕਲ ਸਮੇਂ ਵਿੱਚ ਵੱਡਾ ਸਹਾਰਾ ਦੇਵੇਗਾ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਹਮੇਸ਼ਾ ਪੰਜਾਬ ਦੇ ਕਿਸਾਨਾਂ ਦੇ ਹਿੱਤਾਂ ਦੀ ਰੱਖਿਆ ਕਰਦੀ ਆਈ ਹੈ ਅਤੇ ਭਵਿੱਖ ਵਿੱਚ ਵੀ ਪੈਕੇਜ ਜਾਂ ਰਾਹਤ ਦੀ ਕੋਈ ਘਾਟ ਨਹੀਂ ਰਹਿਣ ਦਿੱਤੀ ਜਾਵੇਗੀ। ਪ੍ਰਧਾਨ ਮੰਤਰੀ ਮੋਦੀ ਦੀ ਇਸ ਹਮੇਸ਼ਾ ਕਿਸਾਨਾਂ ਤੇ ਗਰੀਬਾਂ ਦੀ ਭਲਾਈ ਨੂੰ ਕੇਂਦਰ ਵਿੱਚ ਰੱਖਦੀ ਹੈ। ਇਸੇ ਕਾਰਨ ਸੰਕਟ ਦੀ ਇਸ ਘੜੀ ਵਿੱਚ ਪੰਜਾਬ ਨੂੰ ਇੰਨਾ ਵੱਡਾ ਰਾਹਤ ਪੈਕੇਜ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜਦੋਂ ਵੀ ਪੰਜਾਬ ਸੰਕਟ ਵਿੱਚ ਰਿਹਾ ਹੈ, ਕੇਂਦਰ ਸਰਕਾਰ ਨੇ ਹਰ ਸੰਭਵ ਸਹਿਯੋਗ ਦਿੱਤਾ ਹੈ। ਹੜ੍ਹ ਪੀੜਤ ਲੋਕਾਂ ਦੀ ਮਦਦ ਲਈ ਇਹ ਪੈਕੇਜ ਰਾਹਤ ਕੰਮਾਂ ਨੂੰ ਤੇਜ਼ੀ ਦੇਵੇਗਾ ਤੇ ਪੁਨਰਵਾਸ ਪ੍ਰਕਿਰਿਆ ਨੂੰ ਮਜ਼ਬੂਤੀ ਮਿਲੇਗੀ। ਉਨ੍ਹਾਂ ਭਰੋਸਾ ਦਿਵਾਇਆ ਕਿ ਭਾਜਪਾ ਤੇ ਕੇਂਦਰ ਸਰਕਾਰ ਰਾਜ ਦੇ ਹਰ ਨਾਗਰਿਕ ਨਾਲ ਖੜੀ ਹੈ।

## 69ਵੀਆਂ ਜ਼ਿਲ੍ਹਾ ਸਕੂਲ ਖੇਡਾਂ ਦੇ ਦੂਸਰੇ ਦਿਨ ਹੋਏ ਦਿਲਚਸਪ ਮੁਕਾਬਲੇ



**ਪਟਿਆਲਾ (ਰਾਜਿੰਦਰ ਥਿੰਦ)**-ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਪਟਿਆਲਾ ਸੰਜੀਵ ਸ਼ਰਮਾ ਅਤੇ ਡਿਪ ਜ਼ਿਲ੍ਹਾ ਸਿੱਖਿਆ ਅਫ਼ਸਰ ਡਾ. ਰਵਿੰਦਰ ਪਾਲ ਸਿੰਘ ਦੇ ਦਿਸ਼ਾ ਨਿਰਦੇਸ਼ ਅਤੇ ਪ੍ਰਬੰਧਕ ਸਕੱਤਰ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਡਾ. ਦਲਜੀਤ ਸਿੰਘ ਤੇ ਰਸ਼ਮਨਦੀਪ ਕੌਰ ਦੀ ਯੋਗ ਅਗਵਾਈ ਅਤੇ ਸਕੱਤਰ ਜ਼ਿਲ੍ਹਾ ਟੂਰਨਾਮੈਂਟ ਕਮੇਟੀ ਦਲਜੀਤ ਸਿੰਘ ਭੁੱਲਰ ਦੇ ਤਾਲਮੇਲ ਨਾਲ 69ਵੀਆਂ ਜ਼ਿਲ੍ਹਾ ਸਕੂਲ ਖੇਡਾਂ ਕਰਵਾਈਆਂ ਜਾ ਰਹੀਆਂ ਹਨ।ਜ਼ਿਲ੍ਹਾ ਟੂਰਨਾਮੈਂਟ ਕਮੇਟੀ ਦੇ ਸਕੱਤਰ ਦਲਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਖੇਡਾਂ ਦਾ ਇਹ ਦੂਸਰਾ ਦਿਨ ਹੈ ਤੇ ਇਹ ਟੂਰਨਾਮੈਂਟ 24 ਸਤੰਬਰ ਤੱਕ ਕਰਵਾਇਆ ਜਾਵੇਗਾ। ਅੱਜ ਖੋ-ਖੋ ਦੇ ਅੰਡਰ 19 ਲੜਕੀਆਂ ਦੇ ਮੁਕਾਬਲਿਆਂ ਵਿੱਚ ਪਟਿਆਲਾ-3 ਨੇ ਭਾਦਸੋਂ ਜ਼ੋਨ ਨੂੰ, ਸਮਾਣਾ ਜ਼ੋਨ ਨੇ ਭੁੰਨਰਹੇੜੀ ਜ਼ੋਨ ਨੂੰ, ਪਟਿਆਲਾ 1 ਨੇ ਪਾਤੜਾਂ ਨੂੰ ਹਰਾਇਆ। ਅੰਡਰ 17 ਲੜਕੀਆਂ ਦੇ ਖੋ-ਖੋ ਦੇ ਮੁਕਾਬਲਿਆਂ ਵਿੱਚ ਸਮਾਣਾ ਜ਼ੋਨ ਨੇ ਭੁੰਨਰਹੇੜੀ ਨੂੰ, ਨਾਭਾ ਜ਼ੋਨ ਨੇ ਰਾਜਪੁਰਾ ਜ਼ੋਨ ਨੂੰ ਹਰਾਇਆ। ਅੰਡਰ 14 ਲੜਕੀਆਂ ਦੇ ਬੈਂਸਬਾਲ ਦੇ ਮੁਕਾਬਲਿਆਂ ਵਿੱਚ ਘਨੌਰ ਜ਼ੋਨ ਨੇ ਪਟਿਆਲਾ 3 ਨੂੰ ਹਰਾਇਆ। ਡਾ ਦਲਜੀਤ ਸਿੰਘ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਨੇ ਪੋਲੋ ਗਰਾਊਂਡ ਵਿਖੇ ਉਚੇਚੇ ਤੌਰ ਤੇ ਪਹੁੰਚ ਕੇ ਖਿਡਾਰੀਆਂ ਨੂੰ ਆਸ਼ੀਰਵਾਦ ਦਿੱਤਾ। ਪੀ. ਐਮ.ਸ੍ਰੀ ਸਰਕਾਰੀ ਕੋ ਐਡ ਮਲਟੀਪਰਪਜ਼ ਸੀਨੀਅਰ ਸੈਕੰਡਰੀ ਸਕੂਲ ਪਾਸੀ ਰੋਡ ਪਟਿਆਲਾ ਵਿਖੇ ਅੰਡਰ 14 ਲੜਕੀਆਂ ਦੇ ਕਬੱਡੀ ਨੈਸ਼ਨਲ ਸਟਾਈਲ ਮੁਕਾਬਲਿਆਂ ਵਿੱਚ ਪਾਤੜਾਂ ਜ਼ੋਨ ਨੇ ਭੁੰਨਰਹੇੜੀ ਜ਼ੋਨ ਨੂੰ ਤੇ ਪਟਿਆਲਾ 1 ਜ਼ੋਨ ਨੇ ਰਾਜਪੁਰਾ ਜ਼ੋਨ ਨੂੰ ਹਰਾਇਆ। ਅੰਡਰ 17 ਲੜਕੀਆਂ ਦੇ ਨੈਸ਼ਨਲ ਸਟਾਈਲ ਕਬੱਡੀ ਮੁਕਾਬਲਿਆਂ ਵਿੱਚ ਰਾਜਪੁਰਾ ਜ਼ੋਨ ਨੇ ਪਟਿਆਲਾ 2 ਨੂੰ ਹਰਾਇਆ।ਇਸ ਮੌਕੇ ਕੋਚ ਅਮਰਿੰਦਰ ਸਿੰਘ ਬਾਬਾ, ਸ਼ਸ਼ੀ ਮਾਨ, ਦਵਿੰਦਰ ਸਿੰਘ, ਤਰਸੇਮ ਸਿੰਘ, ਗੁਰਪ੍ਰੀਤ ਸਿੰਘ ਟਿਵਾਣਾ, ਬਲਵਿੰਦਰ ਸਿੰਘ ਜੱਸਲ, ਰਾਜਿੰਦਰ ਸੈਣੀ, ਬਲਜੀਤ ਸਿੰਘ ਧਾਰੋਂਕੀ, ਜਸਵਿੰਦਰ ਸਿੰਘ ਚੱਪੜ, ਭਰਪੂਰ ਸਿੰਘ, ਸੁਖਵੰਤ ਸਿੰਘ, ਗੁਰਪਿਆਰ ਸਿੰਘ, ਜਗਨੇਲ ਸਿੰਘ, ਕਮਲਦੀਪ ਸਿੰਘ ਕੰਗ, ਹਰਦੀਪ ਕੌਰ, ਪਰਮਿੰਦਰਜੀਤ ਕੌਰ, ਗੁਰਪ੍ਰੀਤ ਸਿੰਘ ਝੰਡਾ, ਕੁਲਵੰਤ ਸਿੰਘ,ਰਕੇਸ਼ ਕੁਮਾਰ ਲਚਕਾਨੀ, ਵਿਨੋਦ ਕੁਮਾਰ, ਰਾਜਿੰਦਰ ਸਿੰਘ ਚਾਨੀ, ਗੁਰਪ੍ਰੀਤ ਸਿੰਘ ਅਤੇ ਜਸਵਿੰਦਰ ਸਿੰਘ ਹਾਜ਼ਰ ਸਨ।

## ਸ੍ਰੀ ਸੈਨ ਭਗਤ ਦੇ ਪ੍ਰਕਾਸ਼ ਉਤਸਵ ਦਾ ਦਿੱਤਾ ਸੱਦਾ ਪੱਤਰ



**ਮੋਗਾ (ਇਕਬਾਲ ਸਿੰਘ ਖਹਿਰਾ)**-ਸੰਤ ਸ਼੍ਰੋਮਣੀ ਸ੍ਰੀ ਸੈਨ ਭਗਤ ਮਹਾਰਾਜਾ ਦਾ ਪ੍ਰਕਾਸ਼ ਉਤਸਵ ਅਤੇ ਭਾਈ ਦੂਜ ਮਨਾਉਣ ਲਈ ਟਰੱਸਟ ਸ੍ਰੀ ਸੈਨ ਭਗਤ ਮਹਾਰਾਜਾ ਵੱਲੋਂ ਬਾਘਾ ਪੁਰਾਣਾ ਰੋਡ ਮੋਗਾ ਵਿਖੇ ਸਥਿਤ ਸੈਨ ਭਵਨ ਵਿੱਚ ਬੜੇ ਸ਼ਰਧਾ ਨਾਲ 'ਤੇ 23 ਅਕਤੂਬਰ ਨੂੰ ਬੜੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।ਇਸ ਸਬੰਧੀ ਟਰੱਸਟ ਵੱਲੋਂ ਸ਼ਹਿਰ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸਮਾਗਮ ਵਿੱਚ ਪਹੁੰਚ ਕੇ ਹਾਜ਼ਰੀ ਲਵਾਉਣ ਲਈ ਸੱਦਾ ਪੱਤਰ ਦਿੱਤੇ ਜਾ ਰਹੇ ਹਨ, ਉਸੇ ਕੜੀ ਤਹਿਤ ਸ਼੍ਰੋਮਣੀ ਅਕਾਲੀ ਦਲ ਹਲਕਾ ਮੋਗਾ ਦੇ ਇੰਚਾਰਜ ਸੰਜੀਤ ਸਿੰਘ ਸੰਨੀ ਗਿੱਲ ਨੂੰ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰਨ ਲਈ ਸੱਦਾ ਪੱਤਰ ਦਿੱਤਾ ਗਿਆ।ਟਰੱਸਟ ਦੇ ਪ੍ਰਧਾਨ ਪਵਨ ਕੁਮਾਰ ਸੈਨ, ਸਤਵੀਰ ਸਿੰਘ ਨੋਨੀ, ਰਮੇਸ਼ ਡੋਹਨਾਮ, ਮਨਜੀਤ ਸਿੰਘ ਤੇ ਸਤਵਿੰਦਰ ਸਿੰਘ ਨੇ ਦੱਸਿਆ ਕਿ ਅੱਜ ਉਨ੍ਹਾਂ ਨੇ ਸੰਜੀਤ ਸਿੰਘ ਸੰਨੀ ਗਿੱਲ ਨੂੰ ਵਿਸ਼ੇਸ਼ ਮਹਿਮਾਨ ਵਜੋਂ ਸੱਦਾ ਪੱਤਰ ਦਿੱਤਾ ਹੈ ਤੇ ਸੰਜੀਤ ਸਿੰਘ ਸੰਨੀ ਗਿੱਲ ਵੱਲੋਂ ਵਿਸ਼ਵਾਸ ਦਿਵਾਇਆ ਗਿਆ ਕਿ ਉਹ ਸਮਾਗਮ ਵਿੱਚ ਪਹੁੰਚ ਕੇ ਜ਼ਰੂਰ ਹਾਜ਼ਰੀ ਲਵਾਉਣਗੇ।ਸੰਜੀਤ ਸਿੰਘ ਸੰਨੀ ਗਿੱਲ ਨੇ ਕਿਹਾ ਕਿ ਗੁਰੂ ਸਾਹਿਬਾਨ ਸੰਤਾਂ ਦੀ ਬਾਣੀ ਦੇ ਨਾਲ ਜੋੜਨ ਅਤੇ ਗੁਰਮਤਿ ਦਾ ਪ੍ਰਚਾਰ ਕਰਨ ਲਈ ਜੋ ਯਤਨ ਹੋ ਰਹੇ ਹਨ, ਉਹ ਸ਼ਲਾਘਾਯੋਗ ਹਨ।ਸੰਜੀਤ ਸਿੰਘ ਸੰਨੀ ਗਿੱਲ ਨੇ ਦੱਸਿਆ ਕਿ ਸਹਿਰ ਦੀਆਂ ਵੱਖ ਵੱਖ ਧਾਰਮਿਕ ਤੇ ਸਮਾਜਿਕ ਸੰਸਥਾਵਾਂ ਇਸ ਸਮਾਗਮ ਕਰਾਉਣੀਆਂ ਹਨ ਤਾਂ ਉਹ ਜ਼ਰੂਰ ਆਪਣੀ ਹਾਜ਼ਰੀ ਲਵਾਉਂਦੇ ਹਨ।

## ਪਾਣੀ ਨਾਲ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਾਅ ਲਈ ਸਿਹਤ ਵਿਭਾਗ ਤੱਤਪਰ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਦੇ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਸਿਹਤ ਵਿਭਾਗ ਵੱਲੋਂ ਸਿਵਲ ਸਰਜਨ ਡਾ. ਸੰਜੇ ਗੋਇਲ ਦੀ ਅਗਵਾਈ ਹੇਠ ਪਾਣੀ ਨਾਲ ਹੋਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਲਈ ਵਿਆਪਕ ਮੁਹਿੰਮ ਚਲਾਈ ਜਾ ਰਹੀ ਹੈ। ਜ਼ਿਲ੍ਹਾ ਐਪੀਡੈਮੋਲੋਜਿਸਟ ਡਾ. ਮੁਨੀਰ ਮੁਹੰਮਦ ਨੇ ਦੱਸਿਆ ਕਿ ਜ਼ਿਲ੍ਹੇ ਨੂੰ ਚਾਰ ਜ਼ੋਨਾਂ ਵਿੱਚ ਵੰਡ ਕੇ ਟੀਮਾਂ ਨਿਯੁਕਤ ਕੀਤੀਆਂ ਗਈਆਂ ਹਨ।ਸੀਨੀਅਰ ਮੈਡੀਕਲ ਅਫ਼ਸਰ (ਐਸ.ਡੀ.ਐਚ.) ਦੀ ਅਗਵਾਈ ਹੇਠ ਸ਼ਹਿਰੀ ਖੇਤਰ, ਐਸ.ਐਮ.ਓ. ਅਮਰਗੜ੍ਹ ਦੀ ਅਗਵਾਈ ਹੇਠ ਬਲਾਕ ਅਮਰਗੜ੍ਹ, ਐਸ.ਐਮ.ਓ. ਅਹਿਮਦਗੜ੍ਹ ਦੀ ਅਗਵਾਈ ਹੇਠ ਅਹਿਮਦਗੜ੍ਹ ਸ਼ਹਿਰ ਅਤੇ ਐਸ.ਐਮ.ਓ. ਪੰਜਗਰਾਈਆਂ ਦੀ ਅਗਵਾਈ ਹੇਠ ਪੇਂਡੂ ਖੇਤਰ ਵਿੱਚ ਲਗਾਤਾਰ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ।ਉਨ੍ਹਾਂ ਦੱਸਿਆ ਕਿ ਮਲਟੀਪਰਪਜ਼ ਹੈਲਥ ਵਰਕਰਾਂ ਦੀਆਂ ਟੀਮਾਂ ਜਿਨ੍ਹਾਂ ਥਾਵਾਂ 'ਤੇ ਪਾਣੀ ਖੜਾ ਹੈ, ਉੱਥੇ ਬਲੀਚ ਛੱਤਾਂ ਰਾਹੀਂ ਮੱਛਰ ਮਾਰੂ ਦਵਾਈਆਂ ਦਾ ਛਿੜਕਾਅ ਕਰ ਰਹੀਆਂ ਹਨ।ਇਸ ਤੋਂ ਇਲਾਵਾ ਵਾਟਰ ਸਪਲਾਈ ਵਿੱਚ ਪਾਣੀ ਦੇ ਸੈਂਪਲ ਭਰਨ ਦੀ ਪ੍ਰਕਿਰਿਆ ਵੀ ਲਗਾਤਾਰ ਜਾਰੀ ਹੈ।ਡਾ. ਮੁਨੀਰ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਬਰਸਾਤੀ ਮੌਸਮ ਵਿੱਚ ਆਪਣੇ ਘਰਾਂ ਜਾਂ ਆਸ-ਪਾਸ ਕਿਤੇ ਵੀ ਪਾਣੀ ਖੜਾ ਨਾ ਹੋਣ ਦਿੱਤਾ ਜਾਵੇ, ਜਿੱਥੇ ਪਾਣੀ ਖੜ੍ਹਾ ਹੋਵੇ, ਉੱਥੇ ਕਾਲਾ ਤੇਲ ਪਾਇਆ ਜਾ ਸਕਦਾ ਹੈ ਤਾਂ ਜੁ ਮੱਛਰ ਪੈਦਾ ਹੋਣ ਤੋਂ ਰੋਕਿਆ ਜਾ ਸਕੇ।ਉਨ੍ਹਾਂ ਕਿਹਾ ਕਿ ਵਾਧੂ ਬਰਤਨਾਂ, ਕੂਲਰਾਂ ਜਾਂ ਟੈਂਕੀਆਂ ਵਿੱਚੋਂ ਪਾਣੀ ਖਾਲੀ ਰੱਖਿਆ ਜਾਵੇ ਅਤੇ ਹਫ਼ਤੇ ਵਿੱਚ ਇੱਕ ਵਾਰ ਡਰਾਈ ਡੇਅ ਮਨਾਇਆ ਜਾਵੇ।ਉਨ੍ਹਾਂ ਕਿਹਾ ਕਿ ਮੱਛਰਾਂ ਤੋਂ ਬਚਾਅ ਲਈ ਪੂਰੇ ਸਰੀਰ ਨੂੰ ਢਕਣ ਵਾਲੇ ਕੱਪੜੇ ਪਹਿਨੇ ਜਾਣ ਅਤੇ ਨਾਲ-ਨਾਲ ਮੱਛਰ ਮਾਰੂ ਦਵਾਈਆਂ ਦੀ ਵਰਤੋਂ ਕਰਨੀ ਚਾਹੀਦੀ ਹੈ।

## ਪੰਜਾਬੀ ਟਾਈਪ ਤੇ ਸ਼ਾਰਟਹੈਂਡ 'ਚ ਦਾਖਲੇ ਲਈ 23 ਤੱਕ ਕੀਤਾ ਜਾ ਸਕਦਾ ਅਪਲਾਈ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਭਾਸ਼ਾ ਵਿਭਾਗ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਜ਼ਿਲ੍ਹਾ ਭਾਸ਼ਾ ਦਫ਼ਤਰ, ਪਟਿਆਲਾ ਵਿਖੇ ਪੰਜਾਬੀ ਸਟੈਨੋਗ੍ਰਾਫੀ ਦੀ ਪੰਜਾਬੀ ਟਾਈਪ ਤੇ ਸ਼ਾਰਟਹੈਂਡ ਲਈ ਆਮ ਸ਼੍ਰੇਣੀ ਦੀਆਂ ਖਾਲੀ ਰਹਿ ਗਈਆਂ ਸੀਟਾਂ ਭਰੀਆਂ ਜਾਣੀਆਂ ਹਨ।ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾ. ਮਨਜਿੰਦਰ ਸਿੰਘ, ਖੋਜ ਅਫ਼ਸਰ, ਪਟਿਆਲਾ ਨੇ ਕਿਹਾ ਕਿ ਸੈਸ਼ਨ 2025-26 ਲਈ ਮੁਢਲੀ ਸ਼੍ਰੇਣੀ (ਆਮ) ਦੇ ਦਾਖਲੇ ਦੀ ਪ੍ਰਕਿਰਿਆ 10 ਸਤੰਬਰ 2025 ਤੋਂ ਸ਼ੁਰੂ ਕੀਤੀ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਚਾਹਵਾਨ ਵਿਦਿਆਰਥੀ ਜ਼ਿਲ੍ਹਾ ਭਾਸ਼ਾ ਅਫ਼ਸਰ, ਪਟਿਆਲਾ ਤੋਂ ਦਸਤੀ ਫਾਰਮ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਲੈ ਸਕਦੇ ਹਨ। ਫਾਰਮ ਭਰਨ ਦੀ ਅੰਤਿਮ ਮਿਤੀ 23 ਸਤੰਬਰ ਹੈ ਅਤੇ ਇੰਟਰਵਿਊ ਦੀ ਮਿਤੀ 25 ਸਤੰਬਰ, 2025 ਹੈ। ਇਸ ਕੋਰਸ ਲਈ ਵਿਦਿਅਕ ਯੋਗਤਾ ਗ੍ਰੈਜੂਏਸ਼ਨ ਪਾਸ ਹੋਣਾ ਲਾਜ਼ਮੀ ਹੈ। ਇਸ ਸ਼੍ਰੇਣੀ ਵਿੱਚ ਦਾਖਲਾ ਲੈਣ ਦੇ ਚਾਹਵਾਨ ਉਮੀਦਵਾਰ ਜ਼ਿਲ੍ਹਾ ਭਾਸ਼ਾ ਦਫ਼ਤਰ, ਭਾਸ਼ਾ ਭਵਨ, ਸ਼ੇਰਾਂ ਵਾਲਾ ਗੇਟ, ਪਟਿਆਲਾ ਵਿਖੇ 23 ਸਤੰਬਰ ਤੱਕ ਆ ਕੇ ਫਾਰਮ ਭਰ ਸਕਦੇ ਹਨ। ਇਸ ਕੋਰਸ ਦਾ ਸਮਾਂ ਇੱਕ ਸਾਲ ਦਾ ਹੈ।

# ਬਰਸਟ ਵੱਲੋਂ ਹਲਕੇ ਦੀਆਂ ਲਿੰਕ ਸੜਕਾਂ ਦੀ ਉਸਾਰੀ ਦੇ ਕਾਰਜ ਸ਼ੁਰੂ



**ਸਮਾਣਾ (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਅੰਮ੍ਰਿਤਸਰ ਵਿਖੇ ਬੀਤੇ ਸਮੇਂ ਦੌਰਾਨ ਪੰਜਾਬ ਦੀਆਂ ਲਿੰਕ ਸੜਕਾਂ ਦੇ ਨਵੀਨੀਕਰਨ ਅਤੇ ਮੁਰੰਮਤ ਦੀ ਸ਼ੁਰੂਆਤ ਕੀਤੀ ਗਈ ਸੀ, ਜਿੱਥੇ ਗੁਰਮੀਤ ਸਿੰਘ ਖੁੱਡੀਆਂ ਖੇਤੀਬਾੜੀ ਮੰਤਰੀ, ਹਰਜਨ ਸਿੰਘ ਈ.ਟੀ.ਓ. ਲੋਕ ਨਿਰਮਾਣ ਵਿਭਾਗ ਮੰਤਰੀ, ਹਰਚੰਦ ਸਿੰਘ ਬਰਸਟ ਚੇਅਰਮੈਨ ਪੰਜਾਬ ਮੰਡੀ ਬੋਰਡ ਅਤੇ ਸੂਬਾ ਜਨਰਲ ਸਕੱਤਰ ਆਮ ਆਦਮੀ ਪਾਰਟੀ, ਪੰਜਾਬ ਵੀ ਮੌਜੂਦ ਰਹੇ। ਇਸੇ ਲੜੀ ਤਹਿਤ ਅੱਜ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਵੱਲੋਂ 1.73 ਕਰੋੜ ਰੁਪਏ ਦੀ ਲਾਗਤ ਵਾਲੀਆਂ ਵਿਧਾਨ ਸਭਾ ਹਲਕਾ ਸਮਾਣਾ ਅਧੀਨ ਪੈਂਦੀਆਂ ਵੱਖ-ਵੱਖ ਲਿੰਕ ਸੜਕਾਂ ਦੀ ਉਸਾਰੀ ਦੇ ਕਾਰਜਾਂ ਦੀ ਸ਼ੁਰੂਆਤ ਕੀਤੀ ਗਈ।ਹਰਚੰਦ ਸਿੰਘ ਬਰਸਟ ਵੱਲੋਂ ਪਿੰਡ ਸੈਂਸਰਵਾਲ ਤੇ ਖੇੜੀ ਮੱਲਾਂ ਵਿਚ ਬਜ਼ੁਰਗਾਂ ਨੂੰ ਮਾਣ ਦਿੰਦਿਆਂ ਨਿਰੰਜਨ ਸਿੰਘ ਰਾਹੀਂ ਪਟਿਆਲਾ ਸੰਗਰੂਰ ਰੋਡ ਤੋਂ ਖੇੜੀ ਮੱਲਾਂ ਤੇ ਤਰੌੜਾ ਕਲਾਂ ਲਿੰਕ ਰੋਡ ਦੀ ਉਸਾਰੀ ਦਾ ਰਿਬਨ ਕੱਟ ਕੇ ਸ਼ੁਰੂਆਤ ਕਰਵਾਈ ਗਈ। ਇਸ 4.66 ਕਿਲੋਮੀਟਰ ਲੰਬਾਈ ਵਾਲੀ ਸੜਕ ਲਗਭਗ 1.01 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਹੋਵੇਗੀ। ਇਸੇ ਤਰ੍ਹਾਂ ਪਿੰਡ ਰਣਬੀਰਪੁਰਾ (ਕੋਰਜੀਵਾਲ) ਵਿਖੇ ਬਜ਼ੁਰਗ ਗੁਰਮੁੱਖ ਸਿੰਘ ਵੱਲੋਂ ਪਟਿਆਲਾ ਨਾਭਾ ਰੋਡ ਤੋਂ ਪਟਿਆਲਾ ਸੰਗਰੂਰ ਰੋਡ ਵਾਇਆ ਰਣਬੀਰਪੁਰਾ ਜਾਣ ਵਾਲੀ 3 ਕਿਲੋਮੀਟਰ ਲੰਬੀ ਲਿੰਕ ਸੜਕ ਦੀ ਉਸਾਰੀ ਦੇ ਕੰਮ ਦਾ ਰਿਬਨ ਕੱਟਕੇ ਉਦਘਾਟਨ ਕੀਤਾ ਗਿਆ। ਇਹ ਸੜਕ ਲਗਭਗ 72.17 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਹੋਵੇਗੀ।ਇਸ ਮੌਕੇ ਬਰਸਟ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੀਆਂ ਪੇਂਡੂ ਲਿੰਕ ਸੜਕਾਂ ਦੇ ਨਵੀਨੀਕਰਨ ਅਤੇ ਨਿਰਮਾਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਬਰਸਟ ਨੇ ਦੱਸਿਆ ਕਿ ਮਾਰਕਿਟ ਕਮੇਟੀ, ਸਮਾਣਾ ਦੇ ਅਧੀਨ ਆਉਂਦੇ ਪਿੰਡਾਂ ਫਤਿਹਪੁਰ, ਕਾਕੜਾ, ਸ਼ਾਹਪੁਰ, ਗੱਜੂਮਾਜਰਾ ਅਤੇ ਮਾਰਕਿਟ ਕਮੇਟੀ, ਡਕਾਲਾ ਦੇ ਅਧੀਨ ਆਉਂਦੇ ਪਿੰਡਾਂ ਤਰੈਂ, ਮੱਦੋਮਾਜਰਾ, ਮੱਵੀ ਸੱਪਾਂ, ਧਨੌਰੀ, ਕਕਰਾਲਾ, ਬਠੋਈ ਕਲਾਂ, ਮੈਣ, ਕੱਲਰਭੈਣੀ, ਖੁਸਰੋਪੁਰ ਦੀਆਂ ਲਿੰਕ ਸੜਕਾਂ ਦਾ ਕੰਮ ਵੀ ਜਲਦ ਸ਼ੁਰੂ ਹੋਣ ਵਾਲਾ ਹੈ। ਇਸ ਮੌਕੇ ਨਿਰੰਜਨ ਸਿੰਘ ਸਾਬਕਾ ਬਲਾਕ ਸੰਮਤੀ ਮੈਂਬਰ, ਜਸਪਾਲ ਸਿੰਘ ਬਲਾਕ ਸੰਮਤੀ ਮੈਂਬਰ ਤੇ ਸਾਬਕਾ ਸਰਪੰਚ, ਹਰਿੰਦਰ ਸਿੰਘ ਧਬਲਾਨ, ਇੰਦਰਜੀਤ ਸਿੰਘ ਸਾਬਕਾ ਸਰਪੰਚ, ਲਖਬੀਰ ਸਿੰਘ ਸਾਬਕਾ ਸਰਪੰਚ, ਗਿੰਨੀ ਖੰਗੂੜਾ, ਮੋਦੀ ਸਿੰਘ, ਓਂਕਾਰ ਸਿੰਘ, ਬਲਕਾਰ ਸਿੰਘ, ਹਰਬੰਸ ਸਿੰਘ, ਰਾਣਾ ਸਿੰਘ, ਅਮਰਿੰਦਰ ਸਿੰਘ, ਕੁਲਬੀਰ ਸਿੰਘ, ਰਣਜੀਤ ਸਿੰਘ ਕੋਰਜੀਵਾਲ, ਮੰਡੀ ਬੋਰਡ ਦੇ ਅਧਿਕਾਰੀ ਅਤੇ ਸਮੂਹ ਇਲਾਕਾ ਨਿਵਾਸੀ ਮੌਜੂਦ ਰਹੇ।

## ਭ੍ਰਿਸ਼ਟਾਚਾਰ ਵਿਰੋਧੀ ਫਰੰਟ ਨੇ ਸ਼ਹਿਰ ਦੀਆਂ ਸਮੱਸਿਆਵਾਂ ਦਾ ਲਿਆ ਨੋਟਿਸ



**ਸਮਰਾਲਾ (ਸੁਰਜੀਤ ਸਿੰਘ)**-ਭ੍ਰਿਸ਼ਟਾਚਾਰ ਵਿਰੋਧੀ ਫਰੰਟ ਸਮਰਾਲਾ ਦੀ ਮਾਸਿਕ ਮੀਟਿੰਗ ਸਰਪ੍ਰਸਤ ਕਮਾਂਡੈਂਟ ਰਸਪਾਲ ਸਿੰਘ ਤੇ ਪ੍ਰਧਾਨ ਅਮਰਜੀਤ ਸਿੰਘ ਬਾਲਿਓਂ ਦੀ ਪ੍ਰਧਾਨਗੀ ਹੇਠ ਸਥਾਨਕ 'ਬਾਗੀ ਭਵਨ' ਵਿਖੇ ਹੋਈ।ਮੀਟਿੰਗ ਵਿੱਚ ਕਾਮਰੇਡ ਜਗਜੀਤ ਸਿੰਘ ਬਾਗੀ ਦੇ ਦਾਮਾਦ ਦਵਿੰਦਰ ਸਿੰਘ ਜਟਾਣਾ ਵਿਸ਼ੇਸ਼ ਤੌਰ 'ਤੇ ਰੋਪੜ ਤੋਂ ਪੁੱਜੇ।ਮੀਟਿੰਗ ਦੌਰਾਨ ਬੁਲਾਰਿਆਂ ਨੇ ਸ਼ਹਿਰ ਦੀਆਂ ਸਮੱਸਿਆਵਾਂ ਦਾ ਗਭੀਰ ਨੋਟਿਸ ਲੈਂਦਿਆਂ ਸਥਾਨਕ ਪ੍ਰਸ਼ਾਸਨ ਦੀ ਸਖ਼ਤ ਨੁਕਤਾਚੀਨੀ ਕੀਤੀ।ਉਨ੍ਹਾਂ ਕਿਹਾ ਕਿ ਇੱਥੋਂ ਦੇ ਸਮਰਾਲਾ ਪ੍ਰਸ਼ਾਸਨ ਤੇ ਨਗਰ ਕੌਂਸਲ ਦੀ ਕਾਰਗੁਜ਼ਾਰੀ ਕਾਫੀ ਮਾੜੀ ਹੈ।ਸ਼ਹਿਰ ਦੀਆਂ ਪ੍ਰਮੁੱਖ ਸਮੱਸਿਆਵਾਂ ਜਿਨ੍ਹਾਂ ਵਿੱਚ ਟ੍ਰੈਫਿਕ ਦੀ ਸਮੱਸਿਆ, ਸਮਰਾਲਾ ਖੰਨਾ ਤੇ ਮਾਛੀਵਾੜਾ ਰੋਡ ਦੀ ਮਾੜੀ ਹਾਲਤ, ਮੇਨ ਚੌਂਕ ਵਿੱਚ ਪਏ ਵੱਡੇ ਟੋਏ, ਦੁਕਾਨਦਾਰਾਂ ਵੱਲੋਂ ਬਜ਼ਾਰ ਵਿੱਚ ਕੀਤੇ ਨਜਾਇਜ਼ ਕਜ਼ਜੇ, ਸਮਰਾਲਾ ਦੇ ਐੱਸ. ਡੀ. ਐੱਮ. ਦਫਤਰ ਅੱਗੇ ਖੜ੍ਹਦਾ ਮੀਂਹ ਦਾ ਪਾਣੀ, ਕਚਹਿਰੀਆਂ ਮੁੱਖ ਗੇਟ ਤੇ ਐੱਸ. ਡੀ. ਐੱਮ. ਦਫਤਰ ਤੇ ਕਚਹਿਰੀਆਂ ਦੀਆਂ ਕੰਧਾਂ ਨਾਲ ਉੱਗਿਆ ਵੱਡਾ ਵੱਡਾ ਘਾਹ, ਨਗਰ ਕੌਂਸਲ ਵੱਲੋਂ ਬਜ਼ਾਰ ਵਿੱਚੋਂ ਨਜਾਇਜ਼ ਕਬਜ਼ੇ ਛੁਡਾਉਣ ਲਈ ਕੀਤੀ ਜਾਂਦੀ ਖਾਨਾਪੂਰਤੀ ਮਜ਼ਾਕ ਬਣ ਕੇ ਰਹਿ ਗਈ ਹੈ।ਉਪਰੋਕਤ ਵਿਚਾਰ ਚਰਚਾ 'ਤੇ ਪ੍ਰਧਾਨ ਅਮਰਜੀਤ ਸਿੰਘ ਬਾਲਿਓਂ ਨੇ ਕਿਹਾ ਕਿ ਇਸ ਮੌਕੇ ਪੂਰੇ ਪੰਜਾਬ ਵਿੱਚ ਕਥਿਤ ਅਸਥਿਰਤਾ ਵਾਲਾ ਮਾਹੌਲ ਬਣਿਆ ਹੋਇਆ ਹੈ।ਉਨ੍ਹਾਂ ਦੋਸ਼ ਲਾਇਆ ਕਿ ਅਫਸਰਸ਼ਾਹੀ ਕਮਰਿਆਂ ਵਿੱਚੋਂ ਬਾਹਰ ਨਹੀਂ ਨਿਕਲਦੀ, ਅਧਿਕਾਰੀ ਤੇ ਮੁਲਾਜ਼ਮ ਕਿਸੇ ਦੀ ਸੁਣਦੇ ਨਹੀਂ।ਲੋਕਾਂ ਦੇ ਚੁਣੇ ਨੁਮਾਇੰਦੇ ਆਪਣਾ ਵੋਟ ਬੈਂਕ ਟੁੱਟਣ ਦੇ ਡਰੋਂ ਤੇ ਆਪਣੀ ਕੁਰਸੀ ਬਚਾਉਣ ਲਈ ਘੇਸਲ ਵੱਟੀ ਬੈਠੇ ਹਨ।ਸਮਰਾਲਾ ਸ਼ਹਿਰ ਨਿਵਾਸੀ ਨਰਕ ਭੋਗਣ ਲਈ ਮਜਬੂਰ ਹਨ।ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਹੱਕਾਂ ਦੀ ਅਵਾਜ਼ ਬੁਲੰਦ ਕਰਨ ਲਈ ਸੰਘਰਸ਼ ਦਾ ਰਾਹ ਅਪਣਾਉਣ।ਉਨ੍ਹਾਂ ਕਿਹਾ ਕਿ ਇਸ ਸਬੰਧੀ ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ, ਐੱਸ. ਡੀ. ਐੱਮ. ਸਮਰਾਲਾ, ਪ੍ਰਧਾਨ ਨਗਰ ਕੌਂਸਲ ਨਾਲ ਜਲਦੀ ਮੁਲਾਕਾਤ ਕੀਤੀ ਜਾਵੇਗੀ।ਮੀਟਿੰਗ ਵਿੱਚ ਫਰੰਟ ਦੇ ਸਰਗਰਮ ਮੈਂਬਰ ਹਜ਼ਾਰ ਰਹੇ।

## ਭਾਰਤੀਯ ਅੰਬੇਡਕਰ ਮਿਸ਼ਨ ਦੇ ਵਿਆਹ ਸਮਾਗਮ 'ਚ ਬਦਲਾਅ



**ਸੰਗਰੂਰ (ਪ੍ਰਵੀਨ ਸਿੰਘ)**-ਦੇਸ਼ ਦੀ ਪ੍ਰਸਿੱਧ ਤੇ ਸਰਗਰਮ ਸਮਾਜਿਕ ਜਥੇਬੰਦੀ ਭਾਰਤੀਯ ਅੰਬੇਡਕਰ ਮਿਸ਼ਨ ਭਾਰਤ ਵੱਲੋਂ ਇੱਕ ਹੋਰ ਚੰਗਾ ਉਪਰਾਲਾ ਕਰਦਿਆਂ ਭਗਵਾਨ ਵਾਲਮੀਕਿ ਪ੍ਰਗਟ ਦਿਵਸ ਦੇ ਮੌਕੇ ਜੋ 7 ਅਕਤੂਬਰ ਨੂੰ ਲੋੜਵੰਦ ਪਰਵਾਰਾਂ ਦੀਆਂ ਲੜਕੀਆਂ ਦੇ ਵਿਆਹ ਕਰਵਾਉਣ ਦਾ ਫੈਸਲਾ ਕੀਤਾ ਗਿਆ ਸੀ ਉਸ ਵਿੱਚ ਥੋੜ੍ਹਾ ਬਦਲਾਅ ਕਰਦਿਆਂ ਹੁਣ ਇਹ ਵਿਆਹ ਸਮਾਗਮ 7 ਅਕਤੂਬਰ ਦੀ ਜਗ੍ਹਾ 9 ਅਕਤੂਬਰ ਨੂੰ ਹੋਵੇਗਾ।ਇਸ ਸਬੰਧੀ ਜਾਣਕਾਰੀ ਦਿੰਦਿਆਂ ਮਿਸ਼ਨ ਦੇ ਕੌਮੀ ਪ੍ਰਧਾਨ ਦਰਸ਼ਨ ਸਿੰਘ ਕਾਂਗੜਾ ਨੇ ਕਿਹਾ ਕਿ ਮਿਸ਼ਨ ਵੱਲੋਂ ਪਿਛਲੇ 27 ਸਾਲਾਂ ਤੋਂ ਪੰਜਾਬ ਸਣੇ ਦੇਸ਼ ਦੇ ਹੋਰ ਵੱਖ ਵੱਖ ਸੂਬਿਆਂ ਅੰਦਰ ਹਰ ਪੱਧਰ ਤੋਂ ਉੱਪਰ ਉੱਠ ਕੇ ਸਮਾਜ ਸੇਵਾ ਦੇ ਕਾਰਜ ਕੀਤੇ ਜਾ ਰਹੇ ਹਨ ਉਨ੍ਹਾਂ ਕਿਹਾ ਕਿ ਮਿਸ਼ਨ ਵੱਲੋਂ ਇਸ ਤੋਂ ਪਹਿਲਾਂ ਵੀ 17 ਲੋੜਵੰਦ ਲੜਕੀਆਂ ਦੇ ਵਿਆਹ ਮੌਕੇ ਹਰ ਤਰ੍ਹਾਂ ਨਾਲ ਮਦਦ ਕੀਤੀ ਗਈ ਹੈ।ਉਸੇ ਲੜੀ ਤਹਿਤ ਹੀ 7 ਅਕਤੂਬਰ ਨੂੰ ਭਗਵਾਨ ਵਾਲਮੀਕਿ ਪ੍ਰਗਟ ਦਿਵਸ ਦੇ ਮੌਕੇ ਲੋੜਵੰਦ ਲੜਕੀਆਂ ਦੇ ਵਿਆਹ ਕਰਵਾਏ ਜਾਣੇ ਸੀ ਉਸ ਵਿੱਚ ਮਿਸ਼ਨ ਵੱਲੋਂ ਕੁੱਝ ਬਦਲਾਅ ਕੀਤਾ ਗਿਆ ਹੈ। ਜੋ ਹੁਣ ਇਹ ਵਿਆਹ ਸਮਾਗਮ 7 ਅਕਤੂਬਰ ਦੀ ਜਗ੍ਹਾ 9 ਅਕਤੂਬਰ ਨੂੰ ਜੇ. ਜੀ ਪੈਲੇਸ ਪਟਿਆਲਾ ਗੇਟ ਸੰਗਰੂਰ ਵਿਖੇ ਕਰਵਾਇਆ ਜਾਵੇਗਾ। ਦਰਸ਼ਨ ਕਾਂਗੜਾ ਨੇ ਕਿਹਾ ਕਿ ਲੜਕੀ ਕਿਸੇ ਵੀ ਵਰਗ ਨਾਲ ਸਬੰਧਤ ਹੋ ਸਕਦੀ ਹੈ ਅਤੇ ਕੋਈ ਜਾਤੀ ਬੰਧਨ ਨਹੀਂ ਹੈ। ਕੌਮੀ ਪ੍ਰਧਾਨ ਨੇ ਇਹ ਵੀ ਕਿਹਾ ਕਿ ਲੜਕੀ ਦੇ ਪਰਵਾਰ ਵੱਲੋਂ ਲੜਕੀ ਦਾ ਰਿਸ਼ਤਾ ਖੁਦ ਹੀ ਤਹਿ ਕੀਤਾ ਜਾਵੇਗਾ, ਮਿਸ਼ਨ ਵੱਲੋਂ ਸਿਰਫ਼ ਵਿਆਹ ਤੇ ਆਉਣ ਵਾਲਾ ਖ਼ਰਚਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਲੋੜਵੰਦ ਪਰਵਾਰ ਲੜਕੀਆਂ ਦੇ ਵਿਆਹ ਲਈ 25 ਸਤੰਬਰ ਤੱਕ ਅਤੇ ਇਸ ਨੇਕ ਕਾਰਜ ਵਿੱਚ ਹਰ ਪੱਖੋਂ ਆਪਣਾ ਯੋਗਦਾਨ ਪਾਉਣ ਲਈ ਦਾਨੀ ਸੱਜਣ ਵੀ ਮਿਸ਼ਨ ਦੇ ਕਿਸੇ ਵੀ ਸਾਥੀ ਨਾਲ ਜਾ ਮੋਬਾਇਲ ਨੰਬਰ 94784-86000,91154-60789,92168-00926 ਅਤੇ 73476-48952 'ਤੇ ਸੰਪਰਕ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ 25 ਸਤੰਬਰ ਤੋਂ ਬਾਅਦ ਕਿਸੇ ਵੀ ਪਰਿਵਾਰ ਦੀ ਲੜਕੀ ਦਾ ਨਾਮ ਇਸ ਵਿਆਹ ਸਮਾਗਮ ਵਿੱਚ ਸ਼ਾਮਲ ਨਹੀਂ ਕੀਤਾ ਜਾਵੇਗਾ। ਇਸ ਮੌਕੇ ਦਰਸ਼ਨ ਕਾਂਗੜਾ ਨਾਲ ਮੁਕੇਸ਼ ਰਤਨਾਕਰ ਸੂਬਾ ਪ੍ਰਧਾਨ, ਮੈਡਮ ਪਰਮਜੀਤ ਕੌਰ ਗੁੰਮਟੀ ਸੂਬਾ ਪ੍ਰਧਾਨ ਮਹਿਲਾ ਵਿੰਗ, ਰਜਨੀਸ਼ ਕੁਮਾਰ ਭੀਖੀ ਸੂਬਾ ਪ੍ਰਧਾਨ ਯੂਥ ਵਿੰਗ, ਜਗਸੀਰ ਸਿੰਘ ਖੈੜੀਚੰਦਵ ਕੌਮੀ ਜਨਰਲ ਸਕੱਤਰ, ਡਾ ਗੁਰਦੀਪ ਸਿੰਘ ਬਿੱਟੂ ਜ਼ਿਲ੍ਹਾ ਪ੍ਰਧਾਨ, ਮਨੋਜ ਕੁਮਾਰ ਜ਼ਿਲ੍ਹਾ ਪ੍ਰਧਾਨ ਯੂਥ ਵਿੰਗ ਸਣੇ ਹੋਰ ਵੀ ਆਗੂ ਹਾਜ਼ਰ ਸਨ।

## ਪੇਂਡੂ ਵਿਕਾਸ ਕੇਂਦਰ ਤੋਂ ਸਿਖਲਾਈ ਪ੍ਰਾਪਤ 32 ਸਿਖਿਆਰਥੀਆਂ ਨੂੰ ਮਿਲਿਆ ਰੋਜ਼ਗਾਰ

**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪੰਜਾਬ ਹੁਨਰ ਵਿਕਾਸ ਮਿਸ਼ਨ ਤਹਿਤ ਵੱਖ-ਵੱਖ ਖੇਤਰਾਂ ਵਿੱਚ ਪ੍ਰਾਰਥੀਆਂ ਨੂੰ ਹੁਨਰ ਸਿਖਲਾਈ ਪ੍ਰਦਾਨ ਕੀਤੀ ਜਾਂਦੀ ਹੈ। ਇਹ ਸਿਖਲਾਈ ਪ੍ਰੋਗਰਾਮ, ਸਮੇਂ ਦੀਆਂ ਜ਼ਰੂਰਤਾਂ ਦੇ ਆਧਾਰ 'ਤੇ ਉਲੀਕੇ ਜਾਂਦੇ ਹਨ ਤਾਂ ਜੋ ਲੋੜਵੰਦ ਸਿਖਿਆਰਥੀ ਕਿੱਤਾਮੁਖੀ ਸਿਖਲਾਈ ਹਾਸਲ ਕਰਕੇ ਸਵੈ ਰੋਜ਼ਗਾਰ ਦੇ ਸਮਰੱਥ ਬਣ ਸਕਣ।ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਿਖਲਾਈ ਪ੍ਰੋਗਰਾਮ ਚੱਲਦੇ ਰਹਿੰਦੇ ਹਨ ਅਤੇ ਅਜਿਹੇ ਹੀ ਇੱਕ ਸਰਟੀਫਿਕੇਟ ਕੋਰਸ ਦੇ ਤਹਿਤ ਮੌਜੂਦਾ ਵਿੱਤੀ ਵਰ੍ਹੇ ਅੰਦਰ 488 ਮਹਿਲਾਵਾਂ ਨੂੰ ਫਾਸਟ ਫੂਡ ਤਿਆਰ ਕਰਨ ਅਤੇ ਪੈਕਿੰਗ ਕਰਨ ਦੀ ਸਿਖਲਾਈ ਪ੍ਰਦਾਨ ਕੀਤੀ ਗਈ ਹੈ।ਪੰਜਾਬ ਹੁਨਰ ਵਿਕਾਸ ਮਿਸ਼ਨ ਦੇ ਜ਼ਿਲ੍ਹਾ ਮੈਨੇਜਰ ਮੁਕੇਸ਼ ਕੁਮਾਰ ਨੇ ਦੱਸਿਆ ਕਿ ਇਸ ਪ੍ਰੋਜੈਕਟ ਦੀ ਨਿਗਰਾਨੀ ਵਧੀਕ ਡਿਪਟੀ ਕਮਿਸ਼ਨਰ ਹਰਪ੍ਰੀਤ ਸਿੰਘ ਵੱਲੋਂ ਕੀਤੀ ਜਾ ਰਹੀ ਹੈ ਅਤੇ ਉਨ੍ਹਾਂ ਦੱਸਿਆ ਕਿ ਪੰਦਰਾਂ ਰੋਜ਼ਾ ਸਿਖਲਾਈ ਸੈਸ਼ਨ ਦੌਰਾਨ ਮਹਿਲਾਵਾਂ ਨੂੰ ਫਾਸਟ ਫੂਡ ਬਣਾਉਣ ਦੀ ਪ੍ਰਕਿਰਿਆ, ਸਾਫ਼ ਸਫਾਈ ਰੱਖਣ, ਮਾਪਦੰਡਾਂ ਦਾ ਧਿਆਨ ਰੱਖਣ, ਭੋਜਨ ਪਦਾਰਥਾਂ ਦੀ ਗੁਣਵੱਤਾ ਆਦਿ ਬਾਰੇ ਮਾਹਿਰਾਂ ਨੇ ਜਾਣੂ ਕਰਵਾਇਆ ਤਾਂ ਜੋ ਸਵੈ ਰੋਜ਼ਗਾਰ ਵਜੋਂ ਇਹ ਕਿੱਤਾ ਅਪਨਾਉਣ ਵਾਲਿਆਂ ਦਾ ਕਾਰੋਬਾਰ ਵਧੀਆ ਚੱਲ ਸਕੇ। ਜ਼ਿਲ੍ਹਾ ਮੈਨੇਜਰ ਮੁਕੇਸ਼ ਕੁਮਾਰ ਨੇ ਦੱਸਿਆ ਕਿ ਇਸ ਤੋਂ ਇਲਾਵਾ ਪੰਜਾਬ ਹੁਨਰ ਵਿਕਾਸ ਯੋਜਨਾ ਤਹਿਤ ਵੀ ਸਿਖਲਾਈ ਪ੍ਰੋਗਰਾਮ ਕਰਵਾਇਆ ਗਿਆ ਜਿਸ ਤਹਿਤ ਕਸਟਮਰ ਕੇਅਰ ਐਗਜੀਕਿਊਟਿਵ ਕੋਰਸ ਵਿੱਚ 38 ਸਿਖਿਆਰਥੀਆਂ ਨੇ ਹਿੱਸਾ ਲਿਆ। ਉਨ੍ਹਾਂ ਦੱਸਿਆ ਕਿ ਸਿਖਲਾਈ ਦੇ ਸਹਿਯੋਗੀ ਡਾ.ਆਈ.ਟੀ.ਐਮ ਬਨੂੜ ਨੇ ਪਾਸ ਹੋਏ 32 ਸਿਖਿਆਰਥੀਆਂ ਨੂੰ ਰੋਜ਼ਗਾਰ ਪ੍ਰਦਾਨ ਕੀਤਾ ਹੈ ਅਤੇ ਇਹ ਪ੍ਰੋਗਰਾਮ ਵੀ ਰੋਜ਼ਗਾਰ ਦਰ ਨੂੰ ਵਧਾਉਣ ਵਿੱਚ ਲਾਹੇਵੰਦ ਸਾਬਤ ਹੋ ਰਿਹਾ ਹੈ।

## ਪੰਜਾਬੀ ਯੂਨੀਵਰਸਿਟੀ ਵਿਖੇ ਇਕੱਠੀ ਕੀਤੀ ਸਮੱਗਰੀ ਹੜ੍ਹ ਪ੍ਰਭਾਵਤ ਇਲਾਕਿਆਂ 'ਚ ਪਹੁੰਚਾਈ




**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬੀ ਯੂਨੀਵਰਸਿਟੀ ਦੇ ਐੱਨ. ਐੱਸ. ਐੱਸ. ਵਿਭਾਗ ਵੱਲੋਂ ਹੜ੍ਹ-ਪੀੜਿਤਾਂ ਲਈ ਇਕੱਠੀ ਕੀਤੀ ਗਈ ਸਮੱਗਰੀ ਨੂੰ ਅੱਜ ਘਨੌਰ ਇਲਾਕੇ ਦੇ ਹੜ੍ਹ ਪ੍ਰਭਾਵਤ ਪਿੰਡਾਂ ਵਿੱਚ ਭੇਜਿਆ ਗਿਆ। ਯੂਨੀਵਰਸਿਟੀ ਤੋਂ ਬੱਸ ਰਾਹੀਂ ਇਹ ਸਮੱਗਰੀ ਪਹੁੰਚਾਈ ਗਈ। ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਗੁਰੂ ਗੋਬਿੰਦ ਸਿੰਘ ਭਵਨ ਤੋਂ ਇਸ ਬੱਸ ਨੂੰ ਹਰੀ ਝੰਡੀ ਵਿਖਾ ਕੇ ਰਵਾਨਾ ਕੀਤਾ।ਡਾ. ਜਗਦੀਪ ਸਿੰਘ ਨੇ ਇਸ ਬਾਰੇ ਗੱਲ ਕਰਦਿਆਂ ਐੱਨ. ਐੱਸ. ਐੱਸ. ਦੇ ਇਸ ਕਦਮ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿਹਾ ਕਿ ਯੂਨੀਵਰਸਿਟੀ ਵੱਲੋਂ ਹੜ੍ਹ-ਪੀੜਤਾਂ ਦੀ ਮਦਦ ਲਈ ਹਰ-ਸੰਭਵ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਹੜ੍ਹ ਦੇ ਪਾਣੀ ਉੱਤਰ ਜਾਣ ਉਪਰੰਤ ਪੈਦਾ ਹੋਣ ਵਾਲ਼ੀਆਂ ਵੱਖ-ਵੱਖ ਸਥਿਤੀਆਂ ਨਾਲ਼ ਨਜਿੱਠਣ ਲਈ ਵੀ ਯੂਨੀਵਰਸਿਟੀ ਵੱਲੋਂ ਆਪਣੀ ਸਮਰਥਾ ਅਨੁਸਾਰ ਢੁਕਵੇਂ ਯਤਨ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਯੂਨੀਵਰਸਿਟੀ ਦੇ ਹੋਰ ਵਿਭਾਗ ਵੀ ਇਸ ਕੋਸ਼ਿਸ਼ ਵਿੱਚ ਸ਼ਾਮਿਲ ਹੋਣਗੇ।ਐੱਨ. ਐੱਸ. ਐੱਸ. ਕੋਆਰਡੀਨੇਟਰ ਡਾ. ਅਨਹਦ ਸਿੰਘ ਗਿੱਲ ਨੇ ਦੱਸਿਆ ਕਿ ਵਿਭਾਗ ਵੱਲੋਂ ਹੈਲਪ-ਡੈਸਕ ਰਾਹੀਂ ਅਤੇ ਵਲੰਟੀਅਰਾਂ ਵੱਲੋਂ ਘਰ-ਘਰ ਜਾ ਕੇ ਇਕੱਠੀ ਕੀਤੀ ਗਈ ਸਮੱਗਰੀ ਨੂੰ ਘਨੌਰ ਇਲਾਕੇ ਦੇ ਹੜ੍ਹ-ਪ੍ਰਭਾਵਤ ਪਿੰਡਾਂ ਚਮਾਰੂ, ਕਾਮੀ ਖੁਰਦ ਅਤੇ ਜੰਡਮੰਗੋਲੀ ਵਿੱਚ ਸਬੰਧਤ ਲੋੜਵੰਦ ਲੋਕਾਂ ਵਿੱਚ ਵੰਡਿਆ ਗਿਆ। ਉਨ੍ਹਾਂ ਦੱਸਿਆ ਕਿ ਇਸ ਸਮੱਗਰੀ ਵਿੱਚ ਤਰਪਾਲ਼ਾਂ, ਮੱਛਰਦਾਨੀਆਂ, ਦਵਾਈਆਂ, ਕੰਬਲ, ਸੁੱਕਾ ਰਾਸ਼ਨ, ਪਾਣੀ ਦੀਆਂ ਬੋਤਲਾਂ ਆਦਿ ਸਮਾਨ ਸ਼ਾਮਿਲ ਸੀ। ਉਨ੍ਹਾਂ ਦੱਸਿਆ ਕਿ ਯੂਨੀਵਰਸਿਟੀ ਕਾਲਜ ਘਨੌਰ ਵੀ ਸਮੱਗਰੀ ਇਕੱਠੀ ਕਰਨ ਸਬੰਧੀ ਮੁਹਿੰਮ ਵਿੱਚ ਸ਼ਾਮਿਲ ਰਿਹਾ। ਕਾਲਜ ਦੇ ਯਤਨਾਂ ਸਦਕਾ ਉੱਘੇ ਸਮਾਜ ਸੇਵੀ ਅਤੇ ਕੈਨੇਡਾ ਦੇ ਕਲਾ ਭਵਨ ਅਦਾਰੇ ਨਾਲ਼ ਜੁੜੀ ਸ਼ਖ਼ਸੀਅਤ ਸੁੱਖੀ ਬਾਠ ਵੱਲੋਂ ਦਵਾਈਆਂ ਦਾ ਯੋਗਦਾਨ ਹਾਸਲ ਕੀਤਾ ਗਿਆ।ਐੱਨ. ਐੱਸ. ਐੱਸ. ਦੇ ਕਰੀਬ 30 ਵਲੰਟੀਅਰ ਅਤੇ ਤਿੰਨ ਪ੍ਰੋਗਰਾਮ ਅਫ਼ਸਰ ਡਾ. ਨਮਰਤਾ ਵਡੇਰਾ, ਡਾ. ਸੁਨੀਤਾ ਅਤੇ ਡਾ. ਸਿਮਰਨਜੀਤ ਸਿੰਘ ਇਸ ਮਕਸਦ ਲਈ ਹੜ੍ਹ-ਪ੍ਰਭਾਵਤ ਇਨ੍ਹਾਂ ਖੇਤਰਾਂ ਵਿੱਚ ਗਏ।

## ਬਰਸਾਤ ਕਾਰਨ ਸ਼ੈਲਰ ਦੀਆਂ ਢਹਿ-ਢੇਰੀ ਹੋਈਆਂ ਕੰਧਾਂ



**ਧੂਰੀ (ਮਨੋਹਰ ਸਿੰਘ ਸੱਗੂ)**-ਪਿਛਲੇ ਦਿਨਾਂ 'ਚ ਹੋਈ ਮੋਹਲੇਧਾਰ ਬਰਸਾਤ ਕਾਰਨ ਜਿੱਥੇ ਪੰਜਾਬ ਅੰਦਰ ਕਿਸਾਨਾਂ ਦੀਆਂ ਫਸਲਾਂ ਤਬਾਹ ਹੋਣ ਦੇ ਨਾਲ ਨਾਲ ਲੋਕਾਂ ਦਾ ਜਾਨੀ ਤੇ ਮਾਲੀ ਨੁਕਸਾਨ ਹੋਇਆ ਉੱਥੇ ਧੂਰੀ ਇਲਾਕੇ 'ਚ ਕਈ ਉਦਯੋਗਾਂ ਦਾ ਮਾਲੀ ਨੁਕਸਾਨ ਹੋਇਆ। ਜਾਣਕਾਰੀ ਅਨੁਸਾਰ ਜਿੱਥੇ ਪਹਿਲਾਂ ਹੋਈ ਭਾਰੀ ਬਰਸਾਤ ਕਾਰਨ ਧੂਰੀ ਨੇੜੇ ਮਾਨਵਾਲਾ ਸੜਕ 'ਤੇ ਸਥਿਤ ਸ਼ੈਲਰ ਉਦਯੋਗ ਸ਼ਿਵ ਓਮ ਇੰਡਸਟਰੀ ਦੀ ਕਰੀਬ 300 ਫੁੱਟ ਲੰਮੀ ਚਾਰ ਦੀਵਾਰੀ ਢਹਿ ਢੇਰੀ ਹੋ ਗਈ ਉੱਥੇ ਦੁਬਾਰਾ ਹੋਈ ਬਰਸਾਤ ਨਾਲ ਇਸੇ ਸ਼ਿਵ ਓਮ ਇੰਡਸਟਰੀ ਦੀਆਂ ਦੋ ਹੋਰ ਦੀਵਾਰਾਂ ਡਿੱਗਣ ਕਾਰਨ ਸਬੰਧਤ ਉਦਯੋਗ ਮਾਲਕਾਂ ਨੂੰ ਭਾਰੀ ਆਰਥਿਕ ਨੁਕਸਾਨ ਝੱਲਣ ਲਈ ਮਜਬੂਰ ਹੋਣਾ ਪਿਆ।

## ਆਦਰਸ਼ ਸਕੂਲਾਂ ਦੇ ਸਮੁੱਚੇ ਕਰਮਚਾਰੀਆਂ ਨੂੰ ਸਰਕਾਰ ਦੂਸਰੇ ਮੁਲਾਜ਼ਮਾਂ ਵਾਂਗ ਦੇਵੇ ਗਰੇਡ ਪੇਅ : ਮੱਖਣ ਬੀਰ

**ਮਾਨਸਾ (ਆਤਮਾ ਸਿੰਘ ਪਮਾਰ)**

ਪੰਜਾਬ 'ਚ ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ ਯੋਜਨਾ ਤਹਿਤ ਸਥਾਪਤ 24 ਆਦਰਸ਼ ਸਕੂਲਾਂ ਦੇ ਅਧਿਆਪਕਾਂ, ਦਰਜਾ ਚਾਰ ਕਰਮਚਾਰੀਆਂ ਸਮੇਤ ਹੋਰ ਮੁਲਾਜ਼ਮ ਲੰਬੇ ਸਮੇਂ ਤੋਂ ਸਿਵਲ ਸਰਵਿਸਜ਼ ਰੂਲ ਲਾਗੂ ਕਰਵਾਉਣ, ਗਰੇਡ ਪੇਅ ਅਨੁਸਾਰ ਤਨਖਾਹਾਂ ਲੈਣ, ਯੋਗਤਾ ਸਮੇਤ ਤਜਰਬੇ ਦੇ ਆਧਾਰ 'ਤੇ ਤਰੱਕੀਆਂ ਲੈਣ ਸਮੇਤ ਤਮਾਮ ਮੰਗਾਂ ਨੂੰ ਲੈ ਕੇ ਲੰਬੇ ਸਮੇਂ ਤੋਂ ਸਰਕਾਰ ਤੇ ਵਿਭਾਗ ਨਾਲ ਪੈਨਲ ਮੀਟਿੰਗਾਂ ਕਰ ਰਹੇ ਹਨ, ਪਰ ਦੁੱਖ ਤੇ ਅਫਸੋਸ ਦੀ ਗੱਲ ਹੈ ਕਿ ਪਰਨਾਲਾ ਉੱਥੇ ਦਾ ਉੱਥੇ ਹੀ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਆਦਰਸ਼ ਸਕੂਲ ਮੁਲਾਜ਼ਮ ਯੂਨੀਅਨ ਪੰਜਾਬ ਦੇ ਸੂਬਾਈ ਪ੍ਰਧਾਨ ਮੱਖਣ ਸਿੰਘ ਬੀਰ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕੀਤਾ।ਜਥੇਬੰਦਕ ਆਗੂ ਨੇ ਕਿਹਾ ਕਿ ਆਦਰਸ਼ ਸਕੂਲਾਂ ਅੰਦਰ ਜੁਲਾਈ 2019 ਦਾ ਨਾਰਮਜ਼ ਪੱਤਰ ਅੱਧ ਅਧੂਰੇ ਰੂਪ ਬੱਚਿਆਂ ਤੇ ਕਰਮਚਾਰੀਆਂ 'ਤੇ ਲਾਗੂ ਕੀਤਾ ਜਾ ਰਿਹਾ ਹੈ।ਅਧਿਆਪਕ ਆਗੂ ਨੇ ਕਿਹਾ ਕਿ ਜਥੇਬੰਦੀ ਦੀ ਮੰਗ ਅਨੁਸਾਰ ਸਰਕਾਰ ਆਦਰਸ਼ ਸਕੂਲਾਂ ਦੇ ਸਮੁੱਚੇ ਕਰਮਚਾਰੀਆਂ ਤੇ ਗਰੇਡ ਪੇਅ ਲਾਗੂ ਕਰਕੇ ਆਪਣਾ ਕੀਤਾ ਵਾਅਦਾ ਪੂਰਾ ਕਰੇ।ਉਨ੍ਹਾਂ ਕਿਹਾ ਕਿ ਸਰਕਾਰ ਨੂੰ ਸੱਤਾ ਵਿੱਚ ਆਇਆਂ ਚਾਰ ਸਾਲ ਬੀਤਣ ਦੇ ਬਾਵਜੂਦ ਵਾਅਦੇ ਵਫ਼ਾ ਨਹੀਂ ਹੋਏ ਹਨ।ਆਗੂ ਨੇ ਕਿਹਾ ਕਿ ਜਿੰਨੀਆਂ ਵੀ ਸਰਕਾਰ ਤੇ ਸਿੱਖਿਆ ਵਿਭਾਗ ਪੰਜਾਬ ਮੀਟਿੰਗਾਂ ਹੋਈਆਂ, ਸਾਰੀਆਂ ਹਾਂ-ਪੱਖੀ ਹੋਣ ਦੇ ਬਾਵਜੂਦ ਮੰਗਾਂ ਅੱਜ ਤੱਕ ਅਮਲ 'ਚ ਲਾਗੂ ਨਹੀਂ ਹੋਈਆਂ, ਜਿਸ ਤੋਂ ਅਨੁਮਾਨ ਲਗਾਇਆ ਜਾ ਰਿਹਾ ਹੈ ਕਿ ਸਰਕਾਰ ਜਾਣਬੁਝ ਕੇ ਆਦਰਸ਼ ਸਕੂਲਾਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਨੂੰ ਅਣਗੌਲਿਆਂ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਜੇਕਰ ਜਲਦੀ ਮੰਗਾਂ ਪੂਰੀਆਂ ਨਾ ਕੀਤੀਆਂ ਤਾਂ ਜਥੇਬੰਦੀ ਆਗਾਮੀ ਵਿਧਾਨ ਸਭਾ ਚੋਣਾਂ ਵਿੱਚ ਸਰਕਾਰ ਨੂੰ ਹਰ ਫਰੰਟ 'ਤੇ ਘੇਰੇਗੀ।ਆਗੂ ਨੇ ਕਿਹਾ ਕਿ ਇਸ ਸਰਕਾਰ ਤੋਂ ਸਾਨੂੰ ਬਹੁਤ ਵੱਡੀਆਂ ਆਸਾਂ ਉਮੀਦਾਂ ਸਨ।ਉਨ੍ਹਾਂ ਕਿਹਾ ਕਿ ਆਦਰਸ਼ ਸਕੂਲ ਅਜਿਹੇ ਵਿੱਦਿਅਕ ਅਦਾਰੇ ਹਨ, ਜਿਹੜੇ ਲੋਕਾਈ ਲਈ ਵਰਦਾਨ ਬਣੇ ਹੋਏ ਹਨ।ਉਨ੍ਹਾਂ ਕਿਹਾ ਕਿ ਸਰਕਾਰ ਆਦਰਸ਼ ਸਕੂਲਾਂ ਦੇ ਕਰਮਚਾਰੀਆਂ ਦੀਆਂ ਉਪਰੋਕਤ ਮੰਗਾਂ ਪੂਰੀਆਂ ਕਰਕੇ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਇਨਸਾਫ਼ ਦੇਣ ਦੀ ਖੇਚਲ ਕਰੇ।

## ਪੁਲਸ ਨੇ ਨਸ਼ਿਆਂ ਖ਼ਿਲਾਫ਼ ਚੈਕਿੰਗ ਅਭਿਆਨ ਚਲਾਇਆ



**ਜਗਰਾਓਂ (ਅਮਿਤ ਖੰਨਾ)**-ਪੰਜਾਬ ਪੁਲਸ ਸੂਬੇ ਦੇ ਲੋਕਾਂ ਨੂੰ ਨਸ਼ਾ ਮੁਕਤ ਅਤੇ ਭੈਅ ਮੁਕਤ ਪ੍ਰਸ਼ਾਸਨ ਦੇਣ ਦੇ ਨਾਲ ਨਾਲ ਪੂਰਨ ਸੁਰੱਖਿਆ ਦੇਣ ਲਈ ਵੀ ਵਚਨਬੱਧ ਹੈ।ਇਸ ਲਈ ਪੰਜਾਬ ਪੁਲਸ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ।ਪੁਲਸ ਜ਼ਿਲ੍ਹਾ ਲੁਧਿਆਣਾ ਦਿਹਾਤੀ ਦੇ ਐਸ ਐਸ ਪੀ ਡਾਕਟਰ ਅੰਕੁਰ ਗੁਪਤਾ ਵੱਲੋਂ ਸਮੂਹ ਅਧਿਕਾਰੀਆਂ ਅਤੇ ਮੁਲਾਜ਼ਮਾਂ ਨੂੰ ਸਖਤ ਹਦਾਇਤਾਂ ਜਾਰੀ ਕੀਤੀਆਂ ਹਨ ਕਿ ਕਿਸੇ ਵੀ ਨਸ਼ਾ ਸਮੱਗਲਰ ਨੂੰ ਬਖਸ਼ਿਆ ਨਾ ਜਾਵੇ ਚਾਹੇ ਜਿੰਨੀ ਮਰਜ਼ੀ ਉੱਚੀ ਪਹੁੰਚ ਰੱਖਦਾ ਹੋਵੇ ।ਪੰਜਾਬ ਸਰਕਾਰ ਅਤੇ ਡੀ ਜੀ ਪੀ ਪੰਜਾਬ ਗੌਰਵ ਯਾਦਵ ਵੱਲੋਂ ਨਸ਼ਿਆਂ ਵਿਰੁੱਧ ਚਲਾਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਦੇ ਤਹਿਤ ਅੱਜ ਲੁਧਿਆਣਾ ਦਿਹਾਤੀ ਪੁਲਸ ਵੱਲੋਂ ਜਗਰਾਓਂ ਅਤੇ ਆਸ-ਪਾਸ ਦੇ ਪਿੰਡਾਂ ਵਿੱਚ ਸਰਚ ਅਭਿਆਨ ਚਲਾਇਆ ਗਿਆ।ਇਸ ਦੇ ਤਹਿਤ ਨਸ਼ਿਆਂ ਦੇ ਖਾਤਮੇ ਲਈ ਪੰਜਾਬ ਪੁਲਸ ਨੇ ਜਗਰਾਉਂ ਦੇ ਨਸ਼ਿਆਂ ਲਈ ਜਾਣੇ ਜਾਂਦੇ ਕਈ ਮੁਹੱਲੇ ਅਤੇ ਪਿੰਡਾਂ ਵਿੱਚ ਬਾਰੀਕੀ ਨਾਲ ਚੈਕਿੰਗ ਕੀਤੀ। ਇਸ ਮੌਕੇ ਪੁਲਸ ਨੇ ਨਾਕਾਬੰਦੀ ਕਰਕੇ ਕਈ ਵਹੀਕਲਾਂ ਦੇ ਕਾਗਜ਼ਾਤ ਵਗੈਰਾ ਚੈੱਕ ਕੀਤੇ। ਇਸ ਮੌਕੇ ਐਸ ਪੀ ਹਰਕਮਲ ਕੌਰ, ਡੀ ਐਸ ਪੀ ਜੈਸਜੋਤ ਸਿੰਘ, ਇੰਸਪੈਕਟਰ ਹੀਰਾ ਸਿੰਘ,ਐਸ ਐਚ ਓ ਸੁਰਜੀਤ ਸਿੰਘ ਤੋਂ ਇਲਾਵਾ ਭਾਰੀ ਪੁਲਸ ਫੋਰਸ ਮੌਜੂਦ ਸੀ।

## ਵਿਧਾਇਕ ਗੋਲਡੀ ਚੱਕ ਵਜੀਦਾ ਤੇ ਚੱਕ ਟਾਹਲੀ ਵਾਲਾ 'ਚ ਕੈਟਲ ਫੀਡ ਲੈ ਕੇ ਪਹੁੰਚੇ

**ਮੰਡੀ ਘੁਬਾਇਆ (ਬਲਵਿੰਦਰ ਸਿੰਘ)**-ਜਲਾਲਾਬਾਦ ਦੇ ਵਿਧਾਇਕ ਸ੍ਰੀ ਜਗਦੀਪ ਕੰਬੋਜ ਗੋਲਡੀ ਲਗਾਤਾਰ ਹੜ੍ਹ ਪੀੜਤਾਂ ਦੇ ਲਈ ਰਾਸ਼ਨ ਸਮੱਗਰੀ ਤੇ ਪਸ਼ੂ ਪਾਲਕਾਂ ਲਈ ਕੈਟਲ ਫੀਡ ਮੁਹੱਈਆ ਕਰਵਾ ਰਹੇ ਹਨ।ਇਸੇ ਤਹਿਤ ਉਹ ਚੱਕ ਵਜੀਦਾ ਤੇ ਚੱਕ ਟਾਹਲੀ ਵਾਲਾ ਪਹੁੰਚ ਕੇ ਜਿੱਥੇ ਬੇਜ਼ੁਬਾਨਾਂ ਲਈ ਕੈਟਲ ਫੀਡ ਲੈ ਕੇ ਪਹੁੰਚੇ, ਉੱਥੇ ਉਨ੍ਹਾਂ 550 ਹੜ੍ਹ ਪੀੜਤ ਪਰਵਾਰਾਂ ਨੂੰ ਰਾਸ਼ਨ ਕਿੱਟਾਂ ਵੀ ਮੁਹੱਈਆ ਕਰਵਾਈਆਂ।

ਵਿਧਾਇਕ ਸ੍ਰੀ ਗੋਲਡੀ ਨੇ ਕਿਹਾ ਕਿ ਇਸ ਕੁਦਰਤੀ ਆਪਦਾ ਨੇ ਸਰਹੱਦੀ ਪਿੰਡਾਂ ਦੇ ਜੀਵਨ ਵਿੱਚ ਰੁਕਾਵਟ ਜ਼ਰੂਰ ਪੈਦਾ ਕੀਤੀ ਹੈ, ਪਰ ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲੋਕਾਂ ਨੂੰ ਕਿਸੇ ਤਰ੍ਹਾਂ ਨਾਲ ਮੁਸ਼ਕਲ ਨਹੀਂ ਆਉਣ ਦਿੱਤੀ ਗਈ।ਉਨ੍ਹਾਂ ਕਿਹਾ ਕਿ ਲੋਕਾਂ ਨੂੰ ਲੋੜੀਂਦੀ ਰਾਸ਼ਨ ਸਮੱਗਰੀ ਮੁਹੱਈਆ ਕਰਵਾਈ ਗਈ, ਜਿਸ ਵਿੱਚ ਰਾਸ਼ਨ ਕਿੱਟਾਂ, ਤਰਪਾਲਾਂ, ਸੁੱਕਾ ਰਾਸ਼ਨ, ਮੱਛਰਦਾਨੀਆਂ, ਦਵਾਈਆਂ, ਪਸ਼ੂਪਾਲਕਾਂ ਲਈ ਹਰਾ ਚਾਰ, ਕੈਟਲ ਫੀਡ ਆਦਿ ਹਰੇਕ ਸਮੱਗਰੀ ਮੁਹੱਈਆ ਕਰਵਾਈ ਗਈ।ਉਨ੍ਹਾਂ ਕਿਹਾ ਕਿ ਚੱਕ ਵਜੀਦਾ ਤੇ ਚੱਕ ਟਾਹਲੀ ਵਾਲਾ ਵਿੱਚ ਪਸ਼ੂਆਂ ਲਈ

### 550 ਹੜ੍ਹ ਪੀੜਤ ਪਰਵਾਰਾਂ ਨੂੰ ਘਰ-ਘਰ ਪਹੁੰਚਾਈਆਂ ਰਾਸ਼ਨ ਕਿੱਟਾਂ



ਕੈਟਲ ਫੀਡ ਮੁਹੱਈਆ ਕਰਵਾਉਣ ਵਾਲੀ ਮਾਰਕਫੈੱਡ ਦੀ ਟੀਮ ਦਾ ਵੀ ਧੰਨਵਾਦ ਕੀਤਾ, ਜਿਨ੍ਹਾਂ ਨੇ ਆਪਣੀ ਜੇਬ ਵਿੱਚੋਂ ਪੈਸੇ ਖਰਚ ਕਰਕੇ ਲੋਕ ਭਲਾਈ ਹਿੱਤ ਕਾਰਜ ਕੀਤਾ ਹੈ।ਉਨ੍ਹਾਂ ਗੁਆਂਢੀ ਸੂਬਿਆਂ ਦਾ ਵੀ ਧੰਨਵਾਦ ਪ੍ਰਗਟ ਕੀਤਾ ਹੈ ਕਿ ਜਿਨ੍ਹਾਂ ਨੇ ਫਾਜ਼ਿਲਕਾ ਸਰਹੱਦੀ ਇਲਾਕੇ ਦੇ ਲੋਕਾਂ ਦੀ ਮਦਦ ਵਿੱਚ ਆਪਣੀ ਸੇਵਾ ਭੇਜੀ ਹੈ।ਇਸ ਤੋਂ ਇਲਾਵਾ ਵਿਧਾਇਕ ਜਲਾਲਾਬਾਦ ਸ੍ਰੀ ਜਗਦੀਪ ਕੰਬੋਜ ਗੋਲਡੀ ਨੇ ਪਿੰਡ ਮਿੱਢਾ ਦੇ ਡੇਰਾ ਬਿਆਸ ਸਤਸੰਗ ਘਰ ਵਿਖੇ 160 ਬਟਾਲੀਅਨ ਬੀ.ਐੱਸ.ਐੱਫ. ਵੱਲੋਂ ਹੜ੍ਹ ਪ੍ਰਭਾਵਿਤ ਲੋਕਾਂ ਲਈ ਲਗਾਏ ਗਏ ਮੈਡੀਕਲ ਕੈਂਪ ਵਿੱਚ ਸ਼ਿਰਕਤ ਕੀਤੀ।ਉਨ੍ਹਾਂ ਕਿਹਾ ਕਿ ਭਾਰਤੀ ਸੁਰੱਖਿਆ ਫੋਰਸ ਸਰਹੱਦਾਂ 'ਤੇ ਰਾਖੀ ਕਰਨ ਦੇ ਨਾਲ-ਨਾਲ ਇਸ ਔਖੀ ਘੜੀ ਵਿੱਚ ਲੋਕਾਂ ਦੀ ਮਦਦ ਕਰ ਰਹੇ ਹਨ।ਉਹ ਭਾਰਤੀ ਫੌਜ ਦਾ ਧੰਨਵਾਦ ਕਰ ਰਹੇ ਹਨ, ਜਿਨ੍ਹਾਂ ਦੀ ਬਦੌਲਤ ਅਸੀਂ ਚੈਨ ਦੀ ਨੀਂਦ ਸੌਂਦੇ ਹਾਂ।ਉਨ੍ਹਾਂ ਕਿਹਾ ਕਿ ਮੈਡੀਕਲ ਕੈਂਪ ਲਗਾ ਕੇ ਉਹ ਹੁਣ ਲੋਕਾਂ ਦੀ ਸਿਹਤ ਦਾ ਧਿਆਨ ਵੀ ਰੱਖ ਰਹੇ ਹਨ।

## ਕੇਂਦਰੀ ਜੇਲ੍ਹ 'ਚ ਸਾਬਕਾ ਪੁਲਸ ਮੁਲਾਜ਼ਮਾਂ 'ਤੇ ਹਮਲਾ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)** ਕੇਂਦਰੀ ਜੇਲ੍ਹ ਵਿੱਚ ਇੱਕ ਕੈਦੀ ਨੇ 3 ਸਾਬਕਾ ਪੁਲਸ ਮੁਲਾਜ਼ਮਾਂ 'ਤੇ ਹਮਲਾ ਕੀਤਾ।ਤਿੰਨੋਂ ਸਾਬਕਾ ਮੁਲਾਜ਼ਮ ਜ਼ਖਮੀ ਹਨ। ਉਨ੍ਹਾਂ ਨੂੰ ਖੂਨ ਨਾਲ ਲਥਪਥ ਹਾਲਤ ਵਿੱਚ ਰਾਜਿੰਦਰਾ ਹਸਪਤਾਲ ਵਿੱਚ ਦਾਖਲ ਕਰਾਇਆ ਗਿਆ ਹੈ। ਸੀਨੀਅਰ ਜੇਲ੍ਹ ਅਧਿਕਾਰੀ ਇਸ ਮਾਮਲੇ ਵਿੱਚ ਫਿਲਹਾਲ ਕੁਝ ਵੀ ਕਹਿਣ ਨੂੰ ਤਿਆਰ ਨਹੀਂ ਹਨ।ਪਤਾ ਲੱਗਾ ਹੈ ਕਿ ਇੱਕ ਸਾਬਕਾ ਕ੍ਰਮਚਾਰੀ ਸੂਬਾ ਸਿੰਘ ਦੀ ਹਾਲਤ ਜ਼ਿਆਦਾ ਗੰਭੀਰ ਹੈ।ਸਾਬਕਾ ਸਬ-ਇੰਸਪੈਕਟਰ ਸੂਬਾ ਸਿੰਘ, ਸੇਵਾਮੁਕਤ ਡੀਐਸਪੀ ਗੁਰਬਚਨ ਸਿੰਘ ਤੇ ਸਾਬਕਾ ਇੰਸਪੈਕਟਰ ਇੰਦਰਜੀਤ ਸਿੰਘ ਵੱਖ-ਵੱਖ ਮਾਮਲਿਆਂ ਵਿੱਚ ਸਜ਼ਾ ਭੁਗਤ ਰਹੇ ਹਨ।ਸੂਬਾ ਸਿੰਘ ਅਤੇ ਗੁਰਬਚਨ ਸਿੰਘ ਫ਼ਰਜ਼ੀ ਮੁਕਾਬਲੇ ਦੇ ਮਾਮਲੇ ਵਿੱਚ ਜੇਲ੍ਹ ਵਿੱਚ ਹਨ, ਜਦੋਂ ਕਿ ਇੰਸਪੈਕਟਰ ਇੰਦਰਜੀਤ ਸਿੰਘ ਡਰੱਗਜ਼ ਦੇ ਮਾਮਲੇ 'ਚ ਜੇਲ੍ਹ ਵਿੱਚ ਹਨ।ਤਿੰਨਾਂ ਦੀ ਸੰਦੀਪ ਉਰਫ਼ ਸੰਨੀ ਨਾਂਅ ਦੇ ਵਿਅਕਤੀ ਨਾਲ ਕਿਸੇ ਗੱਲ ਨੂੰ ਲੈ ਕੇ ਬਹਿਸ ਹੋ ਗਈ, ਜਿਸ ਤੋਂ ਬਾਅਦ ਸੰਨੀ ਨੇ ਇਕੱਲੇ ਹੀ ਤਿੰਨਾਂ 'ਤੇ ਹਮਲਾ ਕਰ ਦਿੱਤਾ।ਉਸ ਨੇ ਤਿੰਨੋਂ ਸਾਬਕਾ ਪੁਲਸ ਮੁਲਾਜ਼ਮਾਂ ਨੂੰ ਜ਼ਖਮੀ ਕਰ ਦਿੱਤਾ।ਉਸ ਨੇ ਇੱਕ ਤਿੱਖੀ ਚੀਜ਼ ਨਾਲ ਹਮਲਾ ਕਰ ਦਿੱਤਾ।ਫਿਲਹਾਲ ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ।

## 38 ਨਵੇਂ ਡੇਅਰੀ ਯੂਨਿਟਾਂ ਲਈ ਲਾਭਪਾਤਰੀਆਂ ਨੂੰ ਘੱਟ ਵਿਆਜ ਦਰਾਂ 'ਤੇ ਕਰਜ਼ੇ ਦਿਵਾਏ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਜ਼ਿਲ੍ਹੇ ਅੰਦਰ ਡੇਅਰੀ ਦੇ ਧੰਦੇ ਨੂੰ ਉਤਸ਼ਾਹਤ ਕਰਨ ਲਈ ਡੇਅਰੀ ਵਿਕਾਸ ਵਿਭਾਗ ਵੱਲੋਂ 02,05,10 ਅਤੇ 20 ਪਸ਼ੂਆਂ ਦਾ ਡੇਅਰੀ ਯੂਨਿਟ ਸਥਾਪਤ ਕਰਨ ਲਈ ਜਨਰਲ ਵਰਗ ਦੇ ਲਾਭਪਾਤਰੀਆਂ ਨੂੰ ਪ੍ਰਤੀ ਪਸ਼ੂ 22 ਹਜ਼ਾਰ 500 ਰੁਪਏ ਅਤੇ ਅਨੁਸੂਚਿਤ ਜਾਤੀ ਦੇ ਲਾਭਪਾਤਰੀਆਂ ਨੂੰ 29 ਹਜ਼ਾਰ 700 ਰੁਪਏ ਦੀ ਸਬਸਿਡੀ ਦਿੱਤੀ ਜਾ ਰਹੀ ਹੈ। ਨਵੇਂ ਡੇਅਰੀ ਯੂਨਟ ਸਥਾਪਤ ਕਰਨ ਲਈ ਵਿਭਾਗ ਵੱਲੋਂ ਵੱਖ-ਵੱਖ ਬੈਂਕਾਂ ਰਾਹੀਂ ਕਰਜ਼ੇ ਵੀ ਦਿਵਾਏ ਜਾਦੇ ਹਨ ਤਾਂ ਜੋ ਪਸ਼ੂ ਪਾਲਕ ਇਸ ਧੰਦੇ ਨੂੰ ਅਪਣਾ ਕੇ ਆਪਣਾ ਆਰਥਿਕ ਪੱਧਰ ਮਜ਼ਬੂਤ ਕਰ ਸਕਣ। ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਦੇ ਦਿਸ਼ਾ ਨਿਰਦੇਸ਼ਾਂ ਹੇਠ ਇਹ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ ਡੇਅਰੀ ਦਲਬੀਰ ਕੁਮਾਰ ਨੇ ਦੱਸਿਆ ਕਿ ਡੇਅਰੀ ਵਿਕਾਸ ਵਿਭਾਗ ਵੱਲੋਂ ਹੁਣ ਤੱਕ ਜ਼ਿਲ੍ਹੇ ਵਿੱਚ 38 ਨਵੇਂ ਡੇਅਰੀ ਯੂਨਿਟ ਸਥਾਪਤ ਕਰਨ ਲਈ 2.75 ਕਰੋੜ ਰੁਪਏ ਦੇ ਕਰਜ਼ੇ ਵੀ ਦਿਵਾਏ ਗਏ ਹਨ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਨੈਸ਼ਨਲ ਲਾਈਵਲੀਹੁੱਡ ਮਿਸ਼ਨ ਅਧੀਨ ਪਸ਼ੂਆਂ ਦਾ ਬੀਮਾ ਕਰਨ ਦੀ ਸਕੀਮ ਵੀ ਚੱਲ ਰਹੀ ਹੈ। ਇਸ ਸਕੀਮ ਅਧੀਨ ਬੀਮਾ ਰਾਸ਼ੀ ਦੇ ਪ੍ਰੀਮੀਅਮ 'ਤੇ ਜਨਰਲ ਵਰਗ ਦੇ ਲਾਭਪਾਤਰੀਆਂ ਨੂੰ 50 ਫੀਸਦੀ ਅਤੇ ਅਨੁਸੂਚਿਤ ਜਾਤੀ ਦੇ ਲਾਭਪਾਤਰੀਆਂ ਨੂੰ 70 ਫੀਸਦੀ ਦੀ ਸਬਸਿਡੀ ਦਿੱਤੀ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਵਿਭਾਗ ਵੱਲੋਂ 10 ਤੋਂ 20 ਦੁਧਾਰੂ ਪਸ਼ੂਆਂ ਲਈ ਆਧੁਨਿਕ ਕੈਟਲ ਸ਼ੈੱਡ ਬਣਾਉਣ ਲਈ 25 ਫੀਸਦੀ ਦੀ ਸਬਸਿਡੀ ਦਿੱਤੀ ਜਾਂਦੀ ਹੈ । ਉਨ੍ਹਾਂ ਦੱਸਿਆ ਕਿ ਸ਼ੈੱਡਾਂ ਵਿੱਚ 70 ਹਜ਼ਾਰ ਰੁਪਏ ਕੀਮਤ ਦਾ ਕੂਲਿੰਗ ਸਿਸਟਮ ਲਗਾਉਣ ਲਈ 35 ਹਜ਼ਾਰ ਰੁਪਏ ਦੀ ਸਬਸਿਡੀ ਦਿੱਤੀ ਜਾਂਦੀ ਹੈ ਹੁਣ ਤੱਕ ਜ਼ਿਲ੍ਹੇ ਵਿੱਚ ਗਊਆਂ ਦੇ 3 ਮਾਡਰਨ ਕੈਟਲ ਸ਼ੈੱਡ ਬਣਵਾਏ ਗਏ ਹਨ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਡੇਅਰੀ ਵਿਕਾਸ ਵਿਭਾਗ ਵੱਲੋਂ ਸਥਾਪਤ ਕੀਤੇ ਗਏ 9 ਸਿਖਲਾਈ ਕੇਂਦਰਾਂ ਰਾਹੀਂ ਪੇਂਡੂ ਬੇਰੋਜ਼ਗਾਰ ਨੌਜਵਾਨਾਂ ਨੂੰ ਡੇਅਰੀ ਦੀ ਸਿਖਲਾਈ ਦੇਣ ਲਈ 2 ਹਫਤੇ ਤੇ 4 ਹਫਤੇ ਦਾ ਸਿਖਲਾਈ ਕੋਰਸ ਕਰਵਾਇਆ ਜਾਂਦਾ ਹੈ।

## ਸੋਨਮ ਪ੍ਰਾਈਡ ਆਫ਼ ਮਿਸਿਜ਼ ਇੰਡੀਆ 2025 ਲਈ ਚੁਣੀ



**ਸੰਗਰੂਰ (ਪ੍ਰਵੀਨ ਸਿੰਘ)**-ਪਿੰਡ ਬਡਰੁੱਖਾਂ ਦੀ ਰਹਿਣ ਵਾਲੀ ਸੋਨਮ ਨੇ ਆਪਣੀ ਮਿਹਨਤ ਅਤੇ ਲਗਨ ਨਾਲ ਵੱਡਾ ਮੁਕਾਮ ਹਾਸਲ ਕੀਤਾ ਹੈ।ਸੋਨਮ ਦੀ ਚੋਣ 'ਪ੍ਰਾਈਡ ਆਫ਼ ਮਿਸਿਜ਼ ਇੰਡੀਆ 2025' ਮੁਕਾਬਲੇ ਲਈ ਹੋਈ ਹੈ। 17 ਸਤੰਬਰ ਨੂੰ ਇਸਦਾ ਗ੍ਰੈਂਡ ਫਾਇਨਲ ਦਿੱਲੀ ਵਿੱਚ ਆਯੋਜਤ ਕੀਤਾ ਜਾਵੇਗਾ, ਜਿਸ ਵਿੱਚ ਦੇਸ਼ ਭਰ ਤੋਂ ਲਗਭਗ 600 ਪ੍ਰਤਿਭਾਗੀ ਹਿੱਸਾ ਲੈਣਗੇ।ਇਸ ਮੁਕਾਬਲੇ ਨੂੰ ਭਾਰਤ ਦੀ ਸਭ ਤੋਂ ਵੱਡੇ ਬਿਊਟੀ ਮੁਕਾਬਲਿਆਂ 'ਚ ਗਿਣਿਆ ਜਾਂਦਾ ਹੈ, ਜਿਸਦਾ ਉਦੇਸ਼ ਔਰਤਾਂ ਨੂੰ ਮੰਚ ਦੇਣਾ ਅਤੇ ਸਮਾਜ ਵਿੱਚ ਉਨ੍ਹਾਂ ਦੇ ਯੋਗਦਾਨ ਨੂੰ ਪਛਾਣ ਦੇਣਾ ਹੈ।ਸੋਨਮ ਇੱਕ ਘਰੇਲੂ ਨਾਰੀ ਹੈ, ਪਰ ਉਸ ਨੇ ਆਪਣੀ ਲਗਨ ਅਤੇ ਆਤਮ ਵਿਸ਼ਵਾਸ ਨਾਲ ਇਹ ਉਪਲਬਧੀ ਹਾਸਲ ਕੀਤੀ।ਪਿੰਡ ਬਡਰੁੱਖਾਂ ਜਿਹੇ ਛੋਟੇ ਕਸਬੇ ਤੋਂ ਨਿਕਲ ਕੇ ਨੈਸ਼ਨਲ ਪੱਧਰ ਦੇ ਇਸ ਮੁਕਾਬਲੇ ਤੱਕ ਪੁੱਜਣਾ ਸੋਨਮ ਦੀ ਮੇਹਨਤ ਅਤੇ ਹਿੰਮਤ ਦੀ ਉਦਾਹਰਣ ਹੈ।

## ਐੱਲ ਬੀ ਸੀ ਟੀ ਨੇ ਵਾਇਸ ਚਾਂਸਲਰ ਡਾ. ਸੂਦ ਨਾਲ ਕੀਤੀ ਮੁਲਾਕਾਤ

**ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**

ਪ੍ਰਮੁੱਖ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਐਲ.ਬੀ.ਸੀ.ਟੀ. (ਲਾਰਡ ਬੁੱਧਾ ਚੈਰੀਟੇਬਲ ਟਰੱਸਟ) ਦੀ ਫਰੀਦਕੋਟ ਇਕਾਈ ਵੱਲੋਂ ਅੱਜ ਬਾਬਾ ਫਰੀਦ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਡਾ. ਪ੍ਰੋ. ਰਾਜੀਵ ਸੂਦ ਨਾਲ ਉਨ੍ਹਾਂ ਦੇ ਦਫ਼ਤਰ ਵਿਖੇ ਮੁਲਾਕਾਤ ਕੀਤੀ ਗਈ। ਟਰੱਸਟ ਦੇ ਜ਼ਿਲ੍ਹਾ ਪ੍ਰਧਾਨ ਜਗਦੀਸ਼ ਰਾਜ ਭਾਰਤੀ ਬੈਂਕ ਮੈਨੇਜਰ (ਰ) ਦੀ ਅਗਵਾਈ ਹੇਠਲੇ ਇਸ ਵਫ਼ਦ ਵਿੱਚ ਟਰੱਸਟ ਦੇ ਸੰਸਥਾਪਕ ਚੇਅਰਮੈਨ ਜਗਦੀਸ਼ ਰਾਏ ਢੋਸੀਵਾਲ ਮੁਕਤਸਰ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਮੁਲਾਕਾਤ ਦੌਰਾਨ ਵਾਇਸ ਚਾਂਸਲਰ ਅਤੇ ਅੰਤਰਰਾਸ਼ਟਰੀ ਪੱਧਰ ਦੇ ਯੂਰੋਲੋਜਿਸਟ ਡਾ. ਰਾਜੀਵ ਸੂਦ ਅਤੇ ਲੋਕ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਲਈ ਸਦਾ ਯਤਨਸ਼ੀਲ ਹਲਕਾ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਐੱਮ.ਐੱਲ.ਏ. ਦੇ ਸਾਂਝੇ ਯਤਨਾਂ ਨਾਲ ਯੂਨੀਵਰਸਿਟੀ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਪਛਾਣ ਦਿਵਾਉਣ ਅਤੇ ਲਾ-ਜਵਾਬ ਪ੍ਰਬੰਧਕੀ ਕਾਰਜਕੁਸ਼ਲਤਾ ਲਈ ਡਾ. ਸੂਦ ਨੂੰ ਵਧਾਈ ਦਿੱਤੀ।ਡਾ. ਸੂਦ ਅਤੇ ਯੂਨੀਵਰਸਿਟੀ ਦੇ ਗਵਰਨਿੰਗ ਬਾਡੀ ਦੇ ਸਰਕਾਰੀ ਮੈਂਬਰ ਹੋਣ ਦੇ ਨਾਤੇ ਗੁਰਦਿੱਤ ਸਿੰਘ ਸੇਖੋਂ ਦੇ ਸਾਂਝੇ ਯਤਨਾਂ ਨਾਲ ਯੂਨੀਵਰਸਿਟੀ ਨੇ ਅੰਤਰਰਾਸ਼ਟਰੀ ਪੱਧਰ 'ਤੇ ਪਛਾਣ ਬਣਾ ਕੇ ਗਰੀਨ ਯੂਨੀਵਰਸਿਟੀ ਹੋਣ ਦਾ ਸਨਮਾਨ ਪ੍ਰਾਪਤ ਕੀਤਾ ਹੈ। ਐਨਾ ਹੀ ਨਹੀਂ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਿਜ ਅਤੇ ਹਸਪਤਾਲ ਵਿੱਚ ਕਰੋੜਾਂ ਰੁਪਏ ਦੀਆਂ ਆਧੁਨਿਕ ਜੀਵਨ ਰਕਸ਼ਕ ਮਸ਼ੀਨਾਂ ਖਰੀਦੀਆਂ ਗਈਆਂ ਹਨ। ਕਾਲਿਜ ਵਿੱਚ ਐਮ.ਬੀ.ਬੀ.ਐੱਸ. ਦੀਆਂ 75 ਸੀਟਾਂ ਵਧਾਈਆਂ ਗਈਆਂ ਹਨ। ਕਾਲਜ ਵਿੱਚ ਬੀ.ਡੀ.ਐੱਸ. ਕਾਲਜ ਦੀ ਜਲਦੀ ਸਥਾਪਨਾ ਹੋਣ ਦੀ ਸੰਭਾਵਨਾ ਹੈ। ਅਗਨੀਵੀਰਾਂ ਲਈ ਯੂਨੀਵਰਸਿਟੀ ਅੰਦਰ ਪੰਜਾਬ ਦਾ ਪਹਿਲਾ ਸਕਿੱਲ ਟ੍ਰੇਨਿੰਗ ਸੈਂਟਰ ਖੋਲ੍ਹਿਆ ਗਿਆ ਹੈ। ਮੁਲਾਕਾਤ ਦੌਰਾਨ ਪ੍ਰਧਾਨ ਢੋਸੀਵਾਲ ਨੇ ਕਿਹਾ ਕਿ ਸਮਾਜ ਸੇਵਕ ਹੋਣ ਦੇ ਨਾਤੇ ਉਹਨਾਂ ਦਾ ਕਈ ਸਰਕਾਰੀ ਅਦਾਰਿਆਂ ਅਤੇ ਸੰਸਥਾਵਾਂ ਨਾਲ ਰਾਬਤਾ ਰਹਿੰਦਾ ਹੈ।

ਢੋਸੀਵਾਲ ਨੇ ਦੱਸਿਆ ਕਿ ਵਫ਼ਦ ਵਿੱਚ ਟਰੱਸਟ ਦੀ ਜ਼ਿਲ੍ਹਾ ਚੀਫ਼ ਪੈਟਰਨ ਮੈਡਮ ਹੀਰਾਵਤੀ ਨਾਇਬ ਤਹਿਸੀਲਦਾਰ (ਰ), ਮੈਡਮ ਰਵਿੰਦਰ ਕੌਰ ਨਰਸਿੰਗ ਸੁਪਰਵਾਇਜ਼ਰ (ਰ), ਮਲਕੀਤ ਸਿੰਘ ਮੰਮਣ ਲੈਕਚਰਾਰ (ਰ), ਜੀ.ਪੀ. ਛਾਬੜਾ ਸੀਨੀਅਰ ਬੈਂਕ ਮੈਨੇਜਰ (ਰ), ਸ੍ਰੀ ਕ੍ਰਿਸ਼ਨ ਆਰ.ਏ. (ਰ), ਪ੍ਰਸਿੱਧ ਲਿਖਾਰੀ ਅਤੇ ਸਮਾਜ ਸੇਵਕ ਸ਼ਿਵਨਾਥ ਦਰਦੀ, ਵੀਰ ਸਿੰਘ ਕੰਮੇਆਣਾ ਅਤੇ ਬਲਕਾਰ ਸਿੰਘ ਸਹੋਤਾ ਆਦਿ ਸ਼ਾਮਿਲ ਸਨ।

### ਪ੍ਰਬੰਧਕੀ ਕਾਰਜਕੁਸ਼ਲਤਾ ਲਈ ਵਧਾਈ ਦਿੱਤੀ



## ਡੇਂਗੂ ਤੋਂ ਬਚਾਅ ਲਈ ਸ਼ਹਿਰ ਵਾਸੀਆਂ ਨੂੰ ਕੀਤਾ ਜਾਗਰੂਕ



**ਸਮਾਣਾ (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ)**-ਨਗਰ ਕੌਂਸਲ ਸਮਾਣਾ ਦੇ ਕਾਰਜ ਸਾਦਕ ਅਫਸਰ ਅਪਰ ਅਪਾਰ ਸਿੰਘ ਤੇ ਸਿਵਲ ਹਸਪਤਾਲ ਦੇ ਸੀਨੀਅਰ ਮੈਡੀਕਲ ਅਫਸਰ ਸੰਜੀਵ ਅਰੋੜਾ ਦੀ ਅਗਵਾਈ ਹੇਠ ਸਾਂਝੇ ਤੌਰ 'ਤੇ ਬਣਾਈ ਗਈ ਟੀਮ ਸ਼ਹਿਰ ਵਿੱਚ ਡੇਂਗੂ ਦੇ ਲਾਰਵੇ ਸਬੰਧੀ ਚੈਕਿੰਗ ਕੀਤੀ ਗਈ ਅਤੇ ਮੁਹੱਲਿਆਂ ਵਿੱਚ ਜਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਗਿਆ ਇਸ ਮੌਕੇ ਹੈਲਥ ਇੰਸਪੈਕਟਰ ਜਸਕਰਨ ਸਿੰਘ ਤੇ ਸੈਨਟਰੀ ਇੰਸਪੈਕਟਰ ਦੀਪਕ ਕੁਮਾਰ ਨੇ ਦੱਸਿਆ ਕਿ ਅੱਜ ਕੱਲ੍ਹ ਮੀਹ ਬਰਸਾਤ ਦੀ ਮੌਸਮ ਹੋਣ ਕਰਕੇ ਡੇਂਗੂ ਤੋਂ ਬਚਾ ਲਈ ਉਹਨਾਂ ਦੀ ਟੀਮ ਵੱਲੋਂ ਲੋਕਾਂ ਦੇ ਘਰਾਂ ਵਿੱਚ ਜਾ ਕੇ ਕੂਲਰ, ਗਮਲੇ, ਫਰਿਜ ਦੀਆਂ ਟਰੇਆਂ ਆਦਿ ਨੂੰ ਸਾਫ ਸੁਥਰਾ ਰੱਖਣ ਲਈ ਜਾਗਰੂਕ ਕੀਤਾ ਗਿਆ। ਉਹਨਾਂ ਦੱਸਿਆ ਕਿ ਅੱਜ ਕੱਲ੍ਹ ਦੇ ਮੌਸਮ ਵਿੱਚ ਡੇਂਗੂ ਅਤੇ ਕਈ ਹੋਰ ਬਿਮਾਰੀਆਂ ਆਪਣਾ ਪੈਰ ਪਸਾਰ ਲੈਂਦੇ ਹਨ ਪਰ ਜੇਕਰ ਲੋਕ ਸਾਫ ਸਫਾਈ ਦਾ ਧਿਆਨ ਰੱਖਣ ਤਾਂ ਇਹਨਾਂ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ।ਇਸ ਲਈ ਸਾਨੂੰ ਆਪਣੇ ਆਲੇ ਦੁਆਲੇ ਦੀਆਂ ਥਾਵਾਂ ਤੇ ਵਧੇਰੇ ਧਿਆਨ ਰੱਖਣ ਦੀ ਲੋੜ ਹੈ। ਉਹਨਾਂ ਦੱਸਿਆ ਕਿ ਡੇਂਗੂ ਦੇ ਬਚਾਅ ਲਈ ਨਗਰ ਕੌਂਸਲ ਸਮਾਣਾ ਅਤੇ ਸਿਹਤ ਵਿਭਾਗ ਵੱਲੋਂ ਹਰ ਇੱਕ ਮਹੱਲਿਆਂ ਵਿੱਚ ਫੋਗਿੰਗ ਵੀ ਕੀਤੀ ਜਾ ਰਹੀ ਹੈ। ਇਸ ਮੌਕੇ ਉਹਨਾਂ ਨੇ ਕਈ ਜਗ੍ਹਾ 'ਤੇ ਮਿਲੇ ਡੇਂਗੂ ਦੇ ਲਾਰਵੇ ਨੂੰ ਨਸ਼ਟ ਵੀ ਕਰਵਾਇਆ ਅਤੇ ਕਈ ਚਲਾਨ ਵੀ ਕੱਟੇ।

12-Sep Page 11-Majha-2521.qxd 9/11/2025 10:44 PM Page 1



# ਭਖਦੇ ਮਸਲਿਆਂ ਨੂੰ ਲੈ ਕੇ ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਰੋਸ ਪ੍ਰਦਰਸ਼ਨ

ਤਰਨ ਤਾਰਨ (ਪ੍ਰਿਤਪਾਲ ਸਿੰਘ)-ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਐੱਸਡੀਐੱਮ ਦਫ਼ਤਰ ਤਰਨ ਤਾਰਨ ਅੱਗੇ ਰੋਸ ਧਰਨਾ ਦਿੱਤਾ ਗਿਆ।ਇਸ ਮੌਕੇ ਮਜ਼ਦੂਰਾਂ ਦੇ ਭਖਦੇ ਮਸਲਿਆਂ ਸਬੰਧੀ ਮੰਗ ਪੱਤਰ ਤਹਿਸੀਲਦਾਰ ਰਾਹੀਂ ਪੰਜਾਬ ਸਰਕਾਰ ਨੂੰ ਭੇਜਿਆ ਗਿਆ।ਰੋਸ ਪ੍ਰਦਰਸ਼ਨ ਦੀ ਅਗਵਾਈ ਦਿਹਾਤੀ ਮਜ਼ਦੂਰ ਸਭਾ ਦੇ ਆਗੂ ਜਨਰੈਲ ਸਿੰਘ ਰਸੂਲਪੁਰ, ਦਾਰਾ ਸਿੰਘ ਮੁੰਡਾ, ਪਿੰਡ ਨਛੱਤਰ ਸਿੰਘ ਤੁੜ ਅਤੇ ਜੋਗਿੰਦਰ ਸਿੰਘ ਖਡੂਰ ਸਾਹਿਬ ਨੇ ਕੀਤੀ।ਤਹਿਸੀਲਦਾਰ ਤਰਨ ਤਾਰਨ ਨੇ ਮੰਗ ਪੱਤਰ ਪ੍ਰਾਪਤ ਕਰਦੇ ਹੋਏ ਭਰੋਸਾ ਦਿੱਤਾ ਕਿ ਇਸ ਨੂੰ ਪੰਜਾਬ ਸਰਕਾਰ ਤੱਕ ਪਹੁੰਚਾਇਆ ਜਾਵੇਗਾ।ਇਸ ਮੌਕੇ ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਜਸਬੀਰ ਸਿੰਘ ਵੈਰੋਵਾਲ ਅਤੇ ਬਲਦੇਵ ਸਿੰਘ ਪੰਡੋਰੀ ਨੇ ਸਰਕਾਰਾਂ 'ਤੇ ਤਿੱਖੇ ਹਮਲੇ ਕਰਦਿਆਂ ਕਿਹਾ ਕਿ ਕੇਂਦਰ ਤੇ ਪੰਜਾਬ ਦੋਵਾਂ ਸਰਕਾਰਾਂ ਵੱਲੋਂ ਮਜ਼ਦੂਰਾਂ ਨਾਲ ਵੱਡਾ ਵਿਤਕਰਾ ਹੋ ਰਿਹਾ ਹੈ।ਉਨ੍ਹਾਂ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਦੇ ਵੀ ਮਜ਼ਦੂਰਾਂ ਦੇ ਹੱਕ ਵਿੱਚ ਕੋਈ ਐਲਾਨ ਨਹੀਂ ਕੀਤਾ, ਜਦੋਂਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਕੈਬਨਿਟ ਮੀਟਿੰਗਾਂ ਵਿੱਚ ਮਜ਼ਦੂਰਾਂ ਦੇ ਮੁੱਦਿਆਂ 'ਤੇ ਕੋਈ ਵਿਚਾਰ ਨਹੀਂ ਕੀਤਾ।ਆਗੂਆਂ ਨੇ ਦੱਸਿਆ ਕਿ ਭਾਰੀ ਬਾਰਿਸ਼ਾਂ ਕਾਰਨ ਸੈਂਕੜੇ ਘਰਾਂ ਦੇ ਕੋਠੇ ਢਹਿ ਗਏ ਹਨ ਅਤੇ ਹਜ਼ਾਰਾਂ ਬਾਲਿਆਂ ਵਾਲਿਆਂ ਛੱਤਾਂ ਡਿੱਗਣ ਲੱਗ ਪਈਆਂ ਹਨ।ਉਨ੍ਹਾਂ ਮੰਗ ਕੀਤੀ ਕਿ ਸਰਕਾਰ ਡਿੱਗੇ ਘਰਾਂ ਦੇ ਨਿਰਮਾਣ ਲਈ 25 ਲੱਖ ਰੁਪਏ, ਬਾਲਿਆਂ ਵਾਲੀਆਂ ਛੱਤਾਂ ਦੀ ਮੁਰੰਮਤ ਲਈ ਘੱਟੋ-ਘੱਟ 5 ਲੱਖ ਰੁਪਏ ਗ੍ਰਾਂਟ ਅਤੇ ਮਨਰੇਗਾ ਪਰਿਵਾਰ ਪ੍ਰਭਾਵਿਤ ਪਰਿਵਾਰਾਂ ਨੂੰ ਤਿੰਨ ਮਹੀਨਿਆਂ ਦੀ ਦਿਹਾੜੀ ਪ੍ਰਤੀ ਮਹੀਨਾ 15 ਹਜ਼ਾਰ ਰੁਪਏ ਦਿਹਾੜੀ ਮੁਆਵਜ਼ਾ ਜਾਰੀ ਕਰੇ।ਇਸ ਤੋਂ ਇਲਾਵਾ ਉਨ੍ਹਾਂ ਨੇ ਕਿਹਾ ਕਿ ਕੇਂਦਰ ਅਤੇ ਪੰਜਾਬ ਸਰਕਾਰ ਦੀਆਂ ਮਜ਼ਦੂਰ ਮਾਰੂ ਨੀਤੀਆਂ ਕਾਰਨ ਮਨਰੇਗਾ ਕੰਮ ਪੂਰੀ ਤਰ੍ਹਾਂ ਬੰਦ ਹੋ ਚੁੱਕੇ ਹਨ ਜਿਸ ਨਾਲ ਮਜ਼ਦੂਰ ਘਰਾਂ ਵਿੱਚ ਬੇਰੁਜ਼ਗਾਰ ਬੈਠੇ ਹਨ।



# ਹੜ੍ਹਾਂ ਦੇ ਖੌਫਜ਼ਦਾ ਮਾਹੌਲ ਨੇ 62 ਸਾਲਾ ਬਜ਼ੁਰਗ ਮਾਤਾ ਦੀ ਜਾਨ ਲੈ ਲਈ

ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)-ਸਰਹੱਦੀ ਹਲਕਾ ਡੇਰਾ ਬਾਬਾ ਨਾਨਕ ਦੇ ਪਿੰਡ ਖੰਦੋਵੋਏ ਦੇ ਡੇਰਿਆਂ ਤੇ ਰਹਿੰਦੀ 62 ਸਾਲਾ ਬਜ਼ੁਰਗ ਮਾਤਾ ਦੀ ਹੜ੍ਹਾਂ ਦੇ ਸਹਿਮ ਭਰੇ ਮਾਹੌਲ 'ਚ ਮੌਤ ਦਾ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਜਾਣਕਾਰੀ ਦਿੰਦੇ ਹੋਏ ਮ੍ਰਿਤਕ ਬਲਵਿੰਦਰ ਕੌਰ ਦੇ ਪੁੱਤਰ ਅੰਮ੍ਰਿਤਪਾਲ ਸਿੰਘ, ਖੰਦੋਵੋਏ ਦੇ ਸਾਬਕਾ ਸਰਪੰਚ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਬੀਤੇ ਦਿਨੀਂ ਰਾਵੀ ਦਰਿਆ 'ਚ ਆਏ ਹੜ੍ਹਾਂ ਨਾਲ ਜਿੱਥੇ ਇਲਾਕੇ ਦਾ ਬਹੁਤ ਸਾਰਾ ਨੁਕਸਾਨ ਹੋਇਆ ਉੱਥੇ ਪਿੰਡਾਂ ਅਤੇ ਡੇਰਿਆਂ 'ਤੇ ਰਹਿੰਦੇ ਲੋਕਾਂ ਦਾ ਵੀ ਭਾਰੀ ਨੁਕਸਾਨ ਹੋਇਆ।ਉਨ੍ਹਾਂ ਦੀ ਫ਼ਸਲ ਅਤੇ ਘਰ ਦਾ ਸਾਰਾ ਸਾਮਾਨ ਖ਼ਰਾਬ ਹੋ ਗਿਆ।ਉਨ੍ਹਾਂ ਕਿਹਾ ਕਿ ਮਾਤਾ ਬਲਵਿੰਦਰ ਕੌਰ ਕਈ ਦਿਨਾਂ ਤੋਂ ਘਰ ਦੀ ਛੱਤ 'ਤੇ ਬਣਾਏ ਤਰਪਾਲ ਦੇ ਤੰਬੂ 'ਚ ਰਹਿ ਰਹੀ ਸੀ। ਮਾਤਾ ਬਲਵਿੰਦਰ ਕੌਰ ਦਾ ਉਸਦੇ ਖੇਤਾਂ 'ਚ ਹੀ ਅੰਤਿਮ ਸੰਸਕਾਰ ਕੀਤਾ ਗਿਆ ਕਿਉਂਕਿ ਖੰਦੋਵੋਏ ਦੇ ਚਾਰ ਚੁਫੇਰੇ ਅਤੇ ਸ਼ਮਸ਼ਾਨਘਾਟ 'ਚ ਹੜ੍ਹ ਦਾ ਪਾਣੀ ਭਰਿਆ ਹੋਇਆ ਹੈ।ਅਜੇ ਜਾਣ 'ਚ ਬਹੁਤ ਸਾਰੀਆਂ ਮੁਸ਼ਕਿਲਾਂ ਆ ਰਹੀਆਂ ਹਨ।ਇਸ ਮੌਕੇ ਪਰਿਵਾਰਕ ਮੈਂਬਰਾਂ ਨੇ ਪੰਜਾਬ ਸਰਕਾਰ ਤੇ ਪ੍ਰਸ਼ਾਸਨਿਕ ਅਧਿਕਾਰੀਆਂ ਤੋਂ ਮੰਗ ਕੀਤੀ ਮਾਤਾ ਪਰਿਵਾਰਕ ਮੈਂਬਰਾਂ ਦੀ ਸਾਰ ਲਈ ਜਾਵੇ।



# ਪ੍ਰਿੰ. ਅਮਰਪ੍ਰੀਤ ਕੌਰ ਡਾਕਟਰੇਟ ਦੀ ਉਪਾਧੀ ਨਾਲ ਸਨਮਾਨਿਤ

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਜੰਡਿਆਲਾ ਗੁਰੂ ਦੀ ਪ੍ਰਿੰ. ਅਮਰਪ੍ਰੀਤ ਕੌਰ ਨੂੰ ਮੋਰੀਗੌਂਡ ਸਟੇਟ ਯੂਨੀਵਰਸਿਟੀ ਵੱਲੋਂ ਇੱਕ ਪੀ. ਐੱਚਡੀ. (ਡਾਕਟਰ ਆਫ ਫਿਲਾਸਫੀ) ਨਾਲ ਸਨਮਾਨਿਤ ਕੀਤਾ ਗਿਆ।ਉਨ੍ਹਾਂ ਦੀ ਲਗਨ ਅਤੇ ਗਿਆਨ ਦੀ ਪ੍ਰਾਪਤੀ ਪ੍ਰਤੀ ਵਚਨਬੱਧਤਾ ਸਮੂਹ ਅਧਿਆਪਕਾਂ ਲਈ ਇੱਕ ਪ੍ਰੇਰਨਾ ਸਰੋਤ ਹੈ।ਉਨ੍ਹਾਂ ਨੇ ਇਸ ਪ੍ਰਾਪਤੀ ਨਾਲ ਸੰਸਥਾ ਦਾ ਵੀ ਮਾਣ ਵਧਾਇਆ ਹੈ ਅਤੇ ਆਪਣੇ ਅਧਿਆਪਕਾਂ ਨੂੰ ਵੀ ਇਹ ਪ੍ਰੇਰਨਾ ਦਿੱਤੀ ਹੈ ਕਿ ਉਹ ਬੱਚਿਆਂ ਨੂੰ ਪੜ੍ਹਾਉਣ ਦੇ ਨਾਲ ਨਾਲ ਆਪਣੀ ਵਿੱਦਿਅਕ ਯੋਗਤਾ ਨੂੰ ਵੀ ਵਧਾਉਂਦੇ ਰਹਿਣ ਅਤੇ ਆਪਣੇ ਗਿਆਨ ਵਿੱਚ ਹੋਰ ਵਾਧਾ ਕਰਨ।ਇਸ ਮੌਕੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਡਾ. ਮੰਗਲ ਸਿੰਘ ਕਿਸ਼ਨਪੁਰੀ ਨੇ ਕਿਹਾ ਕਿ ਮਨ ਵਿੱਚ ਦ੍ਰਿੜ੍ਹ ਵਿਸ਼ਵਾਸ ਹੋਵੇ ਤਾਂ ਸਭ ਕੁਝ ਪ੍ਰਾਪਤ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਸਿੱਖਣ ਦੀ ਚੇਟਕ ਕਦੇ ਰੁਕਦੀ ਨਹੀਂ।ਪ੍ਰਿੰ. ਅਮਰਪ੍ਰੀਤ ਕੌਰ ਨੇ ਆਪਣੀ ਸਫਲਤਾ ਨੂੰ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਡਾ. ਮੰਗਲ ਸਿੰਘ ਕਿਸ਼ਨਪੁਰੀ ਨੂੰ ਸਮਰਪਿਤ ਕੀਤਾ ਅਤੇ ਕਿਹਾ ਕਿ ਇਹ ਪ੍ਰਾਪਤੀ ਸ੍ਰੀ ਕਿਸ਼ਨਪੁਰੀ ਦੇ ਯੋਗ ਮਾਰਗਦਰਸ਼ਨ ਸਦਕਾ ਹੋਈ ਹੈ।ਸਮੂਹ ਸਟਾਫ ਨੇ ਪ੍ਰਿੰ. ਅਮਰਪ੍ਰੀਤ ਕੌਰ ਨੂੰ ਵਧਾਈਆਂ ਦਿੱਤੀਆਂ।ਇਸ ਮੌਕੇ ਸਕੂਲ ਦੇ ਵਾਈਸ ਪ੍ਰਿੰਸੀਪਲ ਗੁਰਪ੍ਰੀਤ ਕੌਰ, ਸ਼ਿਲਪਾ ਸ਼ਰਮਾ ਕੁਆਰਡੀਨੇਟਰ, ਨੀਲਾਕਸ਼ੀ ਗੁਪਤਾ ਕੁਆਰਡੀਨੇਟਰ, ਸਮੂਹ ਸਟਾਫ ਅਤੇ ਬੱਚਿਆਂ ਨੇ ਇਸ ਪ੍ਰਾਪਤੀ ਲਈ ਦਿੱਤੀਆਂ ਅਤੇ ਚਾਹ ਪਾਰਟੀ ਦਾ ਆਨੰਦ ਮਾਣਿਆ।



# ਪੁਰਾਣਾ ਸ਼ਾਲਾ 'ਚ ਪੈਨਸ਼ਨਰਾਂ ਵੱਲੋਂ ਇਕ ਦਿਨ ਦੀ ਪੈਨਸ਼ਨ ਹੜ੍ਹ ਪੀੜਤਾਂ ਨੂੰ ਦੇਣ ਦਾ ਐਲਾਨ

ਗੁਰਦਾਸਪੁਰ, (ਜਨਕ ਮਹਾਜਨ)- ਪਾਵਰਕਾਮ ਅਤੇ ਟਰਾਂਸਕੋ ਤੇ ਪੁਰਾਣਾ ਸ਼ਾਲਾ ਦੀ ਮਹੀਨਾਵਾਰ ਮੀਟਿੰਗ ਸ਼ਰਿਫ ਪੱਪੂ ਸਹਾਇਕ ਸਕੱਤਰ ਮੰਡਲ ਗੁਰਦਾਸਪੁਰ ਤੇ ਸਰਕਲ ਸਕੱਤਰ ਗੁਰਦਾਸਪੁਰ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਪੈਨਸ਼ਨਰਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਮੀਟਿੰਗ ਵਿੱਚ ਪੈਨਸ਼ਨਰਾਂ ਦੀਆਂ ਮੰਗਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਦਰਸ਼ਨ ਸਿੰਘ ਬਾਜਵਾ, ਰਘਬੀਰ ਸਿੰਘ, ਤਰਸੇਮ ਲਾਲ, ਇੰਜੀਨੀਅਰ ਮਨੀ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਤੇ ਪਾਵਰਕਾਮ ਮੈਨੇਜਮੈਂਟ ਸਾਡੀਆਂ ਲੰਬੇ ਸਮੇਂ ਤੋਂ ਲਟਕਦੀਆਂ ਮੰਗਾਂ ਨਹੀਂ ਮੰਨ ਰਹੀ ਜਿਸ ਕਰਕੇ ਪੈਨਸ਼ਨਰਾਂ ਅੰਦਰ ਪੰਜਾਬ ਸਰਕਾਰ ਤੇ ਪਾਵਰਕਾਮ ਮੈਨੇਜਮੈਂਟ ਖਿਲਾਫ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਮੌਕੇ ਪੈਨਸ਼ਨਰਾਂ ਨੇ ਆਪਣੀ ਪੈਨਸ਼ਨ ਵਿੱਚੋਂ ਇੱਕ ਦਿਨ ਦੀ ਪੈਨਸ਼ਨ ਹੜ੍ਹ ਪੀੜਤਾਂ ਨੂੰ ਦੇਣ ਦਾ ਵੀ ਐਲਾਨ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਬਕਾ ਇੰਜੀਨੀਅਰ ਮਨੀ ਸਿੰਘ, ਮਲਕੀਤ ਸਿੰਘ, ਸਾਬਕਾ ਇੰਜੀਨੀਅਰ ਸਰਵਨ ਸਿੰਘ, ਇੰਜੀਨੀਅਰ ਮਹਿੰਦਰ ਸਿੰਘ ਬਿੱਛੋਆਂ, ਬਲਦੇਵ ਸਿੰਘ, ਸੁਖਵਿੰਦਰ ਸਿੰਘ, ਸਤਨਾਮ ਸਿੰਘ, ਦਰਸ਼ਨ ਲਾਲ, ਰਜਿੰਦਰ ਕੌਰ, ਮਨਜੀਤ ਕੌਰ, ਸੁਰਜੀਤ ਸਿੰਘ ਭੱਟੀਆਂ, ਹੀਰਾ ਸਿੰਘ, ਹਰਭਜਨ ਸਿੰਘ ਮੰਡ, ਠਾਕਰ ਮਦਨ ਲਾਲ, ਸੁਖਜੀਤ ਸਿੰਘ, ਮੁੱਖਾ ਸਿੰਘ, ਗੁਰਦੀਪ ਸਿੰਘ ਸੈਣੀ, ਸੁਰਿੰਦਰ ਸਿੰਘ ਸੈਣੀ, ਤਸਵੀਰ ਸਿੰਘ, ਦਰਸ਼ਨ ਲਾਲ, ਜਸਵੰਤ ਸਿੰਘ ਆਦਿ ਹਾਜ਼ਰ ਸਨ।



# ਗਰਭਵਤੀ ਮਾਵਾਂ ਤੇ ਬੱਚਿਆਂ ਨੂੰ ਘਰ-ਘਰ ਪਹੁੰਚਾਇਆ ਜਾ ਰਿਹਾ ਸਪਲੀਮੈਂਟਰੀ ਨਿਊਟਰੀਸ਼ਨ

***ਹੜ੍ਹ ਪ੍ਰਭਾਵਿਤ ਖੇਤਰਾਂ ਦੇ 9546 ਲਾਭਪਾਤਰੀਆਂ ਨਾਲ ਆਂਗਨਵਾੜੀ ਵਰਕਰਾਂ ਕਰ ਰਹੀਆਂ ਨੇ ਰਾਬਤਾ ਕਾਇਮ**

ਅੰਮ੍ਰਿਤਸਰ, (ਸੁਖਤਿੰਦਰ ਸਿੰਘ ਰਾਜੂ)-ਰਾਵੀ ਦਰਿਆ ਨਾਲ ਲੱਗਦੇ ਅਜਨਾਲਾ ਖੇਤਰ ਦੇ 195 ਪਿੰਡ ਹੜ੍ਹਾਂ ਦੀ ਮਾਰ ਹੇਠ ਆਉਣ ਨਾਲ ਆਂਗਨਵਾੜੀ ਸੈਂਟਰ ਬੰਦ ਹੋ ਗਏ ਸਨ, ਜਿਸ ਕਰਕੇ ਹੜ੍ਹ ਪ੍ਰਭਾਵਿਤ ਖੇਤਰ ਦੀਆਂ ਗਰਭਵਤੀ ਅਤੇ ਨਰਸਿੰਗ ਮਾਂਵਾਂ ਤੋਂ ਇਲਾਵਾ ਜਿਸ ਵਿੱਚ 06 ਮਹੀਨਿਆਂ ਤੋਂ 06 ਸਾਲ ਦੇ ਬੱਚੇ ਵੀ ਸ਼ਾਮਲ ਹਨ, ਨੂੰ ਸਪਲੀਮੈਂਟਰੀ ਨਿਊਟਰੀਸ਼ਨ ਤਹਿਤ ਮਿੱਠਾ ਦਲੀਆ, ਨਮਕੀਨ ਦਲੀਆ, ਖਿਚੜੀ, ਮੁਰਮੁਰਾ ਘਰ-ਘਰ ਤੱਕ ਮੁਹੱਈਆ ਕਰਵਾਇਆ ਜਾ ਰਿਹਾ ਹੈ।

ਹੁਣ ਤੱਕ ਬਲਾਕ ਅਜਨਾਲਾ, ਚੋਗਾਵਾਂ ਅਤੇ ਬਾਬਾ ਬਕਾਲਾ ਦੇ 78 ਪਿੰਡਾਂ ਵਿੱਚ ਇਹ ਸਪਲੀਮੈਂਟਰੀ ਨਿਊਟਰੀਸ਼ਨ ਦਿੱਤਾ ਜਾ ਚੁੱਕਾ ਹੈ ਅਤੇ ਸਪਲਾਈ ਲਗਾਤਾਰ ਕੀਤੀ ਜਾ ਰਹੀ ਹੈ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਦੱਸਿਆ ਕਿ ਜ਼ਿਲ੍ਹਾ ਪ੍ਰੋਗਰਾਮ ਅਫਸਰ ਸੁਮਨਦੀਪ ਕੌਰ ਦੀ ਅਗਵਾਈ ਹੇਠ ਆਂਗਨਵਾੜੀ ਵਰਕਰ ਘਰ-ਘਰ ਜਾ ਕੇ ਲਾਭਪਾਤਰੀਆਂ ਨਾਲ ਰਾਬਤਾ ਕਾਇਮ ਕਰ ਰਹੀਆਂ ਹਨ ਅਤੇ ਉਨ੍ਹਾਂ ਨੂੰ ਲੋੜ ਅਨੁਸਾਰ ਸਿਹਤ ਲਈ ਲੋੜੀਂਦੀ ਸਮੱਗਰੀ ਮੁਹੱਈਆ ਕਰਵਾਈ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਜਿਉਂ ਜਿਉਂ ਹੜ੍ਹਾਂ ਦਾ ਪਾਣੀ ਲੱਥ ਰਿਹਾ ਹੈ ਤਿਉਂ ਤਿਉਂ ਜ਼ਿੰਦਗੀ ਨੂੰ ਪਟੜੀ ਤੇ ਲਿਆਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।ਜ਼ਿਲ੍ਹਾ ਪ੍ਰੋਗਰਾਮ ਅਫਸਰ ਸੁਮਨਦੀਪ ਕੌਰ ਨੇ ਦੱਸਿਆ ਕਿ ਹੜ੍ਹ ਪ੍ਰਭਾਵਿਤ ਖੇਤਰਾਂ ਦੇ ਕੁਲ 9596 ਲਾਭਪਾਤਰੀ ਸਨ ਜਿਨ੍ਹਾਂ ਨੂੰ ਸਾਡੀ ਟੀਮਾਂ



ਲਗਾਤਾਰ ਸੰਪਰਕ ਬਣਾ ਰਹੀਆਂ ਹਨ ਅਤੇ ਗਰਭਵਤੀ ਮਾਵਾਂ ਨੂੰ ਸਪਲੀਮੈਂਟ ਨਿਊਟਰੀਸ਼ਨ ਮੁਹੱਈਆ ਕਰਵਾਇਆ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਆਂਗਨਵਾੜੀ ਵਰਕਰਾਂ ਖਾਸ ਤੌਰ ਤੇ ਗਰਭਵਤੀ ਔਰਤਾਂ ਅਤੇ ਛੋਟੇ ਬੱਚਿਆਂ ਵੱਲ ਵਿਸ਼ੇਸ਼ ਧਿਆਨ ਦੇ ਕੇ ਇਨ੍ਹਾਂ ਨੂੰ ਰਾਹਤ ਸਮੱਗਰੀ ਪਹੁੰਚਾ ਰਹੀਆਂ ਹਨ।ਇਸ ਮੌਕੇ ਸੀਡੀਪੀਓ ਜਸਪ੍ਰੀਤ ਸਿੰਘ ਸੀਡੀਪੀਓ ਅਜਨਾਲਾ ਵਿਕਰਮਜੀਤ ਸਿੰਘ, ਸ਼ਰਨਜੀਤ ਕੌਰ, ਰਾਜਵਿੰਦਰ ਕੌਰ, ਸੁਪਰਵਾਈਜ਼ਰ ਰਸ਼ਮੀਤ ਕੌਰ ਆਦਿ ਹਾਜ਼ਰ ਸਨ।

# 'ਐੱਨ ਜੀ ਓ ਸਹਿਯੋਗ ਕੇਅਰ ਫਾਰ ਯੂ ਨਵੀਂ ਦਿੱਲੀ' ਹੜ੍ਹ ਪੀੜਤਾਂ ਦੀ ਮਦਦ ਲਈ ਅੱਗੇ ਆਈ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਜ਼ਿਲ੍ਹਾ ਗੁਰਦਾਸਪੁਰ ਦੇ ਹੜ੍ਹ ਪ੍ਰਭਾਵਿਤ ਲੋਕਾਂ ਦੀ ਸਹਾਇਤਾ ਲਈ ਜਿੱਥੇ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਯਤਨ ਲਗਾਤਾਰ ਜਾਰੀ ਹਨ ਓਥੇ ਸਮਾਜ ਸੇਵੀ ਸੰਸਥਾਵਾਂ ਵੀ ਹੜ੍ਹ ਪੀੜ੍ਹਤਾਂ ਦੀ ਦਿਲ ਖੋਲ੍ਹ ਕੇ ਮਦਦ ਕਰ ਰਹੀਆਂ ਹਨ।ਇਸੇ ਤਰ੍ਹਾਂ ਨਵੀਂ ਦਿੱਲੀ ਦੀ ਐੱਨਜੀਓ ਸਹਿਯੋਗ ਕੇਅਰ ਫਾਰ ਯੂ ਹੜ੍ਹ ਪੀੜਤਾਂ ਦੀ ਮਦਦ ਲਈ ਅੱਗੇ ਆਈ ਹੈ।ਇਸ ਸੰਸਥਾ ਵੱਲੋਂ ਹੜ੍ਹ ਪੀੜਤਾਂ ਲਈ ਜ਼ਰੂਰੀ ਸਾਮਾਨ ਦਾ ਟਰੱਕ ਜ਼ਿਲ੍ਹਾ ਪ੍ਰਸ਼ਾਸਨ ਨੂੰ ਭੇਟ ਕੀਤਾ ਗਿਆ ਹੈ।ਇਸ ਰਾਹਤ ਸਮਗਰੀ ਨੂੰ ਜ਼ਿਲ੍ਹਾ ਸਹਾਇਤਾ ਕੇਂਦਰ ਦੇ ਨੋਡਲ ਅਧਿਕਾਰੀ ਆਰਟੀਓ ਮੈਡਮ ਨਵਜੋਤ ਸ਼ਰਮਾ ਵੱਲੋਂ ਪ੍ਰਾਪਤ ਕੀਤਾ ਗਿਆ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐੱਨਜੀਓ ਦੇ ਪ੍ਰਬੰਧਕਾਂ ਵੱਲੋਂ ਦੱਸਿਆ ਗਿਆ ਕਿ ਉਨ੍ਹਾਂ ਦੀ ਸੰਸਥਾ ਮਨੁੱਖਤਾ ਦੀ ਭਲਾਈ ਲਈ ਦੇਸ਼ ਭਰ ਵਿੱਚ ਸਰਗਰਮ ਹੈ ਅਤੇ ਜਿਵੇਂ ਹੀ ਉਨ੍ਹਾਂ ਨੂੰ ਪਤਾ ਲੱਗਾ ਕਿ ਪੰਜਾਬ ਵਿੱਚ ਇਸ ਵਾਰ ਭਾਰੀ ਹੜ੍ਹ ਆਇਆ ਹੈ ਤਾਂ ਉਨ੍ਹਾਂ ਵੱਲੋਂ ਹੜ੍ਹ ਪ੍ਰਭਾਵਿਤ ਲੋਕਾਂ ਲਈ ਸਹਾਇਤਾ ਦਿੱਤੀ ਗਈ ਅਤੇ ਸੰਸਥਾ ਵੱਲੋਂ ਇੱਕ ਟਰੱਕ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਨਿਯੁਕਤ ਨੋਡਲ ਅਫਸਰ ਆਰਟੀਏ ਨਵਜੋਤ ਸ਼ਰਮਾ ਨੂੰ ਭੇਟ ਕੀਤਾ ਗਿਆ।ਉਨ੍ਹਾਂ ਦੱਸਿਆ ਕਿ ਐੱਨਜੀਓ ਵੱਲੋਂ ਹੜ੍ਹ ਪੀੜਤਾਂ ਨੂੰ ਭੇਟ ਕੀਤੇ ਸਾਮਾਨ ਵਿੱਚ ਮਹਿਲਾਵਾਂ, ਬੱਚਿਆਂ, ਬਜ਼ੁਰਗਾਂ ਲਈ ਜ਼ਰੂਰੀ ਸਾਮਾਨ ਮੁਹੱਈਆ ਕਰਵਾਇਆ



ਗਿਆ ਹੈ, ਜਿਸ ਵਿੱਚ ਖਾਣ ਪੀਣ ਦਾ ਸਾਮਾਨ ਆਦਿ ਵੀ ਸ਼ਾਮਿਲ ਹੈ।ਇਹ ਸਾਰਾ ਸਾਮਾਨ ਐੱਨਜੀਓ ਦੇ ਮੈਂਬਰ ਸਮਾਜ ਸੇਵਕ ਵਿਨੋਦ ਮਹਾਜਨ ਦੀ ਅਗਵਾਈ ਵਿਚ ਹੋਰ ਮੈਂਬਰਾਨ ਸਾਹਿਲ, ਤਰੁਣ ਮਹਾਜਨ ,ਵਿਕਾਸ, ਰਵਿੰਦਰ ਸੋਡੀ, ਰਾਕੇਸ਼, ਰਿਸ਼ੀ ਅਸ਼ਵਨੀ, ਰਾਮਜੀ, ਅਨੂਪ ਵੱਲੋਂ ਜ਼ਿਲ੍ਹਾ ਪ੍ਰਸ਼ਾਸ਼ਨ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਹੜ੍ਹ ਪੀੜਤ ਇਲਾਕੇ ਦੇ ਘਰ-ਘਰ ਜਾ ਕੇ ਲੋੜਵੰਦਾਂ ਨੂੰ ਭੇਟ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਐੱਨਜੀਓ ਵੱਲੋਂ ਫਿਰ ਦੁਬਾਰਾ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਨੂੰ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਪੂਰਾ ਯੋਗਦਾਨ ਦੇਣ ਲਈ ਵਚਨਬੱਧ ਹੈ।

# ਆਰ. ਡੀ. ਖੋਸਲਾ ਡੀ ਏ ਵੀ ਸਕੂਲ ਵੱਲੋਂ ਗਲੋਬਲ ਯੂਥ ਸਮਿਟ ਇੰਟਰਨੈਸ਼ਨਲ ਮੁਕਾਬਲੇ 'ਚ ਸ਼ਾਨਦਾਰ ਪ੍ਰਦਰਸ਼ਨ

ਬਟਾਲਾ (ਡਾ. ਮਲਵਿੰਦਰ ਸਿੰਘ)-ਆਰ. ਡੀ. ਖੋਸਲਾ ਡੀਏਵੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਨੇ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਕਿ ਸੁਪਨਿਆਂ ਦੀ ਕੋਈ ਸੀਮਾ ਨਹੀਂ ਹੁੰਦੀ।15 ਵਿਦਿਆਰਥੀਆਂ ਦੀ ਇੱਕ ਟੀਮ ਨੇ ਹਾਲ ਹੀ ਵਿੱਚ ਆਈਆਈਟੀ ਨਵੀਂ ਦਿੱਲੀ ਵਿਖੇ ਆਯੋਜਿਤ ਨਵੀਂ ਦਿੱਲੀ ਗਲੋਬਲ ਨੌਜਵਾਨ ਸਿਖਰ ਸੰਮੇਲਨ ਵਿੱਚ ਸਕੂਲ ਦੀ ਨੁਮਾਇੰਦਗੀ ਕੀਤੀ।ਇਸ ਅੰਤਰਰਾਸ਼ਟਰੀ ਪਲੇਟਫਾਰਮ ਵਿੱਚ ਲਗਭਗ 2900 ਵਿਦਿਆਰਥੀਆਂ ਨੇ ਹਿੱਸਾ ਲਿਆ। ਤਰੁਣਪ੍ਰੀਤ ਸਿੰਘ, ਰੌਕਦੀਪ ਸਿੰਘ, ਮਨਸ਼ੂ ਮਹਾਜਨ, ਰੁਦਰ ਰੇਹਾਨ, ਅਨੰਨਿਆ ਸ਼ਰਮਾ ਅਤੇ ਰੀਆ ਸ਼ਰਮਾ ਨੇ ਮਾਰਕੀਟਿੰਗ ਮੁਕਾਬਲੇ ਵਿੱਚ ਹਿੱਸਾ ਲਿਆ।ਰੁਦਰ ਰੇਹਾਨ, ਰੀਆ ਸ਼ਰਮਾ ਅਤੇ ਅਨੰਨਿਆ ਸ਼ਰਮਾ ਦੀ ਟੀਮ ਨੇ ਸ਼ਾਨਦਾਰ ਪ੍ਰਤਿਭਾ ਦਿਖਾਈ ਅਤੇ ਦੂਜਾ ਸਥਾਨ ਪ੍ਰਾਪਤ ਕਰਕੇ ਸਕੂਲ ਅਤੇ ਸ਼ਹਿਰ ਦਾ ਨਾਮ ਰੌਸ਼ਨ ਕੀਤਾ।ਸਕਸ਼ਮ ਮਹਾਜਨ, ਯਤਿਸ਼ ਮਹਾਜਨ, ਪਰੋਪਕਾਰ ਸਿੰਘ, ਅੰਕੁਰਪ੍ਰੀਤ ਸਿੰਘ, ਨਿਅਤੀ ਖੰਨਾ, ਸੰਜਨਾ ਸੂਦ ਅਤੇ ਸੰਦੀਪ ਕੌਰ ਨੇ ਗ੍ਰੀਨਓਵੇਸ਼ਨ ਕਮੇਟੀ ਵਿੱਚ ਆਪਣੇ ਵਿਚਾਰ ਪੇਸ਼ ਕੀਤੇ, ਜੋ ਸਥਿਰਤਾ ਅਤੇ ਵਾਤਾਵਰਣਕ ਹੱਲਾਂ 'ਤੇ ਕੇਂਦ੍ਰਿਤ ਸਨ।ਜਪਕੀਰਤ ਕੌਰ ਨੇ ਅੰਤਰਰਾਸ਼ਟਰੀ ਪ੍ਰੈੱਸ ਕਮੇਟੀ ਵਿੱਚ ਰਿਪੋਰਟਿੰਗ ਅਤੇ ਵਿਸ਼ਲੇਸ਼ਣ ਲਈ ਆਪਣੀ ਪ੍ਰਤਿਭਾ ਦਿਖਾਈ, ਜਦੋਂ ਕਿ ਪਹਿਲ ਤ੍ਰੇਹਨ ਨੇ ਯੂਐੱਨਈਪੀ ਕਮੇਟੀ ਵਿੱਚ ਆਪਣੇ ਵਿਚਾਰ ਪੇਸ਼ ਕਰਕੇ ਲੀਡਰਸ਼ਿਪ ਅਤੇ ਵਿਸ਼ਵਵਿਆਪੀ ਜਾਗਰੂਕਤਾ ਦਾ ਪ੍ਰਦਰਸ਼ਨ ਕੀਤਾ। ਇਸ ਅੰਤਰਰਾਸ਼ਟਰੀ ਅਨੁਭਵ ਨੇ ਨਾ ਸਿਰਫ਼ ਵਿਦਿਆਰਥੀਆਂ ਨੂੰ



ਸਿੱਖਣ, ਗੱਲਬਾਤ ਕਰਨ ਅਤੇ ਵਿਸ਼ਵਵਿਆਪੀ ਸਾਥੀਆਂ ਨਾਲ ਮੁਕਾਬਲਾ ਕਰਨ ਦਾ ਮੌਕਾ ਦਿੱਤਾ, ਸਗੋਂ ਇਸ ਨੇ ਉਨ੍ਹਾਂ ਨੂੰ ਵੱਡੇ ਸੁਪਨੇ ਵੇਖਣ ਲਈ ਪ੍ਰੇਰਿਤ ਵੀ ਕੀਤਾ। ਇਸ ਨੇ ਉਹਨਾਂ ਲਈ ਨਵੇਂ ਮੌਕਿਆਂ ਦੇ ਰਸਤੇ ਖੋਲ ਦਿੱਤੇ ਅਤੇ ਉਹਨਾਂ ਨੂੰ ਭਵਿੱਖ ਦੀਆਂ ਚੁਣੌਤੀਆਂ ਲਈ ਤਿਆਰ ਕੀਤਾ।ਸਕੂਲ ਚੇਅਰਮੈਨ ਅਰਵਿੰਦ ਖੋਸਲਾ, ਪ੍ਰੈਜ਼ੀਡੈਂਟ ਅਜੈ ਖੋਸਲਾ ਤੇ ਪ੍ਰਿੰ. ਬਿੰਦੂ ਭੱਲਾ ਨੇ ਪ੍ਰਤੀਯੋਗੀਆਂ, ਉਨ੍ਹਾਂ ਦੇ ਮਾਪਿਆਂ ਤੇ ਅਧਿਆਪਕਾਂ ਨੂੰ ਹਾਰਦਿਕ ਵਧਾਈ ਦਿੰਦੇ ਹੋਏ ਵਿਦਿਆਰਥੀਆਂ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਮੰਚ ਟੀਮ ਵਰਕ ਅਤੇ ਅਗਵਾਈ ਦੀ ਭਾਵਨਾ ਨੂੰ ਮਜ਼ਬੂਤ ਕਰਦਾ ਹੈ ਅਤੇ ਵਿਦਿਆਰਥੀਆਂ ਨੂੰ ਸੱਚਾ ਨਾਗਰਿਕ ਬਣਨ ਦੀ ਰਾਹ ਦਿਖਾਉਂਦਾ ਹੈ।

# ਮੁਆਵਜ਼ੇ ਵਜੋਂ 1600 ਕਰੋੜ ਦਾ ਐਲਾਨ ਕਰਕੇ ਕੇਂਦਰ ਨੇ ਪੰਜਾਬ ਨਾਲ ਮਜ਼ਾਕ ਕੀਤਾ: ਸਿੱਕੀ, ਪੱਖੋਕੇ

ਝਬਾਲ (ਹਰਜਿੰਦਰ ਸਿੰਘ ਸੋਨੀ)-ਪ੍ਰੈੱਸ ਨਾਲ ਗੱਲਬਾਤ ਕਰਦਿਆਂ ਕਾਂਗਰਸ ਪਾਰਟੀ ਦੇ ਸਾਬਕਾ ਵਿਧਾਇਕ ਰਮਨਜੀਤ ਸਿੰਘ ਸਿੱਕੀ ਤੇ ਮੀਤ ਪ੍ਰਧਾਨ ਪੰਜਾਬ ਕਾਂਗਰਸ ਪਾਰਟੀ ਰਾਜਬੀਰ ਸਿੰਘ ਪੱਖੋਕੇ ਨੇ ਕਿਹਾ ਕਿ ਕੇਂਦਰ ਨੇ ਇੰਨਾ ਥੋੜ੍ਹਾ ਪੈਕੇਜ ਦੇ ਕੇ ਪੰਜਾਬ ਦੇ ਹੜ੍ਹ ਪੀੜਤਾਂ ਨਾਲ ਮਜ਼ਾਕ ਕੀਤਾ ਹੈ। 1600 ਕਰੋੜ ਨਾਲ ਕੀ ਬਣਨਾ ਕਿਉਂਕਿ ਨੁਕਸਾਨ ਬਹੁਤ ਹੀ ਜ਼ਿਆਦਾ ਹੋਇਆ ਹੈ।ਫਸਲਾਂ ਨਸ਼ਟ ਹੋ ਗਈਆਂ ਹਨ,



ਬਹੁਤ ਸਾਰੇ ਘਰ ਪਾਣੀ ਦੀ ਮਾਰ ਹੇਠ ਆਏ ਹਨ। ਪੰਜਾਬ ਸਰਕਾਰ ਦਾ ਵੀ ਰੋਲ ਇੰਨਾ ਵਧੀਆ ਨਹੀਂ ਰਿਹਾ, ਸਰਕਾਰ ਨੂੰ ਚਾਹੀਦਾ ਹੈ ਕਿ 50000 ਪ੍ਰਤੀ ਏਕੜ ਦੇਵੇ ਤੇ ਮਾਲ ਡੰਗਰ ਤੇ ਘਰਾਂ ਦਾ ਵੱਖ਼ਰੇ ਤੌਰ 'ਤੇ ਮੁਆਵਜ਼ਾ ਦੇਵੇ। ਇਸ ਮੌਕੇ ਰਮਨਜੀਤ ਸਿੰਘ ਸਿੱਕੀ ਤੇ ਰਾਜਬੀਰ ਸਿੰਘ ਪੱਖੋਕੇ ਨੇ ਕਿਹਾ ਕਿ ਅਸੀਂ ਸਾਰੇ ਇਲਾਕੇ ਦਾ ਦੌਰਾ ਕੀਤਾ ਹੈ ਤੇ ਮਦਦ ਵੀ ਕੀਤੀ ਹੈ ਅਤੇ ਅੱਗੇ ਵੀ ਕਾਂਗਰਸ ਪਾਰਟੀ ਮਦਦ ਕਰਦੀ ਰਹੇਗੀ।ਇਸ ਮੌਕੇ ਰਣਜੀਤ ਸਿੰਘ ਰਾਣਾ ਪਵਾਰ, ਕੁਲਦੀਪ ਸਿੰਘ ਪੱਖੋਕੇ, ਕਿਸ਼ਨ ਸਿੰਘ ਪੱਖੋਕੇ, ਕੰਵਰ ਪ੍ਰਗਟ ਸਿੰਘ, ਗੁਰਭੇਜ ਸਿੰਘ, ਬੁੱਧ ਸਿੰਘ ਪੱਖੋਕੇ, ਕੇਵਲ ਸਿੰਘ ਬਾਠ, ਯੁਵਰਾਜ ਸਿੰਘ ਬਾਠ, ਡਾ. ਮਨਜਿੰਦਰ ਸਿੰਘ ਬਾਠ, ਸੁਬੇਗ ਸਿੰਘ ਮਾਲਚੱਕ, ਗੋਗਾ ਪਹਿਲਵਾਨ ਬਾਣੀਆਂ, ਕਰਤਾਰ ਸਿੰਘ ਕੱਲਾ ਅਤੇ ਪ੍ਰਭਜੀਤ ਸਿੰਘ ਦੁੱਗਲਵਾਲ ਆਦਿ ਹਾਜ਼ਰ ਸਨ।

# ਜਥੇ. ਬੁੱਧ ਸਿੰਘ ਜੌਹਲ ਨੂੰ ਵੱਖ-ਵੱਖ ਰਾਜਸੀ ਪਾਰਟੀਆਂ ਦੇ ਨੁਮਾਇੰਦਿਆਂ ਵੱਲੋਂ ਸ਼ਰਧਾਂਜਲੀ

ਤਰਨ ਤਾਰਨ (ਪ੍ਰਿਤਪਾਲ ਸਿੰਘ, ਲਖਵਿੰਦਰ ਸਿੰਘ ਗੋਲਣ, ਰਣਬੀਰ ਸਿੰਘ ਗੋਲਣ)-ਪਿੰਡ ਬਾਣੀਆਂ ਦੇ ਜਥੇਦਾਰ ਬੁੱਧ ਸਿੰਘ ਜੌਹਲ ਜੋ ਕਿ ਉੱਘੇ ਸਮਾਜ ਸੇਵਕ ਅਤੇ ਮਿਲਾਪੜੇ ਸੁਭਾਅ ਵਾਲੇ ਸਨ, ਨੂੰ ਲੋਕ ਉਨ੍ਹਾਂ ਵੱਲੋਂ ਕੀਤੇ ਲੋਕ ਭਲਾਈ ਦੇ ਕੰਮਾਂ ਕਰਕੇ ਸਦਾ ਯਾਦ ਰੱਖਣਗੇ। ਗੁਰੂ ਘਰ ਪ੍ਰਤੀ ਆਪਣੀ ਸੱਚੀ ਸ਼ਰਧਾ ਰੱਖਦੇ ਸਨ।ਸਿਆਸਤ ਵੀ ਉਨ੍ਹਾਂ ਦੇ ਸੁਭਾਅ ਵਿਚ ਸ਼ੁਮਾਰ ਸੀ।



ਉਨ੍ਹਾਂ ਦਾ 80 ਸਾਲ ਦੀ ਉਮਰ 'ਚ ਸੰਖੇਪ ਬਿਮਾਰੀ ਉਪਰੰਤ ਦਿਹਾਂਤ ਹੋ ਗਿਆ।

ਉਨ੍ਹਾਂ ਦੀ ਅੰਤਿਮ ਅਰਦਾਸ ਗੁਰਦੁਆਰਾ ਚੁਬੱਚਾ ਸਾਹਿਬ ਮੰਡਾਲਾ ਵਿਖੇ ਹੋਈ।ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਉਣ ਉਪਰੰਤ ਕੀਰਤਨੀ ਜਥੇ ਵੱਲੋਂ ਕੀਰਤਨ ਕੀਤਾ ਗਿਆ।ਵੱਖ-ਵੱਖ ਧਾਰਮਿਕ, ਸਮਾਜਿਕ, ਰਾਜਨੀਤਿਕ ਜਥੇਬੰਦੀਆਂ ਵੱਲੋਂ ਜਥੇਦਾਰ ਬੁੱਧ ਸਿੰਘ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਤੇ ਸਾਬਕਾ ਵਿਧਾਇਕ ਰਮਨਜੀਤ ਸਿੰਘ ਸਿੱਕੀ ਨੇ ਕਿਹਾ ਕਿ ਜਥੇਦਾਰ ਜੀ ਦੀ ਸਮਾਜ ਨੂੰ ਬਹੁਤ ਵੱਡੀ ਦੇਣ ਹੈ ਉਨ੍ਹਾਂ ਸਮਾਜ ਵਿੱਚ ਕਈ ਕੁਰੀਤੀਆਂ ਨੂੰ ਖਤਮ ਕੀਤਾ ਅਤੇ ਲੋਕਾਂ ਨੂੰ ਗੁਰੂ ਘਰ ਨਾਲ ਜੋੜਿਆ।ਇਸ ਮੌਕੇ ਸਾਬਕਾ ਵਿਧਾਇਕ ਸੰਤੋਖ ਸਿੰਘ ਭਲਈਪੁਰ, ਇਕਬਾਲ ਸਿੰਘ ਸੰਧੂ, ਸੀਨੀਅਰ ਮੀਤ ਪ੍ਰਧਾਨ ਅਲਵਿੰਦਰ ਸਿੰਘ ਪੱਖੋਕੇ, ਗੁਰਬਚਨ ਸਿੰਘ, ਬਲਵਿੰਦਰ ਸਿੰਘ ਵਹੀ, ਗੁਰਸੇਵਕ ਸਿੰਘ, ਗੁਰਦੀਪ ਸਿੰਘ ਜੌਹਲ, ਕੋਮਲ ਸਿੰਘ, ਹਰਮਿੰਦਰ ਪਾਲ ਸਿੰਘ ਮੱਲਾ, ਮਨਜੀਤ ਸਿੰਘ ਮੰਨਾ ਸਾਬਕਾ ਵਿਧਾਇਕ, ਹਰਜਿੰਦਰ ਸਿੰਘ ਢਾਂਡਾ ਆਜ਼ਾਦ ਸੰਘਰਸ਼ ਕਮੇਟੀ ਪੰਜਾਬ, ਨਰਿੰਦਰ ਸਿੰਘ, ਹਰਜਿੰਦਰ ਸਿੰਘ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਕਿਹਾ ਕਿ ਜਥੇਦਾਰ ਦਾ ਚਲੇ ਜਾਣਾ ਸਮਾਜ ਲਈ ਬਹੁਤ ਵੱਡਾ ਘਾਟਾ ਹੈ।

# ਹੜ੍ਹ ਪੀੜਤਾਂ ਦੀ ਸਹਾਇਤਾ ਨੂੰ ਪਹਿਲ

ਮਜੀਠਾ (ਸੋਇਮ ਆਨੰਦ)-ਗੁਰੂ ਨਾਨਕ ਮਾਡਲ ਸਕੂਲ ਮਜੀਠਾ ਵਿਖੇ ਸ਼ਹੀਦ ਭਗਤ ਸਿੰਘ ਮੈਮੋਰੀਅਲ ਸੋਸ਼ਲ ਐਂਡ ਸਪੋਰਟਸ ਵੈੱਲਫੇਅਰ ਸੁਸਾਇਟੀ ਅਮ੍ਰਿਤਸਰ ਦੀ ਇਕ ਅਹਿਮ ਮੀਟਿੰਗ ਪ੍ਰਧਾਨ ਪ੍ਰਿੰਸੀਪਲ ਮਨਜੀਤ ਸਿੰਘ ਭੋਮਾ ਦੀ ਅਗਵਾਈ ਹੇਠ ਹੋਈ।

ਮੀਟਿੰਗ ਵਿੱਚ ਸੁਸਾਇਟੀ ਦੇ ਸਰਗਰਮ ਮੈਂਬਰਾਂ ਨੇ ਸ਼ਿਰਕਤ ਕੀਤੀ ਅਤੇ ਮਹੱਤਵਪੂਰਨ ਫੈਸਲਿਆਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ, ਜਿਸ ਦੇ ਤਹਿਤ ਸਰਬਸੰਮਤੀ ਨਾਲ ਇਹ ਫੈਸਲਾ ਲਿਆ ਗਿਆ ਕਿ ਪੰਜਾਬ ਵਿੱਚ ਹੜ੍ਹਾਂ ਦੀ ਵਿਗੜੀ ਸਥਿਤੀ ਦੇ ਮੱਦੇਨਜ਼ਰ ਸੁਸਾਇਟੀ ਵੱਲੋਂ ਹਰ ਸਾਲ 28 ਸਤੰਬਰ ਨੂੰ ਸ਼ਹੀਦ ਭਗਤ ਸਿੰਘ ਦਾ ਜਨਮ ਦਿਹਾੜਾ ਸ਼ਹੀਦ ਭਗਤ ਸਿੰਘ ਲੋਕ ਸੇਵਾ ਕੇਂਦਰ ਪਾਖਰਪੁਰਾ ਵਿਖੇ ਮਨਾਉਣ ਦੀ ਪਰੰਪਰਾ ਨੂੰ ਇਸ ਵਾਰ ਰੱਦ ਕੀਤਾ ਜਾਂਦਾ ਹੈ।

ਸੁਸਾਇਟੀ ਦਾ ਮੁੱਖ ਉਦੇਸ਼ ਮਨੁੱਖਤਾ ਦੀ ਭਲਾਈ ਅਤੇ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਕੰਮ ਕਰਨਾ ਹੈ।ਸੁਸਾਇਟੀ ਨੇ ਇਹ ਪ੍ਰਣ ਕੀਤਾ ਕਿ ਇਸ ਵਾਰ ਸਾਰੇ ਸਰੋਤ ਹੜ੍ਹ ਪੀੜਤਾਂ ਦੀ ਮਦਦ ਲਈ ਵਰਤੇ ਜਾਣਗੇ ਤੇ ਹੜ੍ਹ ਪੀੜਤਾਂ ਨੂੰ ਰਾਹਤ ਪਹੁੰਚਾਉਣ ਲਈ ਸੁਸਾਇਟੀ ਵੱਲੋਂ ਰਾਹਤ ਕਾਰਜਾਂ ਨੂੰ ਤੇਜ਼ ਕਰਨ ਦੀ ਯੋਜਨਾ ਵੀ ਬਣਾਈ ਗਈ ਜੋ ਸ਼ਹੀਦ ਭਗਤ ਸਿੰਘ ਦੀਆਂ ਕੁਰਬਾਨੀਆਂ ਅਤੇ ਸਮਾਜ ਪ੍ਰਤੀ ਉਨ੍ਹਾਂ ਦੀ ਸੋਚ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।ਮੀਟਿੰਗ ਵਿੱਚ ਸੁਸਾਇਟੀ ਦੇ ਚੇਅਰਮੈਨ ਪ੍ਰਿੰਸੀਪਲ ਗੁਰਦੀਪ ਸਿੰਘ ਰੰਧਾਵਾ,



ਪ੍ਰਧਾਨ ਪ੍ਰਿੰਸੀਪਲ ਮਨਜੀਤ ਸਿੰਘ ਭੋਮਾ, ਜਨਰਲ ਸਕੱਤਰ ਪ੍ਰਿੰਸੀਪਲ ਜੋਗਾ ਸਿੰਘ ਅਠਵਾਲ, ਪ੍ਰੈੱਸ ਸਕੱਤਰ ਜਗਤਾਰ ਸਿੰਘ ਸਹਿਮੀ, ਸਮਾਜ ਸੇਵੀ ਕੁਲਦੀਪ ਸਿੰਘ ਕਾਹਲੋਂ ਮੈਂਬਰ, ਬਲਜੀਤ ਸਿੰਘ ਕਾਹਲੋਂ ਵਿੱਤ ਸਕੱਤਰ, ਮੈਂਬਰ ਡਾ. ਦੀਦਾਰ ਸਿੰਘ (ਬਾਬਾ ਫਰੀਦ ਚੈਰੀਟੇਬਲ ਹਸਪਤਾਲ, ਨਾਗਕਲਾਂ), ਡਾ ਸੁਦੇਸ਼ ਕੁਮਾਰ ਮਜੀਠਾ ਮੈਂਬਰ, ਸੰਦੀਪ ਕੁਮਾਰ ਮੈਂਬਰ ਸਮੇਤ ਹੋਰ ਆਗੂ ਤੇ ਮੈਂਬਰ ਹਾਜ਼ਰ ਸਨ।

# ਟੀ ਐੱਸ ਯੂ ਹੜ੍ਹ ਪੀੜਤਾਂ ਦੀ ਮੁੱਖ ਮੰਤਰੀ ਰਾਹਤ ਫੰਡ 'ਚੋਂ ਤਨਖਾਹ ਕਟੌਤੀ ਦੀ ਬਜਾਏ ਸਿੱਧੀ ਮਦਦ ਕਰੇਗੀ

ਚੇਤਨਪੁਰਾ (ਸੁਖਵੰਤ ਚੇਤਨਪੁਰੀ)-ਟੈਕਨੀਕਲ ਸਰਵਿਸਜ਼ ਯੂਨੀਅਨ ਪੰਜਾਬ ਰਾਜ ਬਿਜਲੀ ਬੋਰਡ ਸੂਬਾ ਕਮੇਟੀ ਦੇ ਸੱਦੇ 'ਤੇ ਸਬ ਡਵੀਜ਼ਨ ਹਰਸ਼ਾ ਛੀਨਾ ਵਿਖੇ ਗੇਟ ਰੈਲੀ ਕਰਕੇ ਮੁੱਖ ਮੰਤਰੀ ਪੰਜਾਬ ਨੂੰ ਮੰਗ ਪੱਤਰ ਭੇਜਦਿਆਂ ਮੰਗ ਕੀਤੀ ਕਿ ਹੜ੍ਹਾਂ ਨਾਲ ਵੱਡੇ ਪੱਧਰ ਤੇ ਹੋਏ ਨੁਕਸਾਨ ਦੀ 100 ਫੀਸਦੀ ਭਰਪਾਈ ਕੀਤੀ ਜਾਵੇ।ਰੈਲੀ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਬੁਲਾਰਿਆਂ ਨੇ ਦੱਸਿਆ ਕਿ ਪੰਜਾਬ ਅੰਦਰ ਆਏ ਹੜ੍ਹਾਂ ਨਾਲ ਕੇਂਦਰ ਤੇ ਪੰਜਾਬ ਸਰਕਾਰ ਵੱਲੋਂ ਹੜ੍ਹਾਂ ਦੀ ਰੋਕਥਾਮ ਲਈ ਕੋਈ ਅਗਾਊ ਪ੍ਰਬੰਧ ਨਾ ਹੋਣ ਕਰਕੇ ਲੋਕਾਂ ਦਾ ਭਾਰੀ ਜਾਨੀ ਮਾਲੀ ਨੁਕਸਾਨ ਹੋਇਆ ਹੈ, ਜਿਸ ਲਈ ਸਰਕਾਰ ਅਤੇ ਸਰਕਾਰ ਦੇ ਪ੍ਰਬੰਧ ਜ਼ਿੰਮੇਵਾਰ ਹਨ।ਸਰਕਾਰ ਵੱਲੋਂ ਕਈ ਦਹਾਕਿਆਂ ਤੋਂ ਬੰਨ੍ਹਾਂ ਦੀ ਮਜ਼ਬੂਤੀ ਵਾਸਤੇ ਕੋਈ ਠੋਸ ਉਪਰਾਲਾ ਨਹੀਂ ਕੀਤਾ ਗਿਆ, ਜਿਸ ਕਰਕੇ ਆਏ ਹੜ੍ਹਾਂ ਨਾਲ ਜਾਨੀ ਤੇ ਮਾਲੀ ਨੁਕਸਾਨ ਹੋਇਆ ਜਿਸ ਲਈ ਸਰਕਾਰ ਜ਼ਿੰਮੇਵਾਰ ਹੈ।

ਆਗੂਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਸਮੂਹ ਲੋਕਾਂ ਦੇ ਘਰਾਂ ਦੇ ਹੋਏ ਨੁਕਸਾਨ ਦੀ ਸੌ ਫੀਸਦੀ ਭਰਪਾਈ ਕੀਤੀ ਜਾਵੇ, ਫਸਲਾਂ ਦਾ 70000 ਰੁਪਏ ਪ੍ਰਤੀ ਏਕੜ ਮੁਆਵਜ਼ਾ ਜਾਰੀ ਕਰੇ, ਬੱਚਿਆਂ ਨੂੰ ਕਿਤਾਬਾਂ, ਸਟੇਸ਼ਨਰੀ ਜਾਰੀ ਕੀਤੀ ਜਾਵੇ, ਦਰਿਆਈ ਬੰਨ੍ਹਾਂ ਨੂੰ ਮਜ਼ਬੂਤ ਕੀਤਾ ਜਾਵੇ।ਆਗੂਆਂ ਨੇ ਪੰਜਾਬ ਤੋਂ ਇਲਾਵਾ ਹੋਰਨਾਂ ਸੂਬਿਆਂ ਤੇ ਵਿਦੇਸ਼ਾਂ ਵਿੱਚੋਂ ਹੜ੍ਹ ਪੀੜਤਾਂ ਦੀ ਮਦਦ ਲਈ ਕੀਤੇ ਭਰਪੂਰ ਪ੍ਰਬੰਧਾਂ ਦੀ ਸ਼ਲਾਘਾ ਕਰਦਿਆਂ ਮਦਦ ਕਰਨ ਵਾਲਿਆਂ ਦਾ ਧੰਨਵਾਦ ਕੀਤਾ।ਟੈਕਨੀਕਲ ਸਰਵਿਸਜ਼ ਯੂਨੀਅਨ ਸੂਬਾ ਕਮੇਟੀ ਵੱਲੋਂ ਹੜ੍ਹ ਪੀੜਤਾਂ ਦੀ ਮਦਦ ਲਈ ਮੁੱਖ ਮੰਤਰੀ ਰਾਹਤ ਫੰਡ ਵਿੱਚੋਂ ਤਨਖਾਹ ਕਟੌਤੀ ਦੀ ਬਜਾਏ ਆਪਣੀ ਮੈਂਬਰਸ਼ਿਪ ਨਾਲ ਵੱਡੀ ਪੱਧਰ



'ਤੇ ਫੰਡ ਇਕੱਤਰ ਕਰਕੇ ਪੀੜਤ ਪਰਿਵਾਰਾਂ ਵਿੱਚ ਵੰਡਣ ਦਾ ਫੈਸਲਾ ਕੀਤਾ ਗਿਆ ਹੈ, ਜਿਸ ਨੂੰ ਬਿਜਲੀ ਕਾਮਿਆਂ ਵੱਲੋਂ ਭਰਪੂਰ ਹੁੰਗਾਰਾ ਮਿਲ ਰਿਹਾ ਹੈ। ਰੈਲੀ ਨੂੰ ਹੋਰਨਾਂ ਤੋਂ ਇਲਾਵਾ ਸਰਕਲ ਪ੍ਰਧਾਨ ਮਲਕੀਅਤ ਸਿੰਘ ਸੈਂਸਰਾ, ਸਬ ਡਵੀਜ਼ਨ ਪ੍ਰਧਾਨ ਜੁਗਰਾਜ ਸਿੰਘ ਛੀਨਾ, ਪਰਮਿੰਦਰ ਸਿੰਘ ਅਦਲੀਆਲ, ਜਰਨੈਲ ਸਿੰਘ ਸੈਂਸਰਾ, ਨਰਿੰਦਰ ਕੁਮਾਰ ਆਰ. ਏ. ਅਤੇ ਜਸਪਾਲ ਸਿੰਘ ਆਦਿ ਨੇ ਸੰਬੋਧਨ ਕੀਤਾ।

# ਜ਼ਿਲ੍ਹਾ ਸਿੱਖਿਆ ਅਫ਼ਸਰ ਨੇ ਹੜ੍ਹ ਪ੍ਰਭਾਵਿਤ ਸਕੂਲਾਂ ਦਾ ਕੀਤਾ ਦੌਰਾ



ਬਟਾਲਾ ਸਤੰਬਰ (ਡਾ. ਮਲਵਿੰਦਰ ਸਿੰਘ)-ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ/ਐਲੀਮੈਂਟਰੀ ਪਰਮਜੀਤ ਵੱਲੋਂ ਬਲਾਕ ਦੋਰਾਂਗਲਾ ਦੇ ਹੜ੍ਹ ਪ੍ਰਭਾਵਿਤ ਸਕੂਲਾਂ ਦਾ ਦੌਰਾ ਕਰਕੇ ਹਾਜ਼ਰ ਅਧਿਆਪਕਾਂ ਕੋਲੋਂ ਸਥਿਤੀ ਦਾ ਜਾਇਜ਼ਾ ਲਿਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡੀਈਓ ਪਰਮਜੀਤ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਅੱਜ ਬਲਾਕ ਦੋਰਾਂਗਲਾ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗਾਹਲੜੀ , ਸਰਕਾਰੀ ਪ੍ਰਾਇਮਰੀ ਸਕੂਲ ਗਾਹਲੜੀ ਤੇ ਸਰਕਾਰੀ ਪ੍ਰਾਇਮਰੀ ਸਕੂਲ ਠੱਠੀ ਪਹੁੰਚ ਕੇ ਹੜ੍ਹਾਂ ਦੌਰਾਨ ਹੋਏ ਨੁਕਸਾਨ ਤੇ ਸਥਿਤੀਆਂ ਦਾ ਜਾਇਜ਼ਾ ਲਿਆ ਗਿਆ।ਉਨ੍ਹਾਂ ਦੱਸਿਆ ਕਿ ਪ੍ਰਸ਼ਾਸਨ ਵੱਲੋਂ ਹੜ੍ਹ ਪ੍ਰਭਾਵਿਤ ਸਕੂਲ 14 ਸਤੰਬਰ ਤੱਕ ਬੰਦ ਕੀਤੇ ਗਏ ਹਨ ਤਾਂ ਜੋ ਸਕੂਲਾਂ ਦੀ ਸਾਫ਼ ਸਫ਼ਾਈ ਕੀਤੀ ਜਾ ਸਕੇ।ਉਨ੍ਹਾਂ ਜਾਣਕਾਰੀ ਦਿੱਤੀ ਕਿ ਸਕੂਲਾਂ ਵਿੱਚ ਅਧਿਆਪਕ ਹਾਜ਼ਰ ਸਨ ਤੇ ਹੜ੍ਹ ਪ੍ਰਭਾਵਿਤ ਹੋਣ ਕਾਰਨ ਸਕੂਲਾਂ ਵਿੱਚ ਕਾਫ਼ੀ ਮਿੱਟੀ ਤੇ ਚਿੱਕੜ ਭਰਿਆ ਹੋਇਆ ਹੈ, ਜਿਸ ਦੀ ਸਫਾਈ ਅਧਿਆਪਕਾਂ ਦੀ ਦੇਖ-ਰੇਖ ਹੇਠ ਕਰਵਾਈ ਜਾ ਰਹੀ ਹੈ।ਇਸ ਦੌਰਾਨ ਡੀਈਓ ਦਫ਼ਤਰ ਤੋਂ ਅਨੂੰ ਅਰੋੜਾ ਹਾਜ਼ਰ ਸਨ।

# ਤਰੁਣ ਚੁੱਘ ਨੇ ਉਪ ਰਾਸ਼ਟਰਪਤੀ ਨੂੰ ਦਿੱਤੀ ਵਧਾਈ

ਛੇਹਰਟਾ, (ਮਨੋਜ ਕੁਮਾਰ)-ਭਾਜਪਾ ਦੇ ਕੌਮੀ ਜਨਰਲ ਸਕੱਤਰ ਮਹਾਮੰਤਰੀ ਤਰੁਣ ਚੁੱਘ ਨੇ ਉਪ ਰਾਸ਼ਟਰਪਤੀ



ਚੁਣੇ ਗਏ ਸੀ. ਪੀ. ਰਾਧਾਕ੍ਰਿਸ਼ਨਨ ਨਾਲ ਦਿੱਲੀ ਵਿਚ ਮੁਲਾਕਾਤ ਕੀਤੀ ਤੇ ਉਪ ਰਾਸ਼ਟਰਪਤੀ ਚੋਣਾਂ ਵਿਚ ਐੱਨਡੀਏ ਉਮੀਦਵਾਰ ਵਜੋਂ ਮਿਲੀ ਸ਼ਾਨਦਾਰ ਜਿੱਤ 'ਤੇ ਉਨ੍ਹਾਂ ਨੂੰ ਦਿਲੋਂ ਵਧਾਈ ਦਿੱਤੀ। ਇਸ ਮੌਕੇ ਚੁੱਘ ਨੇ ਰਾਧਾਕ੍ਰਿਸ਼ਨਨ ਨੂੰ ਸ਼ਰਧਾ ਤੇ ਸਦਭਾਵਨਾ ਦੇ ਤੌਰ 'ਤੇ ਸ੍ਰੀ ਹਰਿਮੰਦਰ ਸਾਹਿਬ ਦਾ ਪ੍ਰਤੀਕ ਚਿੰਨ੍ਹ ਭੇਟ ਕੀਤਾ। ਰਾਧਾਕ੍ਰਿਸ਼ਨਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਭਾਜਪਾ-ਐੱਨਡੀਏ ਲੀਡਰਸ਼ਿਪ ਦਾ ਉਨ੍ਹਾਂ ਪ੍ਰਤੀ ਵਿਸ਼ਵਾਸ ਤੇ ਸਮਰਥਨ ਲਈ ਧੰਨਵਾਦ ਕੀਤਾ।

# ਬੀ ਐੱਸ ਐੱਫ਼ ਵੱਲੋਂ ਮੈਡੀਕਲ ਕੈਂਪ ਲਗਾਉਣ ਦਾ ਸਿਲਸਿਲਾ ਜਾਰੀ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)- ਬੀਐੱਸਐੱਫ਼ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਜ਼ਿਲ੍ਹਾ ਗੁਰਦਾਸਪੁਰ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਰੋਜ਼ਾਨਾ ਮੈਡੀਕਲ ਕੈਂਪ ਲਗਾ ਕੇ ਲੋਕਾਂ ਨੂੰ ਸਿਹਤ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ।

ਇਸੇ ਲੜੀ ਤਹਿਤ ਬੀਐੱਸਐੱਫ਼ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੋਸਤਪੁਰ ਅਤੇ ਪਿੰਡ ਜੌੜੀਆਂ ਖੁਰਦ ਵਿਖੇ ਮੈਡੀਕਲ ਕੈਂਪ ਲਗਾਏ ਗਏ।



ਇਨ੍ਹਾਂ ਦੋਵਾਂ ਕੈਂਪਾਂ ਵਿੱਚ 600 ਤੋਂ ਵੱਧ ਮਰੀਜ਼ਾਂ ਦਾ ਮਾਹਿਰ ਡਾਕਟਰਾਂ ਦੀਆਂ ਟੀਮਾਂ ਨੇ ਚੈੱਕਅਪ ਕੀਤਾ ਅਤੇ ਉਨ੍ਹਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ।ਬੀਐੱਸਐੱਫ਼ ਦੇ ਅਧਿਕਾਰੀਆਂ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਸਿਹਤ ਸੇਵਾਵਾਂ ਦਾ ਦਾ ਇਹ ਸਿਲਸਿਲਾ ਜਾਰੀ ਰਹੇਗਾ।


## ਉੱਤਰ ਰੇਲਵੇ

**ਈ-ਟੈਂਡਰ ਸੂਚਨਾ**

ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ, ਸੀਨੀਅਰ ਮੰਡਲ ਯਾਂਤ੍ਰਿਕ ਇੰਜੀਨੀਅਰ, ਉੱਤਰ ਰੇਲਵੇ, (ਜੰਮੂ ਅਤੇ ਕਸ਼ਮੀਰ) ਹੇਠਾ ਲਿਖੇ ਕੰਮ ਦੇ ਲਈ ਓਈਐਮ ਮੇਸਰਸ ਐਓਵਾਈਟੀ ਇੰਜੀਨਅਰਿੰਗ ਐਂਡ ਕੰਪਨੀ ਪ੍ਰਾਈਵੇਟ ਲਿਮਿਟੇਡ, ਪੂਣੇ ਤੋਂ ਈ-ਟੈਂਡਰਿੰਗ ਪ੍ਰਣਾਲੀ ਦੇ ਦੁਵਾਰਾ ਤੋਂ ਏਕਲ ਟੈਂਡਰ ਮੰਗ ਕਰਦੇ ਹਨ।

| | |
|---|---|
| ਕੰਮ ਦਾ ਨਾਮ : ਡੇਮੂ ਕਾਰ ਸ਼ੇਡ ਬਡਗਾਮ ਵਿਚ ਤਿੰਨ ਸਾਲ ਦੇ ਸਮੇਂ ਦੇ ਲਈ ਸੀਐਨਸੀ ਅੰਡਰ ਫਲੋਰ ਪਿਟ ਵਹੀਲ ਲੇਥ (ਐਨਜੀਯੂਐਫ-37) ਦੇ ਲਈ ਪੂਰਾ ਸਲਾਨਾ ਰੱਖ-ਰੱਖਾਵ ਅਨੁਬੰਧ (ਸੀਏਐਮਸੀ)। | |
| ਕੰਮ ਦੀ ਅਨੁਮਾਨਿਤ ਲਾਗਤ : ਰੁ: 1,47,81,152/- (ਇਕ ਕਰੋੜ ਸੈਂਤਾਲੀਸ ਲੱਖ ਇਕਾਸੀ ਹਜ਼ਾਰ ਇਕ ਸੋ ਬਾਵਨ ਕੇਵਲ) | |
| ਬਿਆਨਾ ਰਾਸ਼ੀ : ਰੁ: 2,23,900/- (ਦੋ ਲੱਖ ਤੇਈਸ ਹਜ਼ਾਰ ਨੋ ਸੋ ਕੇਵਲ) | |
| ਬੋਲੀ ਸ਼ੁਰੂ ਮਿਤੀ : www.ireps.gov.in ਦੇ ਅਨੁਸਾਰ | |
| ਟੈਂਡਰ ਦਸਤਾਵੇਜ ਵੈੱਬਸਾਈਟ ਉਤੇ ਉਪਲਬੱਧ : 10.09.2025 | |
| ਈ-ਟੈਂਡਰ ਪੂਰਾ ਕਰਨ ਦੀ ਮਿਤੀ ਅਤੇ ਸਮਾਂ : 03.10.2025 ਨੂੰ 15:00ਵਜੇ | |
| ਈ-ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ : 03.10.2025 ਨੂੰ 15:15 ਵਜੇ | |
| ਵੈਧਤਾ : ਟੈਂਡਰ ਜਮਾਂ ਕਰਨ ਦੀ ਆਖਰੀ ਮਿਤੀ ਤੋਂ 45 ਦਿਨ | |
| ਟੈਂਡਰ ਦਾ ਪ੍ਰਕਾਰ : ਏਕਲ ਟੈਂਡਰ (ਏਕਲ ਪੈਕੇਟ ਪ੍ਰਣਾਲੀ) | |
| ਕੰਮ ਦਾ ਸਮਾਂ : 36 ਮਹੀਨੇ | |

ਨੰ: 05-2025-ਡੇਮੂ-ਬੀਡੀਜੀਐਮ ਮਿਤੀ : 10.09.2025 2766/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



AXIS BANK

Retail Asset Center: "2nd and 3rd Floor, Property No. 7-E, Malhar Road, Saraabha Nagar, Ludhiana -141001.

Corporate Office:, "Axis House", C-2, Wadia International Centre, Pandurang Budhkar Marg, Worli, Mumbai- 400025

Registered Office: "Trishul", 3rd Floor Opp. Samartheshwar Temple Law Garden, Ellisbridge Ahmedabad- 380006

ਅਚੱਲ ਜਾਇਦਾਦ ਦੀ ਵਿਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ

[illegible]

ਮਿਤੀ : 12.09.2025

ਸਥਾਨ : ਅੰਮ੍ਰਿਤਸਰ

(ਅਧਿਕਾਰਤ ਅਫਸਰ)



SBI — RETAIL ASSETS CENTRAL PROCESSING CENTRE (05296), 1ST FLOOR, CIVIL LINES, FOUNTAIN CHOWK, LUDHIANA

**ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 (ਸਰਫੇਸੀ ਐਕਟ) ਦੇ ਸੈਕਸ਼ਨ 13 (2) ਤਹਿਤ ਡਿਮਾਂਡ ਨੋਟਿਸ**

ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਏ ਕਰਜ਼ਦਾਰਾਂ ਅਤੇ ਸਹਿ-ਕਰਜ਼ਦਾਰਾਂ ਨੇ ਉਨ੍ਹਾਂ ਵੱਲੋਂ ਬੈਂਕ ਕੋਲੋਂ ਪ੍ਰਾਪਤ ਕੀਤੀਆਂ ਕਰਜ਼ਾ ਸਹੂਲਤਾਂ ਦੇ ਮੂਲ ਅਤੇ ਵਿਆਜ ਦੀ ਮੁੜ ਅਦਾਇਗੀ 'ਚ ਨਾਕਾਮੀ ਦਿਖਾਈ ਹੈ ਅਤੇ ਉਕਤ ਸਹੂਲਤਾਂ ਨਾਨ ਪ੍ਰਫਾਰਮਿੰਗ ਐੱਸਟਸ (ਐੱਨ ਪੀ ਏ) ਵਰਗੀਕ੍ਰਿਤ ਕਰ ਦਿੱਤੀਆਂ ਗਈਆਂ ਹਨ। ਬੈਂਕ ਦੇ ਅਧਿਕਾਰਤ ਅਫਸਰ ਵੱਲੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 (2) ਤਹਿਤ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਉਨ੍ਹਾਂ ਦੇ ਆਖਰੀ ਜਾਣਕਾਰੀ ਵਾਲੇ ਪਤਿਆਂ 'ਤੇ ਨੋਟਿਸ ਜਾਰੀ ਕੀਤਾ ਜਾ ਚੁੱਕਾ ਹੈ, ਬੇਸ਼ੱਕ ਕੁਝ ਮਾਮਲਿਆਂ 'ਚ ਨੋਟਿਸ ਬਿਨਾਂ ਤਾਮੀਲ ਦੇ ਵਾਪਸ ਆ ਗਏ ਹਨ ਅਤੇ ਹੋਰ ਮਾਮਲਿਆਂ 'ਚ ਪ੍ਰਾਪਤੀ ਰਸੀਦਾਂ ਹਾਸਲ ਨਹੀਂ ਹੋਈਆਂ। ਅਜਿਹੇ 'ਚ 'ਚ ਕਰਜ਼ਦਾਰਾਂ/ਗਰੰਟਰਾਂ ਨੂੰ ਇਸ ਜਨਤਕ ਨੋਟਿਸ ਰਾਹੀਂ ਉਹੀ ਜਾਣਕਾਰੀ ਦਿੱਤੀ ਜਾਂਦੀ ਹੈ।

| | ਬਰਾਂਚ ਦਾ ਨਾਂਅ , ਕਰਜ਼ਦਾਰ/ਗਰੰਟਰ/ ਭਾਈਵਾਲ/ਰਹਿਣਕਾਰ | ਜਾਇਦਾਦਾਂ ਦਾ ਵੇਰਵਾ | ਨਾਨ-ਪ੍ਰਫਾਰਮਿੰਗ ਐੱਸਟ (ਐੱਨ ਪੀ ਏ) ਦੀ ਮਿਤੀ | ਡਿਮਾਂਡ ਨੋਟਿਸ ਦੀ ਮਿਤੀ | ਬਕਾਇਆ ਰਕਮ |
|---|---|---|---|---|---|
| 1. | ਫਿਰੋਜ਼ਪੁਰ ਰੋਡ, ਲੁਧਿਆਣਾ<br>1.ਕਰਜ਼ਦਾਰ: ਸ੍ਰੀ ਸਰੋਜ ਕੁਮਾਰ ਸਪੁੱਤਰ ਸ੍ਰੀ ਕੂਨਾ ਰਾਮ (ਗਰੰਟਰ), ਸ੍ਰੀ ਰਾਮ ਅਵਤਾਰ ਪੁੱਤਰ ਸ੍ਰੀ ਕੂਨਾ ਰਾਮ ਮਕਾਨ ਨੰਬਰ 151, ਗਲ੍ਹੀ ਨੰਬਰ 1, ਗੋਬਿੰਦ ਨਗਰ, ਭਾਮੀਆਂ ਕਲਾਂ, ਮੁੰਡਿਆਂ ਕਲਾਂ, ਲੁਧਿਆਣਾ 141015 | ਜਾਇਦਾਦ/ਪਲਾਟ ਮਿਣਤੀ 75 ਵਰਗ ਗਜ ਅਧਾਰਤ ਖਸਰਾ ਨੰਬਰ 32//2/1-22-9-12-33//5/2-7-1-14/2-15-16-17/1-24/5-32//19-20-21-37//4/2-5-38//1-2 ਅਤੇ ਖਾਤਾ ਨੰਬਰ 183/189-190 ਜਮਾਂਬੰਦੀ ਸਾਲ 2003-04 ਅਨੁਸਾਰ ਸਥਿਤ ਪਿੰਡ ਭਾਮੀਆਂ ਕਲਾਂ ਹਦਬਸਤ ਨੰਬਰ 181 ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਹੱਦਬੰਦੀ ਪੂਰਬ ਗਵਾਂਢੀ 15 ਫੁੱਟ, ਪੱਛਮ ਗਲੀ 20 ਫੁੱਟ 15 ਇੰਚ ਉੱਤਰ ਗਵਾਂਢੀ-45, ਦੱਖਣ ਗਵਾਂਢੀ-45 ਸੇਲ ਡੀਡ ਵਸੀਕਾ ਨੰਬਰ 18304 ਮਿਤੀ 25-2-2010 ਅਨੁਸਾਰ ਜੋ ਕਿ ਮਿਸਟਰ ਸਰੋਜ ਕੁਮਾਰ ਪੁੱਤਰ ਸ੍ਰੀ ਕੂਨਾ ਰਾਮ ਦੇ ਨਾਂਅ | 14-06.2025 | 16-06-2025 | ਰੁ. 14,93,841/- (ਚੌਦਾਂ ਲੱਖ ਤਰਾਨਵੇਂ ਹਜ਼ਾਰ ਅੱਠ ਸੌ ਇਕਤਾਲੀ ਰੁਪਏ ਕੇਵਲ) ਵਿਆਜ ਸਮੇਤ ਜੋ ਕਿ 14.06.2025 ਤੱਕ ਲਾਗੂ ਹੈ ਅਤੇ ਹੋਰ ਵਿਆਜ ਅਤੇ ਅਚਨਚੇਤ ਖਰਚੇ ਤੇ ਲਾਗਤ, ਜੋ ਵੀ ਹੋਵੇਗੀ |

ਬਦਲਵੀ ਨੋਟਿਸ ਸੇਵਾ ਵਾਸਤੇ ਕਦਮ ਉਠਾਏ ਜਾ ਰਹੇ ਹਨ, ਉਪਰੋਕਤ ਕਰਜ਼ਦਾਰ ਅਤੇ/ਜਾਂ ਉਨ੍ਹਾਂ ਦੇ ਗਰੰਟਰ (ਜਿੱਥੇ ਵੀ ਲਾਗੂ ਹੋਵੇ) ਨੂੰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਬਕਾਇਆ ਰਕਮ ਦੀ ਅਦਾਇਗੀ ਕਰਨ ਦਾ ਸੱਦਾ ਦਿੱਤਾ ਗਿਆ ਹੈ, ਅਸਫਲ ਰਹਿਣ 'ਤੇ ਇਸ ਨੋਟਿਸ ਦੀ ਮਿਤੀ ਤੋਂ 60 ਦਿਨ ਗੁਜ਼ਰ ਜਾਣ ਦੇ ਬਾਅਦ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਤਹਿਤ ਅਗਲੇ ਕਦਮ ਉਠਾਏ ਜਾਣਗੇ। ਐਕਟ ਦੇ ਸੈਕਸ਼ਨ (13) ਦੇ ਸਬ ਸੈਕਸ਼ਨ 4 ਤਹਿਤ ਅਗਲੇ ਕਦਮ ਚੁੱਕੇ ਜਾਣਗੇ। ਐਕਟ ਦੇ ਸੈਕਸ਼ਨ 13 (13) ਅਨੁਸਾਰ ਇਸ ਨੋਟਿਸ ਦੀ ਪ੍ਰਾਪਤੀ 'ਤੇ ਬੈਂਕ ਦੀ ਮਨਜ਼ੂਰੀ ਤੋਂ ਬਿਨਾਂ ਤੇ ਕਾਰੋਬਾਰ ਦੀ ਆਮ ਪ੍ਰਕਿਰਿਆ ਤੋਂ ਇਲਾਵਾ ਤੁਹਾਡੇ 'ਤੇ ਉਪਰੋਕਤ ਸਕਿਉਰਟੀਜ਼ ਦੇ ਨਿਪਟਾਰੇ ਜਾਂ ਸੌਦੇਬਾਜ਼ੀ 'ਤੇ ਪਾਬੰਦੀ ਹੈ। ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਇਸ ਸੈਕਸ਼ਨ ਦੀ ਕਿਸੇ ਤਰ੍ਹਾਂ ਦੀ ਉਲੰਘਣਾ ਕਰਨ 'ਤੇ ਗੰਭੀਰ ਨਤੀਜੇ ਭੁਗਤਣੇ ਪੈ ਸਕਦੇ ਹਨ।

ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੂੰ ਸੰਬੰਧਤ ਬਰਾਂਚ ਤੋਂ ਨੋਟਿਸ ਪ੍ਰਾਪਤੀ ਦੀ ਕਾਪੀ ਹਾਸਲ ਕਰਨ ਦੀ ਵੀ ਸਲਾਹ ਦਿੱਤੀ ਜਾਂਦੀ ਹੈ।

ਮਿਤੀ : 03.09.2025 ਸਥਾਨ : ਲੁਧਿਆਣਾ ਅਧਿਕਾਰਤ ਅਫਸਰ



PUNJAB NATIONAL BANK
BRANCH:- Rahon Road. Ludhiana, Punjab.
Email:-bo7622@pnb.co.in

**ਸਕਿਉਰਟਾਈਜੇਸ਼ਨ ਐਂਡ ਰਿਕੰਸਟਰੱਕਸ਼ਨ ਆਫ ਫਾਈਨਾਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 (ਸਰਫੇਸੀ ਐਕਟ) ਦੇ ਸੈਕਸ਼ਨ 13 (2) ਅਧੀਨ ਡਿਮਾਂਡ ਨੋਟਿਸ**

ਇਸ ਦੁਆਰਾ ਇੱਕ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਵਰਨਣ ਕਰਜ਼ਦਾਰ ਅਤੇ ਸਹਿ-ਕਰਜ਼ਦਾਰ ਬੈਂਕ ਕੋਲੋਂ ਪ੍ਰਾਪਤ ਕੀਤੀ ਕਰਜ਼ਾ ਸਹੂਲਤਾਂ ਦੀ ਵਿਆਜ ਸਹਿਤ ਮੂਲ ਰਕਮ ਅਤੇ ਵਿਆਜ ਦੀ ਅਦਾਇਗੀ ਕਰਨ ਵਿੱਚ ਉਲੰਘਣਾ ਕੀਤੀ ਹੈ ਅਤੇ ਦਰਸਾਈਆਂ ਸਹੂਲਤਾਂ ਨੂੰ ਨਾਨ-ਪ੍ਰਫਾਰਮਿੰਗ ਐੱਸਟਸ (ਐੱਨ ਪੀ ਏ) ਵਜੋਂ ਵਰਗੀਕ੍ਰਿਤ ਕੀਤਾ ਜਾ ਚੁੱਕਾ ਹੈ। ਸਕਿਉਰਟਾਈਜੇਸ਼ਨ ਐਂਡ ਰਿਕੰਸਟਰੱਕਸ਼ਨ ਆਫ ਫਾਈਨਾਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 (2) ਅਧੀਨ ਨੋਟਿਸ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਉਨ੍ਹਾਂ ਦੇ ਆਖਰੀ ਜਾਣਕਾਰੀ ਵਾਲੇ ਪਤੇ 'ਤੇ ਭੇਜੇ ਸਨ, ਕੁਝ ਮਾਮਲਿਆਂ ਵਿੱਚ ਨੋਟਿਸ ਬਿਨਾਂ ਸੇਵਾਵਾਂ ਦੇ ਵਾਪਸ ਆ ਗਏ ਕੁਝ ਮਾਮਲਿਆਂ 'ਚ ਪ੍ਰਾਪਤੀ ਦੀਆਂ ਰਸੀਦਾਂ ਪ੍ਰਾਪਤ ਨਹੀਂ ਹੋਈਆਂ ਹਨ। ਅਜਿਹੇ ਵਿੱਚ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਉਕਤ ਬਾਰੇ ਪਬਲਿਕ ਨੋਟਿਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ।

| ਜਾਇਦਾਦ ਦੇ ਕਰਜ਼ਦਾਰ/ਗਰੰਟਰ/ ਭਾਈਵਾਲ/ਗਿਰਵੀਕਾਰ | ਜਾਇਦਾਦ/ਜਾਇਦਾਦਾਂ ਦਾ ਵੇਰਵਾ | ਨਾਨ-ਪ੍ਰਫਾਰਮਿੰਗ ਐੱਸਟਸ (ਐੱਨ ਪੀ ਏ) ਦੀ ਮਿਤੀ | ਡਿਮਾਂਡ ਨੋਟਿਸ ਦੀ ਮਿਤੀ | ਬਕਾਇਆ ਰਾਸ਼ੀ |
|---|---|---|---|---|
| 1. (ਕਰਜ਼ਦਾਰ/ਮਾਰਟਗੇਜ਼ਰ) 1. ਸ੍ਰੀਮਤੀ ਲਕਸ਼ਮੀ ਦੇਵੀ ਪਤਨੀ ਲੇਟ ਸ੍ਰੀ ਬੁੱਧ ਰਾਮ (ਇਸ ਦੇ ਕਾਨੂੰਨੀ ਵਾਰਿਸ ਸ੍ਰੀ ਬੁੱਧ ਰਾਮ ਰਾਹੀਂ) # ਮਕਾਨ ਨੰਬਰ 1556/1 ਮੁਹੱਲਾ ਇਸਲਾਮਗੰਜ ਨੇੜੇ ਸੁਨਿਆਰਾ ਗੁਰੂਦੁਆਰਾ ਜ਼ਿਲ੍ਹਾ ਲੁਧਿਆਣਾ 2. ਸ੍ਰੀ ਰਾਹੁਲ ਪੁੱਤਰ ਲੇਟ ਸ੍ਰੀ ਬੁੱਧ ਰਾਮ (ਰਾਹੀਂ ਇਸ ਦੇ ਕਾਨੂੰਨੀ ਵਾਰਿਸ ਸ੍ਰੀ ਬੁੱਧ ਰਾਮ)# ਮਕਾਨ ਨੰਬਰ 1526/1, ਮੁਹੱਲਾ ਇਸਲਾਮਗੰਜ ਨੇੜੇ ਸੁਨਿਆਰਾ ਗੁਰੂਦੁਆਰਾ ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ 3. ਸ੍ਰੀ ਮੁਕੇਸ਼ ਪੁੱਤਰ ਲੇਟ ਸ੍ਰੀ ਬੁੱਧ ਰਾਮ (ਰਾਹੀਂ ਇਸ ਦੇ ਕਾਨੂੰਨੀ ਵਾਰਿਸ ਸ੍ਰੀ ਬੁੱਧ ਰਾਮ) ਹੈ ਹਾਊਸ ਨੰਬਰ 1526/1 ਮੁਹੱਲਾ ਇਸਲਾਮਗੰਜ ਨੇੜੇ ਸੁਨਿਆਰਾ ਗੁਰੂਦੁਆਰਾ ਜ਼ਿਲ੍ਹਾ ਲੁਧਿਆਣਾ | ਮਾਰਟਗੇਜ ਰਿਹਾਇਸ਼ੀ ਅਚੱਲ ਜਾਇਦਾਦ ਮਿਣਤੀ 62 ਵਰਗ ਗਜ, ਜੋ ਕਿ ਮਕਾਨ ਨੰਬਰ ਬੀ-14-1527 (ਪੁਰਾਣਾ)-ਬੀ-14-1527/1 (ਨਵਾਂ) ਸਥਿਤ ਪਿੰਡ ਤਰਫ ਸੈਦਾਂ, ਜੋ ਕਿ ਇਸਲਾਮ ਗੰਜ ਸਥਾਨ ਵਜੋਂ ਜਾਣਿਆ ਜਾਂਦਾ ਹੈ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਜੋ ਕਿ ਸ੍ਰੀ ਬੁੱਧ ਰਾਮ ਪੁੱਤਰ ਸ੍ਰੀ ਕੁੰਦਨ ਲਾਲ ਦੇ ਨਾਂਅ ਹੈ ਰਜਿਸਟਰਡ ਵਾਈਡ ਸੇਲ ਡੀਡ ਵਸੀਕਾ ਨੰਬਰ 16687 ਮਿਤੀ 07/01/2016 | 10-05.2021 | 27-08.2025 | ਰੁਪਏ 11,95,488/- (ਗਿਆਰਾਂ ਲੱਖ ਪਚਾਨਵੇਂ ਹਜ਼ਾਰ ਚਾਰ ਸੌ ਅਠਾਸੀ ਰੁਪਏ ਕੇਵਲ) ਸਮੇਤ ਵਿਆਜ ਤੇ ਅਚਨਚੇਤ ਖਰਚੇ ਪੂਰੀ ਅਦਾਇਗੀ ਹੋਣ ਤੱਕ |

ਨੋਟਿਸ ਦੀ ਬਦਲਵੀਂ ਸੇਵਾ ਲਈ ਕਦਮ ਚੁੱਕੇ ਗਏ ਹਨ ਅਤੇ ਉਪਰੋਕਤ ਕਰਜ਼ਦਾਰਾਂ ਅਤੇ/ਜਾਂ ਉਨ੍ਹਾਂ ਦੇ ਗਰੰਟਰਾਂ (ਜਿੱਥੇ ਲਾਗੂਯੋਗ ਹੋਵੇ) ਨੂੰ ਇਸ ਨੋਟਿਸ ਦੀ ਪ੍ਰਕਾਸ਼ਨਾ ਦੀ ਮਿਤੀ 60 ਦਿਨਾਂ ਦੇ ਅੰਦਰ-ਅੰਦਰ ਬਕਾਇਆ ਨਿਕਲਦੀ ਰਾਸ਼ੀ ਦੀ ਅਦਾਇਗੀ ਕਰ ਦੇਣ ਦਾ ਸੱਦਾ ਦਿੱਤਾ ਜਾਂਦਾ ਹੈ। ਅਸਫਲ ਰਹਿਣ ਦੀ ਸੂਰਤ ਵਿੱਚ ਸਕਿਉਰਟਾਈਜੇਸ਼ਨ ਐਂਡ ਰਿਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਦੇ ਅਧੀਨ ਇਸ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦਾ ਸਮਾਂ ਲੰਘ ਜਾਣ ਤੋਂ ਬਾਅਦ ਅਗਲੇ ਕਦਮ ਚੁੱਕੇ ਜਾਣਗੇ।

ਐਕਟ ਦੇ ਸੈਕਸ਼ਨ 13 (13) ਅਨੁਸਾਰ ਇਸ ਨੋਟਿਸ ਦੇ ਪ੍ਰਾਪਤ ਹੋਣ 'ਤੇ ਤੁਹਾਨੂੰ ਬੈਂਕ ਦੀ ਸਹਿਮਤੀ ਲਏ ਬਗੈਰ ਬਿਜ਼ਨੈੱਸ ਦੇ ਆਮ ਕੰਮ ਧੰਦੇ ਤੋਂ ਸਿਵਾਏ ਉਪਰ ਵਰਨਣ ਸਕਿਉਰਟੀਜ਼ ਦੀ ਡਿਸਪੋਜ਼ਿੰਗ ਜਾਂ ਕੋਈ ਸੌਦੇਬਾਜ਼ੀ ਕਰਨ ਦੀ ਮਨਾਹੀ ਹੋਵੇਗੀ। ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਸੈਕਸ਼ਨ ਦੀ ਉਲੰਘਣਾ ਕਰਨ 'ਤੇ ਗੰਭੀਰ ਨਤੀਜਿਆਂ ਦਾ ਸਾਹਮਣਾ ਕਰਨਾ ਹੋਵੇਗਾ।

ਕਰਜ਼ਦਾਰਾਂ/ਗਰੰਟਰਾਂ/ਗਿਰਵੀਕਾਰਾਂ ਨੂੰ ਸੰਬੰਧਤ ਬਰਾਂਚ ਕੋਲੋਂ ਨੋਟਿਸ ਦੀ ਕਾਪੀ ਪ੍ਰਾਪਤ ਕਰ ਲੈਣ ਦੀ ਵੀ ਸਲਾਹ ਦਿੱਤੀ ਜਾਂਦੀ ਹੈ।

ਮਿਤੀ : 11.09.2025 ਸਥਾਨ : ਮਾਛੀਵਾੜਾ ਅਧਿਕਾਰਤ ਅਫਸਰ

# ਸ਼੍ਰੀ ਗੁਰੂ ਅੰਗਦ ਦੇਵ ਜੀ ਦੇ ਗੁਰਤਾ ਗੱਦੀ ਦਿਵਸ ਮੌਕੇ ਪੱਤਰਕਾਰ ਸਰਬਜੋਤ ਸਿੰਘ ਸੰਧਾ ਵੱਲੋਂ ਖਡੂਰ ਸਾਹਿਬ ਵਿਸ਼ੇਸ਼ ਸਪਲੀਮੈਂਟ


ਨਿੱਘੀ ਯਾਦ
ਡਾ ਪਾਲ ਸਿੰਘ ਸੰਧਾ

ਸ਼੍ਰੀ ਗੁਰੂ ਅੰਗਦ ਦੇਵ ਜੀ ਦੇ ਗੁਰਆਈ ਪੁਰਬ ਨੂੰ ਮਨਾਉਦਿਆਂ ਆਉ ਗੁਰਮੁੱਖੀ ਨਾਲ ਜੁੜਨ ਦਾ ਪ੍ਰਣ ਕਰੀਏ
ਲੋਕਲ ਗੁਰਦੁਆਰਾ ਕਮੇਟੀ ਵੱਲੋਂ ਕੀਤੇ ਜਾ ਰਹੇ ਧਾਰਮਿਕ ਅਤੇ ਸਮਾਜਿਕ ਕਾਰਜ
* ਸ਼੍ਰੀ ਗੁਰੂ ਅੰਗਦ ਦੇਵ ਚੈਰੀਟੇਬਲ ਹਸਪਤਾਲ।
* ਸ਼੍ਰੀ ਗੁਰੂ ਅੰਗਦ ਦੇਵ ਕੰਪਿਊਟਰਾਈਜ਼ਡ ਲੈਬਰੋਟਰੀ ਅਤੇ ਹੋਮਿਉਪੈਥਿਕ ਹਸਪਲਤਾਲ।
* ਬੱਚਿਆਂ ਅਤੇ ਨੌਜਵਾਨਾਂ ਲਈ ਹਫਤਾਵਰੀ ਗੁਰਮਿਤ ਕਲਾਸਾਂ।
* ਲੋੜਵੰਦ ਲੜਕੀਆਂ ਲਈ 6 ਮਹੀਨੇ ਦਾ ਮੁਫਤ ਸਿਲਾਈ ਕਢਾਈ ਕੋਰਸ।
ਵੱਲੋਂ: ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਖਡੂਰ ਸਾਹਿਬ (ਤਰਨ ਤਾਰਨ)
ਮੋ: 95928-57729

ਸ਼੍ਰੀ ਗੁਰੂ ਅੰਗਦ ਦੇਵ ਜੀ ਦੇ ਗੁਰਤਾਗੱਦੀ ਦਿਵਸ ਦੀਆਂ ਲੱਖ ਲੱਖ ਵਧਾਈਆਂ
ਰਮਨਜੀਤ ਸਿੰਘ ਸਿੱਕੀ ਸਾਬਕਾ ਵਿਧਾਇਕ ਖਡੂਰ ਸਾਹਿਬ
ਰਣਜੀਤ ਸਿੰਘ ਪਵਾਰ ਪੀ ਏ ਸਾਬਕਾ ਵਿਧਾਇਕ ਸ੍ਰ ਸਿੱਕੀ
ਵੱਲੋਂ : ਰਣਜੀਤ ਸਿੰਘ ਪਵਾਰ, ਪੀ ਏ ਸਾਬਕਾ ਵਿਧਾਇਕ ਸ੍ਰ ਸਿੱਕੀ

ਸ਼੍ਰੀ ਗੁਰੂ ਅੰਗਦ ਦੇਵ ਜੀ ਦੇ ਗੁਰਤਾਗੱਦੀ ਦਿਵਸ ਦੀਆਂ ਲੱਖ ਲੱਖ ਵਧਾਈਆਂ
ਦਲਬੀਰ ਸਿੰਘ ਜਹਾਂਗੀਰ ਮੀਤ ਪ੍ਰਧਾਨ ਸ਼੍ਰੋ.ਅ.ਦ
ਕੁਲਦੀਪ ਸਿੰਘ ਔਲਖ ਮੀਤ ਪ੍ਰਧਾਨ ਸ਼੍ਰੋ.ਅ.ਦ
ਭੁਪਿੰਦਰ ਸਿੰਘ ਬਿੰਦਾ ਸਾਬਕਾ ਸਰਪੰਚ
ਜਾਰੀ ਕਰਤਾ - ਸਮੂਹ ਅਕਾਲੀ ਆਗੂ ਵਿਧਾਨ ਸਭਾ ਹਲਕਾ ਖਡੂਰ ਸਾਹਿਬ

ਸ਼੍ਰੀ ਗੁਰੂ ਅੰਗਦ ਦੇਵ ਜੀ ਦੇ ਗੁਰਤਾ ਗੱਦੀ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈਆਂ
ਸ਼੍ਰੀ ਰਾਹੁਲ ਗਾਂਧੀ
ਅਮਰਿੰਦਰ ਸਿੰਘ ਰਾਜਾ ਵੜਿੰਗ
ਪ੍ਰਤਾਪ ਸਿੰਘ ਬਾਜਵਾ
ਮਹਿੰਦਰ ਸਿੰਘ ਕੰਬੋਜ
ਜਗਵਿੰਦਰ ਸਿੰਘ ਸਰਪੰਚ
ਸੁਖਦੇਵ ਸਿੰਘ ਨੰਬਰਦਾਰ
ਬਲਕਾਰ ਸਿੰਘ ਠੇਕੇਦਾਰ
ਜਾਰੀ ਕਰਤਾ : ਸਮੂਹ ਕਾਂਗਰਸੀ ਆਗੂ ਫਤਿਹਾਬਾਦ

ਸ਼੍ਰੀ ਗੁਰੂ ਅੰਗਦ ਦੇਵ ਜੀ ਦੇ ਗੁਰਤਾ ਗੱਦੀ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈਆਂ
ਡਾ ਸੰਦੀਪ ਕਾਲੜਾ ਐਸ ਐਮ ਓ ਖਡੂਰ ਸਾਹਿਬ
ਡਾ ਅਮਰਬੀਰ ਸਿੱਧੂ ਚਾਈਲਡ ਸਪੈਸ਼ਲਿਸਟ
ਅਰਵਿੰਦਰ ਸਿੰਘ ਸੀਨੀਅਰ ਫਾਰਮੈਸੀ ਅਫਸਰ
ਡਾ ਦੀਪਇੰਦਰ ਕੌਰ ਐਮ.ਓ. ਡੈਂਟਲ

ਸ਼੍ਰੀ ਗੁਰੂ ਅੰਗਦ ਦੇਵ ਜੀ ਦੇ ਗੁਰਤਾ ਗੱਦੀ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈਆਂ
ਸ਼੍ਰੀ ਪ੍ਰਦੀਪ ਕੁਮਾਰ ਚੋਪੜਾ
ਸ਼੍ਰੀ ਦੀਪਕ ਕੁਮਾਰ ਦਾਰਾ ਚੋਪੜਾ
ਵਲੋਂ: ਚੋਪੜਾ ਪਰਿਵਾਰ ਫਤਿਹਾਬਾਦ

ਸ਼੍ਰੀ ਗੁਰੂ ਅੰਗਦ ਦੇਵ ਜੀ ਦੇ ਗੁਰਤਾ ਗੱਦੀ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈਆਂ
ਅਰਵਿੰਦ ਕੇਜਰੀਵਾਲ ਸਾਬਕਾ ਮੁੱਖ ਮੰਤਰੀ ਦਿੱਲੀ
ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ
ਗੁਰਚਰਨ ਸਿੰਘ ਭੋਲਾ
ਜਾਰੀ ਕਰਤਾ: ਗੁਰਚਰਨ ਸਿੰਘ ਭੋਲਾ ਸੀਨੀਅਰ 'ਆਪ' ਆਗੂ

LIC ਬੀਮਾ ਸੇਵਾ ਕੇਂਦਰ
ਬੱਚਿਆਂ ਲਈ ਐਜੂਕੇਸ਼ਨ ਬੀਮਾ ਪੌਲਸੀ, ਲੜਕੀਆਂ ਲਈ ਕੰਨਿਆਦਾਨ ਪੌਲਸੀ, ਬੁਢਾਪਾ ਪੈਨਸ਼ਨ ਸਕੀਮ,ਮਨੀ ਬੈਂਕ ਪੌਲਸੀ, ਰੋਜ਼ਾਨਾ ਬਚਤ ਪੌਲਸੀ,ਕਰੋੜਪਤੀ ਸਕੀਮ।
ਡੈਂਥ ਕਲੇਮ,ਮਚਿਊਰਟੀ ਜਾ ਫਿਰ ਹੋਰ ਐਲ ਆਈ ਸੀ ਸੇਵਾ ਲਈ ਸੰਪਰਕ ਕਰੋ: ਐਸ ਐਸ ਸੰਧਾ ਮੋ:9988537575
ਅਖਬਾਰਾਂ ਵਿਚ ਨਾਮ ਬਦਲੀ,ਬੇਦਖਲੀ ਨੋਟਿਸ,ਟਿਊਬਵੈਲ ਕੁਨੈਕਸ਼ਨ ਅਤੇ ਹੋਰ ਇਸ਼ਤਿਹਾਰ ਦੇਣ ਵੀ ਲਈ ਸੰਪਰਕ ਕਰੋ।

ਮਾਣਮੱਤੀਆਂ ਸ਼ਖਸੀਅਤਾਂ
ਗੁਰਭੇਜ ਸਿੰਘ ਭੇਜੀ ਕਿਸਾਨ ਆਗੂ
ਭੁਪਿੰਦਰ ਸਿੰਘ ਟੀਟੂ ਸੀਨੀ ਮੀਤ ਪ੍ਰਧਾਨ ਸ਼੍ਰੋ ਅ ਦ
ਮਾਸਟਰ ਮੱਖਣ ਸਿੰਘ ਫਤਿਹਾਬਾਦ
ਸ੍ਰ ਮੁਹੱਬਤਪਾਲ ਸਿੰਘ ਢਿੱਲੋਂ ਨੰਬਰਦਾਰ
ਗੁਰਪਾਲ ਸਿੰਘ ਢਿੱਲੋਂ ਕਾਂਗਰਸੀ ਆਗੂ ਹਲਕਾ ਖਡੂਰ ਸਾਹਿਬ
ਗੁਰਚਰਨ ਸਿੰਘ ਕੰਡਾ ਮੀਤ ਸਕੱਤਰ ਬਲਾਕ ਸੀ ਪੀ ਆਈ
ਕਾਮਰੇਡ ਬਲਜੀਤ ਸਿੰਘ ਜਿਲ੍ਹਾ ਕੌਂਸਲ ਮੈਂਬਰ ਸੀ ਪੀ ਆਈ
ਬਲਦੇਵ ਸਿੰਘ ਧੂੰਦਾ
ਕੁਲਵੰਤ ਸਿੰਘ ਸਰਪੰਚ ਚੰਡੀਗੜ੍ਹ ਮੁਹੱਲਾ
ਸ਼੍ਰੀ ਗੁਰੂ ਅੰਗਦ ਦੇਵ ਜੀ ਦੇ ਗੁਰਤਾ ਗੱਦੀ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈਆਂ

ਸ਼੍ਰੀ ਗੁਰੂ ਅੰਗਦ ਦੇਵ ਜੀ ਦੇ ਗੁਰਤਾ ਗੱਦੀ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈਆਂ
ਤਜਿੰਦਰ ਸਿੰਘ ਰਿਆੜ
ਵੱਲੋਂ: ਤਜਿੰਦਰ ਸਿੰਘ ਰਿਆੜ ਹੈਲਥ ਇੰਸਪੈਕਟਰ

ਸ਼੍ਰੀ ਗੁਰੂ ਅੰਗਦ ਦੇਵ ਜੀ ਦੇ ਗੁਰਤਾ ਗੱਦੀ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈਆਂ
ਵੱਲੋਂ: ਪਰਮਪਾਲ ਸਿੰਘ ਧਾਰੜ ਮਲਟੀਪਰਪਜ਼ ਹੈਲਥ ਵਰਕਾਰ

ਧੰਨਵਾਦ
ਮੈਂ ਧੰਨਵਾਦੀ ਹਾਂ ਉਨ੍ਹਾਂ ਸਾਰੇ ਹੀ ਸੱਜਣਾਂ ਮਿੱਤਰਾਂ ਦਾ ਜਿਨਾਂ ਮੈਨੂੰ ਸ਼੍ਰੀ ਗੁਰੂ ਅੰਗਦ ਦੇਵ ਜੀ ਦੇ ਗੁਰਤਾ ਗੱਦੀ ਦਿਵਸ ਮੌਕੇ ਵਿਸ਼ੇਸ਼ ਸਪਲੀਮੈਂਟ ਵਿਚ ਭਰਪੂਰ ਸਹਿਯੋਗ ਦਿੱਤਾ ਅੱਗੇ ਤੋਂ ਵੀ ਇਸੇ ਤਰਾਂ ਦੇ ਸਹਿਯੋਗ ਦੀ ਆਸ ਕਰਦਾ ਹਾਂ।
ਪੱਤਰਕਾਰ: ਸਰਬਜੋਤ ਸਿੰਘ ਸੰਧਾ
ਸਟੇਸ਼ਨ ਖਡੂਰ ਸਾਹਿਬ ਮੋ:99885-37575

ਘਰ ਦੀਆਂ ਰੌਣਕਾਂ
ਸ਼ਬਦਦੀਪ ਕੌਰ
ਅਸੀਸ ਕੌਰ
ਜਪਜੋਤ ਸਿੰਘ ਸੰਧਾ
ਗੁਰਵੀਰ ਸਿੰਘ

ਸ਼੍ਰੀ ਗੁਰੂ ਅੰਗਦ ਦੇਵ ਜੀ ਦੇ ਗੁਰਤਾ ਗੱਦੀ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈਆਂ
ਬੇਅੰਤ ਸਿੰਘ
ਅਵਤਾਰ ਫਿਲਿੰਗ ਸਟੇਸ਼ਨ ਮੇਨ ਰੋਡ ਫਤਿਹਾਬਾਦ
Bharat Petroleum
ਗੁਰਮੀਤ ਸਿੰਘ
ਵੱਲੋਂ: ਬੇਅੰਤ ਸਿੰਘ, ਗੁਰਮੀਤ ਸਿੰਘ ਪੈਟਰੋਲ ਪੰਪ ਵਾਲੇ


## ਨਸ਼ੀਲੀਆਂ ਗੋਲੀਆਂ ਸਮੇਤ ਨੌਜਵਾਨ ਕਾਬੂ



ਬੰਗਾ (ਅਵਤਾਰ ਕਲੇਰ)- ਮਹਿਤਾਬ ਸਿੰਘ ਵਿਰਕ ਐਸ ਐਸ ਪੀ ਜਿਲ੍ਹਾ ਸ਼ਹੀਦ ਭਗਤ ਨਗਰ, ਸਰਬਜੀਤ ਸਿੰਘ ਵਾਹੀਆ ਐਸ.ਪੀ.ਡੀ ਅਤੇ ਹਰਜੀਤ ਸਿੰਘ ਪੀ ਪੀ ਐਸ ਡੀ.ਐਸ.ਪੀ ਸਬ-ਡਵੀਜ਼ਨ ਬੰਗਾ ਦੇ ਦਿਸ਼ਾ ਨਿਰਦੇਸ਼ ਅਨੁਸਾਰ ਨਸ਼ਿਆ ਵਿਰੁੱਧ ਛੇੜੀ ਮੁਹਿੰਮ ਨੂੰ ਉਸ ਵੇਲੇ ਸਫਲਤਾ ਮਿਲੀ ਜਦੋਂ ਰਾਕੇਸ਼ ਕੁਮਾਰ,ਸਬ ਇੰਸਪੈਕਟਰ ਮੁੱਖ ਅਫਸਰ ਥਾਣਾ ਬਹਿਰਾਮ ਦੀ ਅਗਵਾਈ ਅਧੀਨ ਏ.ਐਸ.ਆਈ ਸੁਖਪਾਲ ਸਿੰਘ ਪੁਲਸ ਪਾਰਟੀ ਨੂੰ ਗਸ਼ਤ ਦੌਰਾਨ ਬਹਿਰਾਮ ਤੋਂ ਕਟਾਰੀਆ ਰੋਡ ਬੱਸ ਅੱਡਾ ਫਰਾਲਾ ਪੁੱਜੇ ਤਾਂ ਸਾਹਮਣੇ ਤੋਂ ਇਕ ਨੌਜਵਾਨ ਆਉਦਾ ਦਿਖਾਈ ਦਿੱਤਾ, ਜਿਸ ਨੇ ਪੁਲਿਸ ਪਾਰਟੀ ਦੀ ਗੱਡੀ ਨੂੰ ਦੇਖ ਕੇ ਆਪਣੀ ਪਹਿਨੀ ਹੋਈ ਲੋਅਰ ਦੀ ਜੇਬ ਵਿੱਚੋਂ ਇਕ ਪਾਰਦਰਸ਼ੀ ਲਿਫਾਫੀ ਕੱਢ ਕੇ ਸੜਕ ਦੇ ਕਿਨਾਰੇ ਘਾਹ ਫੂਸ ਵਿਚ ਸੁੱਟ ਦਿੱਤੀ। ਕਾਬੂ ਕਰਕੇ ਉਸ ਦਾ ਨਾਮ ਪਤਾ ਪੁੱਛਿਆ ਤਾਂ ਉਸ ਨੇ ਆਪਣਾ ਨਾਮ ਰੁਪਿੰਦਰਜੀਤ ਸਿੰਘ ਉਰਫ ਜੀਤਾ ਪੁੱਤਰ ਗੁਰਨਾਮ ਸਿੰਘ ਵਾਸੀ ਪਿੰਡ ਭਰੋਲੀ ਥਾਣਾ ਬਹਿਰਾਮ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੱਸਿਆ। ਰੁਪਿੰਦਰਜੀਤ ਸਿੰਘ ਉਰਫ ਜੀਤਾ ਉਕਤ ਵਲੋ ਸੁੱਟੇ ਹੋਏ ਪਾਰਦਰਸ਼ੀ ਮੋਮੀ ਲਿਫਾਫਾ ਨੂੰ ਚੈਕ ਕਰਨ ਤੇ ਉਸ ਵਿੱਚੋਂ ਨਸ਼ੀਲੀਆ ਗੋਲੀਆ ਬਰਾਮਦ ਹੋਈਆ। ਪੁਲਸ ਨੇ ਰੁਪਿੰਦਰਜੀਤ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਰੇਲਵੇ ਕਰਮਚਾਰੀ ਨੇ ਆਪਣੀ ਪਤਨੀ ਦਾ ਕੀਤਾ ਕਤਲ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)- ਪਿੰਡ ਸੰਘੇ ਖਾਲਸਾ ਵਿੱਚ ਪਰਵਾਰਕ ਝਗੜੇ ਨੇ 4 ਬੱਚਿਆਂ ਦੀ ਜ਼ਿੰਦਗੀ ਨੂੰ ਹਨੇਰੇ ਵਿੱਚ ਧੱਕ ਦਿੱਤਾ।ਬੁੱਧਵਾਰ ਦੁਪਹਿਰ 1.30 ਵਜੇ ਰੇਲਵੇ ਕਰਮਚਾਰੀ ਇੰਦਰਜੀਤ ਸਿੰਘ ਨੇ ਆਪਣੀ 26 ਸਾਲਾ ਪਤਨੀ ਸੰਦੀਪ ਕੌਰ ਦਾ ਦਾਤਰ ਨਾਲ ਵਾਰ ਕਰਕੇ ਕਤਲ ਕਰ ਦਿੱਤਾ। ਜਦੋਂ ਲੜਕੀ ਦੇ ਪਰਵਾਰ ਵਾਲੇ ਮੌਕੇ 'ਤੇ ਆਏ ਤਾਂ ਉਨ੍ਹਾਂ ਨੇ ਇੰਦਰਜੀਤ 'ਤੇ ਉਸ ਦੀ ਭਾਬੀ ਮਨਦੀਪ ਕੌਰ ਨਾਲ ਨਾਜਾਇਜ਼ ਸਬੰਧਾਂ ਦਾ ਦੋਸ਼ ਲਗਾਇਆ। ਕਿਹਾ ਗਿਆ ਕਿ ਇੰਦਰਜੀਤ ਨੇ ਭਾਬੀ ਦੇ ਕਹਿਣ 'ਤੇ ਇਹ ਅਪਰਾਧ ਕੀਤਾ। ਪੁਲਸ ਨੇ ਇੰਦਰਜੀਤ ਅਤੇ ਮਨਦੀਪ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਮ੍ਰਿਤਕ ਸੰਦੀਪ ਦੇ 5 ਸਾਲ ਦੇ ਦੋ ਜੁੜਵਾਂ ਬੱਚੇ ਹਨ, ਜਿਨ੍ਹਾਂ ਨੂੰ ਮਾਮੇ ਦਾ ਪਰਵਾਰ ਆਪਣੇ ਨਾਲ ਲੈ ਗਿਆ। ਮਨਦੀਪ ਦੇ ਦੋ ਪੁੱਤਰ ਹਨ। 6 ਸਾਲ ਦਾ ਲੜਕਾ ਪਿੰਡ ਵਿੱਚ ਆਪਣੀ ਦਾਦੀ ਕੋਲ ਹੈ, ਜਦੋਂ ਕਿ 2 ਸਾਲ ਦਾ ਲੜਕਾ ਮਨਦੀਪ ਨਾਲ ਜੇਲ੍ਹ ਗਿਆ ਹੈ। ਇਸ ਘਟਨਾ ਬਾਰੇ, ਕਪੂਰਥਲਾ ਦੇ ਲੱਖ ਵਾਰੀਆ ਪਿੰਡ ਦੇ ਵਸਨੀਕ 67 ਸਾਲਾ ਸੁੱਖਾ ਰਾਮ ਨੇ ਕਿਹਾ ਕਿ ਲਗਭਗ ਸੱਤ ਸਾਲ ਪਹਿਲਾਂ, ਉਸਨੇ ਆਪਣੀ ਧੀ ਸੰਦੀਪ ਦਾ ਵਿਆਹ ਸੰਘੇ ਖਾਲਸਾ ਦੇ ਇੰਦਰਜੀਤ ਸਿੰਘ ਪੁੱਤਰ ਸਤਨਾਮ ਸਿੰਘ ਨਾਲ ਕਰਵਾ ਦਿੱਤਾ ਸੀ। ਉਹ ਵਿਆਹ ਤੋਂ ਹੀ ਉਸਨੂੰ ਤੰਗ-ਪ੍ਰੇਸ਼ਾਨ ਕਰ ਰਿਹਾ ਸੀ। ਇਸ ਦੌਰਾਨ, ਉਨ੍ਹਾਂ ਦੇ ਘਰ ਵਿੱਚ ਜੁੜਵਾਂ ਬੱਚੇ ਪੈਦਾ ਹੋਏ, ਪਰ ਉਨ੍ਹਾਂ ਦੀਆਂ ਲੜਾਈਆਂ ਖਤਮ ਨਹੀਂ ਹੋਈਆਂ। ਧੀ ਅਕਸਰ ਮਨਦੀਪ ਕੌਰ ਅਤੇ ਇੰਦਰਜੀਤ ਵਿਚਕਾਰ ਨੇੜਤਾ ਬਾਰੇ ਸ਼ਿਕਾਇਤ ਕਰਦੀ ਸੀ, ਜੋ ਪਹਿਲੀ ਮੰਜ਼ਿਲ 'ਤੇ ਰਹਿੰਦੀ ਸੀ। ਲੋਕਾਂ ਨੇ ਇਸ ਮੁੱਦੇ 'ਤੇ ਕਈ ਵਾਰ ਬੈਠ ਕੇ ਦੋਵਾਂ ਨੂੰ ਸਮਝਾ ਕੇ ਮਾਮਲਾ ਸ਼ਾਂਤ ਕਰਵਾਇਆ। ਪਿਤਾ ਨੇ ਕਿਹਾ ਕਿ ਦੋ ਮਹੀਨੇ ਪਹਿਲਾਂ ਲੜਾਈ ਇੰਨੀ ਵੱਧ ਗਈ ਕਿ ਧੀ ਆਪਣੇ ਨਾਨਕੇ ਘਰ ਆ ਗਈ। ਇਸ ਦੌਰਾਨ ਇੰਦਰਜੀਤ ਦੀ ਭੈਣ ਅਤੇ ਭਰਜਾਈ ਉਨ੍ਹਾਂ ਦੇ ਘਰ ਆਏ ਅਤੇ ਆਪਣੀ ਗਰੰਟੀ ਦੇ ਕੇ ਧੀ ਨੂੰ ਭਜਾ ਕੇ ਲੈ ਗਏ। ਬੁੱਧਵਾਰ ਨੂੰ ਸੰਦੀਪ ਨੇ ਉਸ ਨੂੰ ਫੋਨ 'ਤੇ ਦੱਸਿਆ ਕਿ ਇੰਦਰਜੀਤ ਉਸ ਨੂੰ ਮਾਰਨ ਲਈ ਹੱਥ ਵਿੱਚ ਦਾਤਰ ਲੈ ਕੇ ਘੁੰਮ ਰਿਹਾ ਹੈ। ਇਹ ਪਤਾ ਲੱਗਣ 'ਤੇ ਉਹ ਮੁਲੇਵਾਲ ਖਹਿਰਾ ਦੇ ਪਿੰਡ ਮੁਖੀ ਸੋਹਣ ਸਿੰਘ ਨਾਲ ਦੁਪਹਿਰ 1.30 ਵਜੇ ਦੇ ਕਰੀਬ ਸੰਘੇ ਖਾਲਸਾ ਪਿੰਡ ਪਹੁੰਚਿਆ। ਉਹ ਅਜੇ ਵੀ ਗਲੀ ਵਿੱਚ ਹੀ ਸੀ ਜਦੋਂ ਉਸਨੇ ਚੀਕਾਂ ਸੁਣੀਆਂ। ਜਦੋਂ ਉਹ ਜਵਾਈ ਦੇ ਘਰ ਦਾਖਲ ਹੋਇਆ ਤਾਂ ਉਹ ਆਪਣੀ ਧੀ 'ਤੇ ਦਾਤਰ ਨਾਲ ਹਮਲਾ ਕਰ ਰਿਹਾ ਸੀ ਅਤੇ ਫਿਰ ਭੱਜ ਗਿਆ। ਸੰਦੀਪ ਦੇ ਪਿਤਾ ਨੇ ਕਿਹਾ ਕਿ ਇੰਦਰਜੀਤ ਨੇ ਮਨਦੀਪ ਕੌਰ ਦੇ ਹੁਕਮ 'ਤੇ ਕਤਲ ਕੀਤਾ ਹੈ, ਇਸ ਲਈ ਉਸ ਵਿਰੁੱਧ ਮਾਮਲਾ ਦਰਜ ਕੀਤਾ ਜਾਣਾ ਚਾਹੀਦਾ ਹੈ। 6 ਘੰਟੇ ਦੇ ਵਿਰੋਧ ਤੋਂ ਬਾਅਦ, ਆਖਰਕਾਰ ਪੁਲਸ ਨੇ ਮਨਦੀਪ ਕੌਰ ਨੂੰ ਐਫ ਆਈ ਆਰ 'ਚ ਨਾਮਜ਼ਦ ਕਰ ਦਿੱਤਾ।



## ਬੜਾ ਪਿੰਡ ਵਿੱਚ ਟੁੱਟੇ ਮਕਾਨ ਜਲਦ ਹੋਣਗੇ ਮੁਰੰਮਤ : ਹਰਜੋਤ ਸਿੰਘ ਬੈਂਸ

ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)- ਸ੍ਰੀ ਅਨੰਦਪੁਰ ਸਾਹਿਬ ਹਲਕੇ ਦੇ ਹਰ ਨਾਗਰਿਕ ਨੂੰ ਰਾਹਤ ਪਹੁੰਚਾਉਣ ਲਈ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਬੜਾ ਪਿੰਡ ਅੱਪਰ ਦੀ ਪਹਾੜੀ ਕੇ ਹੋਏ ਕਟਾਅ ਦਾ ਦੌਰਾ ਕੀਤਾ ਅਤੇ ਵਸਨੀਕਾਂ ਨੂੰ ਭਰੋਸਾ ਦਵਾਇਆ ਕਿ ਹੜ੍ਹ ਦੌਰਾਨ ਟੁੱਟੇ ਸਾਰੇ ਮਕਾਨ ਜਲਦੀ ਮੁਰੰਮਤ ਕੀਤੇ ਜਾਣਗੇ। ਸ.ਬੈਂਸ ਨੇ ਕੱਲ੍ਹ ਸ਼ਾਮ ਪਿੰਡ ਬੜਾ ਪਿੰਡ ਅੱਪਰ ਵਿੱਚ ਪਹੁੰਚ ਕੇ ਨੁਕਸਾਨ ਦਾ ਖੁਦ ਜਾਇਜ਼ਾ ਲਿਆ। ਪਿੰਡ ਵਿੱਚ ਭਾਰੀ ਬਾਰਿਸ਼ ਅਤੇ ਹੜ੍ਹ ਕਾਰਨ ਲਗਭਗ 35 ਮਕਾਨ ਪ੍ਰਭਾਵਿਤ ਹੋਏ ਸਨ। ਉਨ੍ਹਾਂ ਨੇ ਦੱਸਿਆ ਕਿ ਜਦੋਂ ਤੱਕ ਮਕਾਨ ਮੁੜ ਤਿਆਰ ਨਹੀਂ ਹੋ ਜਾਂਦੇ, ਵਸਨੀਕਾਂ ਨੂੰ ਸਥਾਨਕ ਧਰਮਸਾਲਾ ਤੇ ਰਾਹਤ ਕੈਂਪਾਂ ਵਿੱਚ ਰੱਖਿਆ ਗਿਆ ਹੈ ਅਤੇ ਪੰਜਾਬ ਸਰਕਾਰ ਵੱਲੋਂ ਤੁਰੰਤ ਮੁਰੰਮਤ ਤੇ ਪੁਨਰਵਾਸ ਲਈ ਕਦਮ ਚੁੱਕੇ ਜਾ ਰਹੇ ਹਨ। ਪ੍ਰਭਾਵਿਤ ਪਰਵਾਰਾਂ ਨੂੰ ਜ਼ਰੂਰੀ ਸਾਮਾਨ ਮੁਹੱਈਆ ਕਰਾਇਆ ਜਾ ਰਿਹਾ ਹੈ। ਇਸ ਮੌਕੇ ਜੁਝਾਰ ਸਿੰਘ ਆਸਪੁਰ ਮੈਂਬਰ ਸੈਣੀ ਵੈਲਫੇਅਰ ਬੋਰਡ ਪੰਜਾਬ, ਸੁਖਵਿੰਦਰ ਸਿੰਘ ਭਾਓਵਾਲ, ਹਰਵਿੰਦਰ ਸਿੰਘ, ਸੁਰਜੀਤ ਸਿੰਘ ਸਰਪੰਚ, ਹਰਦੀਪ ਸਿੰਘ ਸਰਪੰਚ, ਸੁਖਵਿੰਦਰ ਸਿੰਘ ਸੋਢੀ, ਸੰਜੀਵ ਗਰਗ ਤੇ ਵੱਡੀ ਗਿਣਤੀ ਵਿਚ ਪਿੰਡ ਵਾਸੀ ਹਾਜ਼ਰ ਸਨ।

## ਮੰਡ ਇਲਾਕੇ 'ਚ ਜ਼ਿੰਦਗੀ ਲੀਹ 'ਤੇ ਪਰਤਣ ਲੱਗੀ

- ਕਿਸ਼ਤੀਆਂ ਦੀ ਥਾਂ ਟਰੈਕਟਰਾਂ 'ਤੇ ਪਹੁੰਚਣ ਲੱਗੀ ਰਾਹਤ ਸਮੱਗਰੀ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)- ਹੜ੍ਹ ਦੇ ਝੰਬੇ ਲੋਕਾਂ ਦੀ ਜ਼ਿੰਦਗੀ ਲੀਹ 'ਤੇ ਆਉਣ ਲੱਗ ਪਈ ਹੈ। ਬਿਆਸ ਦਰਿਆ ਵਿੱਚ ਘਟੇ ਪਾਣੀ ਦੇ ਪੱਧਰ ਨੇ ਮੰਡ ਇਲਾਕੇ ਦੇ ਲੋਕਾਂ ਨੂੰ ਵੱਡੀ ਰਾਹਤ ਦਿੱਤੀ ਹੈ। ਪਿਛਲੇ ਇੱਕ ਮਹੀਨੇ ਤੋਂ ਹੜ੍ਹਾਂ ਦੀ ਮਾਰ ਝੱਲ ਰਹੇ ਮੰਡ ਬਾਊਪੁਰ ਇਲਾਕੇ ਦੇ ਲੋਕਾਂ ਨੇ ਪਾਣੀ ਦਾ ਪੱਧਰ ਘੱਟਣ 'ਤੇ ਸੁਖ ਦਾ ਸਾਹ ਲਿਆ ਤੇ ਉਨ੍ਹਾਂ ਦੇ ਘਰਾਂ ਵਿੱਚ ਮੁੜ ਚੁੱਲ੍ਹੇ ਤਪਣ ਲੱਗ ਪਏ ਹਨ। ਹੜ੍ਹ ਦੇ 30ਵੇਂ ਦਿਨ ਪਾਣੀ ਏਨ੍ਹਾ ਘੱਟ ਗਿਆ ਹੈ ਕਿ ਜਿੱਥੇ ਪਹਿਲਾਂ ਕਿਸ਼ਤੀਆਂ ਚੱਲਦੀਆਂ ਸਨ ਉਨ੍ਹਾਂ ਉਥੇ ਖੇਤਾਂ ਦੇ ਰਾਜੇ ਅਖਵਾਉਂਦੇ ਟੈਰਕਟਰ ਨੇ ਮੁੜ ਆਪਣੀ ਜ਼ੁੰਮੇਵਾਰੀ ਸੰਭਾਲ ਲਈ ਤੇ ਹੁਣ ਪਿੰਡਾਂ ਲਈ ਆ ਰਹੀ ਰਾਹਤ ਸਮੱਗਰੀ ਸਿੱਧੀ ਟਰੈਕਟਰ ਟਰਾਲੀਆਂ ਰਾਹੀ ਲੋਕਾਂ ਦੇ ਘਰਾਂ ਦੇ ਨੇੜੇ ਪਹੁੰਚਣ ਲੱਗੀ ਹੈ। ਰਾਜ ਸਭਾ ਮੈਂਬਰ ਤੇ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਪਾਣੀ ਘੱਟ ਜਾਣ ਕਾਰਨ ਆਪਣੀ ਗੱਡੀ ਰਾਹੀ ਪਿੰਡ ਬਾਊਪੁਰ ਪਹੁੰਚੇ ਜਿੱਥੇ ਉਨ੍ਹਾਂ ਨੇ ਲੰਗਰ ਪਹੁੰਚਾਇਆ। ਬਹੁਤ ਸਾਰੇ ਲੋਕ ਆਪਣਾ ਮਾਲ-ਡੰਗਰ ਲੈਕੇ ਆਪਣੇ ਘਰਾਂ ਨੂੰ ਪਰਤ ਆਏ ਹਨ ਅਤੇ ਉਨ੍ਹਾਂ ਨੇ ਘਰਾਂ ਦੇ ਚਲ੍ਹੇ ਤਪਣੇ ਮੁੜ ਸ਼ੁਰੂ ਹੋ ਗਏ ਹਨ। ਪਾਣੀ ਘੱਟ ਨਾਲ ਲੋਕ ਆਪਣੀ ਤਬਾਹ ਹੋਈ ਝੋਨੇ ਦੀ ਫਸਲ ਨੂੰ ਦੇਖਕੇ ਬਹੁਤ ਦੁੱਖੀ ਹੋ ਰਹੇ ਹਨ। ਮੰਡ ਦੇ ਕੁਝ ਇਲਾਕੇ ਵਿੱਚ ਅਜੇ ਵੀ ਕਈ ਥਾਂਵਾਂ 'ਤੇ ਪਾਣੀ ਡੇਢ ਤੋਂ ਦੋ ਫੁੱਟ ਦੇ ਕਰੀਬ ਹੈ। ਇਸ ਦੇ ਬਾਵਜੂਦ ਲੋਕਾਂ ਨੇ ਆਪਣੇ ਘਰਾਂ ਜਾਣਾ ਸ਼ੁਰੂ ਕਰ ਦਿੱਤਾ ਹੈ ਤੇ ਹੜ੍ਹ ਦੇ ਪਾਣੀ ਨਾਲ ਖਰਾਬ ਹੋਈਆਂ ਵਸਤਾਂ ਨੂੰ ਧੁੱਪ ਲਗਾਉਣੀ ਸ਼ੁਰੂ ਕਰ ਦਿੱਤੀ ਹੈ।



## ਐਥਲੈਟਿਕ ਜੂਨੀਅਰ ਚੈਂਪੀਅਨਸ਼ਿਪ ਵਿਚ ਮੰਗਲ ਸਿੰਘ ਨੇ ਹਾਸਲ ਕੀਤਾ ਚਾਂਦੀ ਦਾ ਤਗਮਾ



ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)- ਸ਼ਹੀਦ ਮੇਜਰ ਹਰਮਿੰਦਰ ਸਿੰਘ ਸਰਕਾਰੀ ਕਾਲਜ, ਮੋਹਾਲੀ ਦੇ ਪ੍ਰਿੰਸੀਪਲ ਗੁਰਿੰਦਰਜੀਤ ਕੌਰ ਦੀ ਅਗਵਾਈ ਵਿਚ ਬੀ.ਏ. ਭਾਗ ਪਹਿਲਾ ਦੇ ਵਿਦਿਆਰਥੀ ਮੰਗਲ ਸਿੰਘ ਨੇ 14ਵੀਂ ਪੈਰਾ ਨੈਸ਼ਨਲ ਐਥਲੈਟਿਕ ਜੂਨੀਅਰ ਚੈਂਪੀਅਨਸ਼ਿਪ ਵਿਚ ਭਾਗ ਲਿਆ। ਇਹ ਚੈਂਪੀਅਨਸ਼ਿਪ ਅਟੱਲ ਬਿਹਾਰੀ ਬਾਜਪਾਈ ਡਿਸਏਬਿਲਟੀ ਸੈਂਟਰ ਗਵਾਲੀਅਰ ਵਿਖੇ ਕਰਵਾਈ ਗਈ ਸੀ। ਇਸ ਵਿਚ ਵਿਦਿਆਰਥੀ ਮੰਗਲ ਸਿੰਘ ਨੇ 100 ਮੀਟਰ ਦੌੜ ਵਿਚ ਚਾਂਦੀ ਦਾ ਤਗਮਾ ਪ੍ਰਾਪਤ ਕੀਤਾ ਅਤੇ 200 ਮੀਟਰ ਦੌੜ ਵਿਚ ਵੀ ਚਾਂਦੀ ਦਾ ਤਗਮਾ ਪ੍ਰਾਪਤ ਕੀਤਾ। ਕਾਲਜ ਪਰਤਣ ਤੇ ਸਰੀਰਕ ਸਿੱਖਿਆ ਵਿਭਾਗ ਵੱਲੋਂ ਵਿਭਾਗ ਦੇ ਮੁਖੀ ਪ੍ਰੋਫੈਸਰ ਸਿਮਰਪ੍ਰੀਤ ਵੱਲੋਂ ਵਿਦਿਆਰਥੀ ਮੰਗਲ ਸਿੰਘ ਦਾ ਭਰਵਾਂ ਸਵਾਗਤ ਕੀਤਾ ਗਿਆ ਤੇ ਉਸ ਦਾ ਸਨਮਾਨ ਵੀ ਕੀਤਾ ਗਿਆ। ਪ੍ਰੋ. ਜਗਤਾਰ ਸਿੰਘ ਚਿੱਲਾ ਵੱਲੋਂ ਵੀ ਖਿਡਾਰੀ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ। ਇਸ ਮੌਕੇ ਤੇ ਕਾਲਜ ਦੇ ਪ੍ਰੋਫੈਸਰ ਨਿਸ਼ਠਾ ਤ੍ਰਿਪਾਠੀ ਅਤੇ ਪ੍ਰੋਫੈਸਰ ਨਵਦੀਪ ਸਿੰਘ ਵੱਲੋਂ ਵੀ ਇਸ ਵਿਦਿਆਰਥੀ ਨੂੰ ਤਗਮੇ ਜਿੱਤਣ ਉੱਤੇ ਉਸਦਾ ਹੌਸਲਾ ਵਧਾਇਆ ਗਿਆ।

## ਪਸ਼ੂਆਂ ਦਾ ਫਰੀ ਚੈੱਕਅੱਪ ਕੈਂਪ ਲਗਾਇਆ

ਭਲਾਣ (ਹਰਭਜਨ ਢਿੱਲੋਂ)- ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪਸ਼ੂ ਪਾਲਣ ਵਿਭਾਗ ਦੇ ਸੀਨੀਅਰ ਵੈਟਰਨਰੀ ਅਫਸਰ ਡਾ: ਪ੍ਰਵੀਨ ਕੁਮਾਰ ਅਗਰਵਾਲ ਦੀ ਅਗਵਾਈ ਹੇਠ ਹੜ ਪ੍ਰਭਾਵਿਤ ਪਿੰਡ ਜੋਅਲ ਵਿਖੇ ਪਸ਼ੂਆਂ ਦਾ ਫਰੀ ਮੈਡੀਕਲ ਚੈੱਕਅਪ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਡਾਕਟਰ ਰਮਨਦੀਪ ਸਿੰਘ ਵੈਟਨਰੀ ਅਫਸਰ ਅਤੇ ਸੀਨੀਅਰ ਵੈਟਰਨਰੀ ਇੰਸਪੈਕਟਰ ਅਮਰੀਕ ਸਿੰਘ ਸ਼ੇਤਰਾ ਵੱਲੋਂ ਬੀਮਾਰ ਪਸ਼ੂਆਂ ਲਈ ਪਸ਼ੂ ਪਾਲਕਾਂ ਨੂੰ ਮੁਫਤ ਦਵਾਈਆਂ ਦਿੱਤੀਆਂ ਗਈਆਂ। ਪਸ਼ੂਆਂ ਨੂੰ ਛੂਤੀ ਬਿਮਾਰੀਆਂ, ਮੂੰਹ ਖੁਰ ਅਤੇ ਗਲਘੋਟੂ ਬਿਮਾਰੀਆਂ ਦੀ ਵੈਕਸੀਨ ਲਗਾਏ ਗਏ। ਇਸ ਮੌਕੇ ਪਸ਼ੂ ਪਾਲਕਾਂ ਨੂੰ ਇਹਨਾਂ ਬੀਮਾਰੀਆਂ ਬਾਰੇ ਡਾਕਟਰ ਰਮਨਦੀਪ ਸਿੰਘ ਵੱਲੋਂ ਵਿਸਥਾਰ ਪੂਰਵਕ ਦੱਸਿਆ ਗਿਆ ਅਤੇ 40 ਦੇ ਕਰੀਬ ਪਸ਼ੂਆਂ ਦਾ ਇਲਾਜ ਕੀਤਾ ਗਿਆ। ਇਸ ਕੈਂਪ ਵਿੱਚ ਸਰਪੰਚ ਕੁਲਦੀਪ ਸਿੰਘ, ਬਲਵੀਰ ਚੰਦ, ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਰੋਸ ਪ੍ਰਦਰਸ਼ਨਸੰਜੀਵ ਕੁਮਾਰ, ਬਿਮਲਾ ਦੇਵੀ ਤੇ ਹੋਰ ਲੋਕਾਂ ਦਾ ਵੱਡਾ ਇਕੱਠ ਸੀ।




## ਦਸਵੀਂ-ਬਾਰ੍ਹਵੀਂ ਸ਼੍ਰੇਣੀ ਦੀਆਂ ਪ੍ਰੀਖਿਆਵਾਂ 15 ਤੋਂ 19 ਤੱਕ

ਐੱਸ.ਏ.ਐੱਸ ਨਗਰ (ਗੁਰਜੀਤ ਬਿੱਲਾ)- ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਅਗਸਤ/ਸਤੰਬਰ 2025 ਦੀਆਂ ਮਿਤੀ 01.09.2025 ਤੋਂ 05.09.2025 ਤੱਕ ਹੋਣ ਵਾਲੀਆਂ (ਅਨੁਪੂਰਕ) ਪ੍ਰਯੋਗੀ ਪਰੀਖਿਆਵਾਂ ਪੰਜਾਬ ਰਾਜ ਵਿੱਚ ਭਾਰੀ ਮੀਂਹ ਕਾਰਨ ਹੜ੍ਹਾਂ ਦੇ ਚਲਦੇ ਪਰੀਖਿਆਵਾਂ ਮੁਲਤਵੀ ਕਰ ਦਿੱਤੀਆਂ ਗਈਆਂ ਸਨ। ਹੁਣ ਇਹ ਪਰੀਖਿਆਵਾਂ ਮਿਤੀ 15.09.2025 ਤੋਂ 19.09.2025 ਤੱਕ ਕਾਰਵਾਈਆਂ ਜਾ ਰਹੀਆਂ ਹਨ। ਡੇਟਸ਼ੀਟ ਅਤੇ ਹੋਰ ਵਧੇਰੇ ਜਾਣਕਾਰੀ ਬੋਰਡ ਦੀ ਵੈੱਬ ਸਾਈਟ www.pseb.ac.in ਤੇ ਉਪਲੱਬਧ ਹੈ।

## ਜਨਮ ਦਿਨ ਮੁਬਾਰਕ



ਸਾਹਿਲ ਬੰਗੜ ਕਪੂਰਥਲਾ



ਗੁਰਨੂਰ ਸਿੰਘ ਮਾਨਸਾ



ਸ਼ਕਸ਼ਮ ਵਸ਼ਿਸ਼ਟ ਲੌਂਗੋਵਾਲ

## ਖੇਤ ਮਜ਼ਦੂਰ ਯੂਨੀਅਨ ਨੇ ਜਥੇਬੰਦੀ ਨੂੰ ਮਜ਼ਬੂਤ ਕਰਨ ਲਈ ਅਹਿਮ ਫੈਸਲੇ ਲਏ : ਵੈਂਕਟ




ਬੰਗਾ (ਅਵਤਾਰ ਕਲੇਰ)- ਕੁਲ ਹਿੰਦ ਖੇਤ ਮਜਦੂਰ ਯੂਨੀਅਨ ਦੀ ਜਨਰਲ ਕੌਂਸਲ ਦੀ ਮੀਟਿੰਗ ਮੌਕੇ ਯੂਨੀਅਨ ਨੇ ਕਈ ਅਹਿਮ ਫੈਸਲੇ ਲਏ।ਇਹ ਜਾਣਕਾਰੀ ਮੀਟਿੰਗ ਤੋਂ ਬਾਅਦ ਕੌਮੀ ਜਨਰਲ ਸਕੱਤਰ ਸਾਥੀ ਬੀ ਵੈਂਕਟ ਨੇ ਪ੍ਰੈਸ ਨੂੰ ਦਿੱਤੀ। ਉਨ੍ਹਾਂ ਦੱਸਿਆ ਕਿ ਯੂਨੀਅਨ ਦੀ ਕੌਮੀ ਕਾਨਫਰੰਸ ਅਗਲੇ ਸਾਲ ਜੂਨ ਜੁਲਾਈ ਵਿੱਚ ਕੀਤੀ ਜਾਵੇਗੀ। ਮੀਟਿੰਗ ਵਿੱਚ 25-26 ਦੀ ਮੈਂਬਰਸ਼ਿਪ ਮੁਹਿੰਮ ਨੂੰ ਤੇਜ਼ ਕਰਨ ਤੇ ਜ਼ੋਰ ਦਿੱਤਾ ਗਿਆ। ਵੈਂਕਟ ਨੇ ਕਿਹਾ ਕਿ ਯੂਨੀਅਨ ਪੇਂਡੂ ਤੇ ਖੇਤ ਮਜ਼ਦੂਰਾਂ ਦੀਆਂ ਮੰਗਾਂ ਲਈ ਦੇਸ਼ ਭਰ ਵਿੱਚ ਸੰਘਰਸ਼ ਕਰੇਗੀ। ਪੰਜਾਬ ਵੱਲੋਂ ਸਰਗਰਮੀਆਂ ਦੀ ਰਿਪੋਰਟ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਗੁਰਮੇਸ਼ ਸਿੰਘ ਨੇ ਪੇਸ਼ ਕੀਤੀ। ਮੀਟਿੰਗ ਵਿੱਚ ਸਾਥੀ ਭੂਪ ਚੰਦ ਚੰਨੋਂ, ਜਸਬੀਰ ਸਿੰਘ ਝਬਾਲ ਤੇ ਸਾਥੀ ਵਿਜੇ ਕੁਮਾਰ ਘਨੌਰ ਸ਼ਾਮਲ ਹੋਏ।

## ਵਿਧਾਇਕ ਕੁਲਵੰਤ ਸਿੰਘ ਨੇ ਟੋਭੇ ਦੇ ਨਵੀਨੀਕਰਨ ਦਾ ਕੀਤਾ ਉਦਘਾਟਨ

ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)- ਪੰਜਾਬ ਦੇ ਵਿੱਚ ਸਰਬਪੱਖੀ ਵਿਕਾਸ ਦੇ ਨਾਲ ਭਾਈਚਾਰਕ ਸਾਂਝ ਨੂੰ ਕਾਇਮ ਰੱਖਣਾ ਵੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸੋਚ ਹੈ, ਤਾਂ ਜੋ ਪੰਜਾਬ ਨੂੰ ਵਿਕਾਸ ਦੇ ਪੱਖੋਂ ਬੁਲੰਦੀਆਂ ਤੇ ਲਿਜਾਇਆ ਜਾ ਸਕੇ। ਇਹ ਪ੍ਰਗਟਾਵਾ ਵਿਧਾਇਕ ਕੁਲਵੰਤ ਸਿੰਘ ਨੇ ਪਿੰਡ ਸੋਹਾਣਾ ਵਿਖੇ ਨਗਰ ਨਿਗਮ ਵੱਲੋਂ ਟੋਭੇ ਦਾ ਨਵੀਨੀਕਰਨ ਕਰਨ ਉਪਰੰਤ ਟੋਭੇ ਦਾ ਉਦਘਾਟਨ/ਲੋਕ ਸਮਰਪਣ ਕਰਨ ਅਤੇ ਇਸ ਦੇ ਨਾਲ ਹੀ ਸੋਹਾਣਾ ਵਿਖੇ ਧਰਮਸ਼ਾਲਾ ਦਾ ਨੀਂਹ ਪੱਥਰ ਰੱਖਣ ਮੌਕੇ ਕੀਤਾ। ਇਸ ਮੌਕੇ ਉਨ੍ਹਾਂ ਨਾਲ ਨਗਰ ਨਿਗਮ ਕਮਿਸ਼ਨਰ ਪਰਮਿੰਦਰ ਪਾਲ ਸਿੰਘ ਵੀ ਮੌਜੂਦ ਸਨ। ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਇਸ ਟੋਭੇ ਦਾ ਰਕਬਾ 2.25 ਏਕੜ ਹੈ। ਪਿਛਲੇ ਲੰਮੇ ਸਮੇਂ ਤੋਂ ਇਸ ਟੋਭੇ ਵਿੱਚ ਪਿੰਡ ਦੇ ਲੋਕਾਂ ਵੱਲੋਂ ਪਸ਼ੂਆਂ ਦਾ ਗੋਹਾ ਅਤੇ ਹੋਰ ਗੰਦਾ ਪਾਣੀ ਛੱਡਣ ਕਾਰਨ ਪਿੰਡ ਵਾਸੀਆਂ ਨੂੰ ਬਿਮਾਰੀਆਂ ਤੋਂ ਬਚਾਉਣ ਲਈ ਇਸ ਟੋਭੇ ਦਾ 1.68 ਕਰੋੜ ਰੁਪਏ ਦੀ ਲਾਗਤ ਨਾਲ ਨਵੀਨੀਕਰਨ ਕੀਤਾ ਗਿਆ ਹੈ ਅਤੇ ਟੋਭੇ ਨੂੰ ਝੀਲ ਦਾ ਰੂਪ ਦਿੱਤਾ ਗਿਆ ਹੈ। ਟੋਭੇ ਵਿੱਚ ਮੱਛੀਆਂ ਵੀ ਛੱਡੀਆ ਜਾਣਗੀਆਂ ਅਤੇ ਫੁਹਾਰਾ ਵੀ ਲਗਾਇਆ ਜਾਵੇਗਾ ਤਾਂ ਜੋ ਇਹ ਜਗ੍ਹਾਂ ਲੋਕਾਂ ਦੀ ਸੈਰਗਾਹ ਬਣ ਸਕੇ। ਉਨ੍ਹਾਂ ਕਿਹਾ ਕਿ ਸ਼ਹਿਰ ਨੂੰ ਸਾਫ ਸੁਥਰਾ ਰੱਖਣਾ ਹਰ ਸ਼ਹਿਰ ਵਾਸੀ ਦਾ ਪਹਿਲਾ ਫਰਜ਼ ਹੈ।ਉਨ੍ਹਾਂ ਕਿਹਾ ਕਿ ਸੋਹਾਣਾ ਵਿਖੇ ਦੂਸਰੇ ਟੋਭੇ ਦਾ ਵੀ ਜਲਦ ਹੀ ਨਵੀਨੀਕਰਨ ਕੀਤਾ ਜਾਵੇਗਾ। ਉਨ੍ਹਾਂ ਆਖਿਆ ਕਿ ਉਹ ਆਪਣੇ ਹਲਕੇ ਵਿੱਚ ਵਿਕਾਸ ਦੇ ਹਰ ਤਰ੍ਹਾਂ ਦੇ ਕੰਮਾਂ ਨੂੰ ਤਰਜੀਹ ਦੇ ਰਹੇ ਹਨ ਅਤੇ ਇਨ੍ਹਾਂ ਕੰਮਾਂ ਨੂੰ ਪੂਰਾ ਕਰਨ ਲਈ ਸਾਰਿਆਂ ਨੂੰ ਰਲ ਕੇ ਹੰਭਲਾ ਮਾਰਨ ਦੀ ਜ਼ਰੂਰਤ ਹੈ ਅਤੇ ਸਾਰਿਆਂ ਦੇ ਸਹਿਯੋਗ ਦੀ ਲੋੜ ਹੈ।



## ਡੈਮੋਕ੍ਰੈਟਿਕ ਟੀਚਰਜ਼ ਫਰੰਟ ਵੱਲੋਂ ਹੜ੍ਹ ਪੀੜਤ ਪਰਵਾਰਾਂ ਦੀ ਮਦਦ ਕਰਨ ਦਾ ਐਲਾਨ



ਗੁਰਾਇਆ (ਬਿੰਦਰ ਸੁਮਨ)- ਅਧਿਆਪਕ ਜਥੇਬੰਦੀ ਡੈਮੋਕਰੈਟਿਕ ਟੀਚਰਜ਼ ਫਰੰਟ ਨੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਜਾ ਕੇ ਸਰਵੇ ਕਰਨ ਉਪਰੰਤ ਪੀੜਤ ਪ੍ਰੀਵਾਰਾਂ ਦੀ ਹਰ ਸੰਭਵ ਮਦਦ ਕਰਨ ਦਾ ਫੈਸਲਾ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜੱਥੇਬੰਦੀ ਦੇ ਸੂਬਾ ਪ੍ਰਧਾਨ ਦਿੱਗਵਿਜੇ ਪਾਲ ਸ਼ਰਮਾ ਅਤੇ ਸੂਬਾ ਸਕੱਤਰ ਰੇਸ਼ਮ ਸਿੰਘ ਖੇਮੂਆਣਾ ਨੇ ਦੱਸਿਆ ਕਿ ਸੂਬਾ ਕਮੇਟੀ ਕੋਲ ਹੁਣ ਤੱਕ ਲੱਗਭਗ 30 ਲੱਖ ਰੁਪਏ ਆ ਚੁੱਕੇ ਹੈ। ਸੂਬੇ ਭਰ ਦੇ ਅਧਿਆਪਕਾਂ ਨੇ ਜੱਥੇਬੰਦੀ ਨੂੰ ਦਿਲ ਖੋਲ੍ਹ ਕੇ ਵਿੱਤੀ ਸਹਾਇਤਾ ਦਿੱਤੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਦੇਸ਼ ਦੇ ਪ੍ਰਧਾਨ ਮੰਤਰੀ ਵੱਲੋ1600 ਕਰੋੜ ਦੀ ਐਲਾਨੀ ਗਈ ਰਾਹਤ ਰਾਸ਼ੀ ਊਠ ਦੇ ਮੂੰਹ ਵਿੱਚ ਜੀਰਾ ਦੇਣ ਦੇ ਬਰਾਬਰ ਹੈ। ਜਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਸਰਵਣ ਸਿੰਘ ਔਜਲਾ, ਸੰਯੁਕਤ ਸਕੱਤਰ ਦਲਜੀਤ ਸਮਰਾਲਾ, ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਸੁਖਵਿੰਦਰਪ੍ਰੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਵਿਸ਼ਵ ਭਾਨੂੰ ਸ਼ਰਮਾ, ਜ਼ਿਲ੍ਹਾ ਸਕੱਤਰ ਅਵਤਾਰ ਲਾਲ, ਵਿੱਤ ਸਕੱਤਰ ਅੰਮ੍ਰਿਤਪਾਲ ਸਿੰਘ, ਅਮਨਦੀਪ ਸਿੰਘ ਆਦਿ ਨੇ ਦੱਸਿਆ ਕਿ ਇਕੱਠੀ ਹੋਈ ਰਾਸ਼ੀ ਨਾਲ ਹੜ੍ਹ ਪੀੜਤਾਂ ਦੇ ਮੁੜ ਵਸੇਬੇ ਲਈ, ਯਤਨ ਕੀਤੇ ਜਾਣਗੇ।